ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਭਾਦੋਂ-ਅੱਸੂ, ਸੰਮਤ ਨਾਨਕਸ਼ਾਹੀ ੫੫੨ ਸਤੰਬਰ 2020

ਜਿਲਦ ੬੪ (Vol. 64) ਅੰਕ ੬ (Issue 6)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਭਲੇ ਅਮਰਦਾਸ ਗੁਣ ਤੇਰੇ. . . | -ਡਾ. ਕੁਲਦੀਪ ਕੌਰ | ੮ |
| ਜਰਨਲ ਜੋਰਾਵਰ ਸਿੰਘ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੨ |
| ਸਿੱਖੀ ਅਤੇ ਚੜ੍ਹਦੀ ਕਲਾ | -ਡਾ. ਰੂਪ ਸਿੰਘ | ੨੭ |
| ਧਾਰਮਿਕ ਸੂਝ ਅਤੇ ਸਮਾਜਿਕ ਇਕਸੁਰਤਾ. . . | -ਡਾ. ਪਰਮਵੀਰ ਸਿੰਘ | ੩੦ |
| 'ਸ਼ਬਦ ਗੁਰੂ'. . . | -ਡਾ. ਗੁਰਤੇਜ ਸਿੰਘ ਠੀਕਰੀਵਾਲਾ | ੩੯ |
| ਪੰਜ ਖੰਡ | -ਪ੍ਰੋ. ਦਵਿੰਦਰ ਪਾਲ ਸਿੰਘ | ੪੪ |
| ਲੰਗਰ ਸੇਵਾ ਤੇ ਪਰੰਪਰਾ | -ਸ. ਦਿਲਜੀਤ ਸਿੰਘ | ੫੨ |
| ਬੀਬੀ ਸੂਰਤੀ ਜੀ | -ਸਿਮਰਜੀਤ ਸਿੰਘ | ੫੫ |
| ਰਾਮ ਕਹਨ ਮਹਿ ਭੇਦੁ ਹੈ. . . | -ਡਾ. ਚਮਕੌਰ ਸਿੰਘ | ੬੨ |
| ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ | -ਗਿਆਨੀ ਟਿੱਕਾ ਸਿੰਘ | ੬੫ |
| ਮੇਰੇ ਹਿੱਸੇ ਦਾ ਡਾਕਟਰ ਹਰਿਭਜਨ ਸਿੰਘ | -ਸ. ਜੈਤੇਗ ਸਿੰਘ ਅਨੰਤ | ੭੦ |
| ਗੁਰਦੁਆਰਾ ਸ਼ਹੀਦ ਬੁੰਗਾ, ਬਰਜ਼ਲਾ-ਬਾਗਾਤ, ਸ੍ਰੀਨਗਰ | -ਡਾ. ਜਸਬੀਰ ਸਿੰਘ ਸਰਨਾ | ੭੩ |
| ਅਕਾਲੀ ਅਖ਼ਬਾਰ : ਪਿਛੋਕੜ, ਸਥਾਪਨਾ ਅਤੇ ਉਦੇਸ਼ | -ਬੀਬੀ ਗੁਰਮੀਤ ਕੌਰ | ੭੫ |
| . . .ਸਿੱਖ ਮਾਰਸ਼ਲ ਆਰਟ 'ਗਤਕਾ' | -ਸ. ਗੁਰਪ੍ਰੀਤ ਸਿੰਘ | ੮੪ |
| . . . ਤੂੰ ਅਰਦਾਸ ਕਰਿਆ ਕਰ (ਗ਼ਜ਼ਲ) | -ਸ. ਸਤਿਨਾਮ ਸਿੰਘ ਕੋਮਲ | ੯੩ |
| ਖ਼ਬਰਨਾਮਾ | | ੯੪ |

# ਗੁਰਬਾਣੀ ਵਿਚਾਰ

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ ਅੱਸੂ ਮਹੀਨੇ ਦੀ ਬਹਾਰ ਤੇ ਵਾਤਾਵਰਨ ਦੇ ਪ੍ਰਥਾਏ ਮਨੁੱਖੀ ਆਤਮਾ ਦੀ ਪਰਮਾਤਮਾ ਨਾਲ ਮਿਲਾਪ ਦੀ ਤਾਂਘ ਤੇ ਇਸ ਆਤਮਿਕ ਮਿਲਾਪ ਦੇ ਸੁਖ ਅਨੰਦ ਦਾ ਵਰਣਨ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਅੱਸੂ ਦੇ ਮਹੀਨੇ ਵਿਚ ਜਦੋਂ ਕਿ ਭਾਦਰੋਂ ਦੇ ਗੁੰਮੇ ਤੇ ਹੁੰਮਸ ਦਾ ਅਣਚਾਹਿਆ ਅਸਰ ਖ਼ਤਮ ਹੋ ਜਾਣ ਕਾਰਨ ਪਿਆਰੇ ਪ੍ਰੀਤਮ ਪ੍ਰਤੀ ਪਿਆਰ ਦਾ ਉਛਾਲਾ ਅੰਤਰ-ਆਤਮੇ 'ਚ ਉਪਜਿਆ ਹੈ, ਮਿਲਾਪ ਦੀ ਤਾਂਘ ਉਪਜੀ ਹੈ ਕਿ ਪਿਆਰੇ ਨੂੰ ਜਿਵੇਂ-ਕਿਵੇਂ ਮਿਲਿਆ ਜਾਵੇ। ਮਨ ਅਤੇ ਸਰੀਰ ਅਰਥਾਤ ਸਮੁੱਚੇ ਇਨਸਾਨੀ ਵਜੂਦ ਵਿਚ ਪਿਆਰੇ ਦੇ ਦੀਦਾਰ ਦੀ ਤ੍ਰੇਹ ਡੂੰਘੀ ਹੋਈ ਹੈ। ਹੇ ਮੇਰੀ ਮਾਂ! ਕੋਈ ਆ ਕੇ ਮੈਨੂੰ ਮੇਰਾ ਪਿਆਰਾ ਪ੍ਰੀਤਮ ਮਿਲਾ ਦੇਵੇ! ਸੰਤ ਭਾਵ ਪ੍ਰਭੂ ਨਾਲ ਮਿਲਾਪ ਹਾਸਲ ਕਰ ਚੁੱਕੇ ਰੂਹਾਨੀ ਜੀਉੜੇ ਕੋਲ ਹੀ ਅਜਿਹੀ ਸਮਰੱਥਾ ਹੈ ਅਰਥਾਤ ਸੱਚਾ ਗੁਰੂ ਹੀ ਮੇਰੀ ਸਹਾਇਤਾ ਕਰ ਸਕਦਾ ਹੈ। ਇਸ ਵਾਸਤੇ ਮੈਂ ਇਸ ਮਹੀਨੇ ਦੀ ਮਿੱਠੀ ਬਹਾਰ ਤੇ ਰਸੀਲੇ ਵਾਤਾਵਰਨ ਦਾ ਲਾਭ ਲੈਂਦੀ ਹੋਈ ਜਾ ਕੇ ਉਸ ਦੇ ਚਰਨਾਂ ਨਾਲ ਜੁੜਦੀ ਹਾਂ! ਪਰਮਾਤਮਾ ਪਿਆਰੇ ਤੋਂ ਬਿਨਾਂ ਸੁਖ ਅਨੰਦ ਲੱਭਣ ਦੀ ਹੋਰ ਕੋਈ ਜਗ੍ਹਾ ਵੀ ਤਾਂ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਪਿਆਰੇ ਦੇ ਨਾਮ ਦਾ ਰਸ ਚੱਖ ਲਿਆ ਹੈ ਉਹ ਰੱਜ ਗਏ। ਉਹ ਆਪਾ-ਭਾਵ ਛੱਡ ਕੇ ਇਹੀ ਅਰਜ਼ ਕਰਦੇ ਹਨ ਕਿ ਹੇ ਮਾਲਕ ਜੀਓ! ਸਾਨੂੰ ਆਪਣੇ ਦਾਮਨ ਨਾਲ ਲਾ ਲਵੋ। ਜਿਹੜੀਆਂ ਜੀਵ-ਇਸਤਰੀਆਂ ਨੂੰ ਪਰਮਾਤਮਾ ਰੂਪੀ ਪਿਆਰਾ ਸੱਜਣ ਪਤੀ ਮਿਲ ਜਾਂਦਾ ਹੈ ਉਹ ਮੁੜ ਉਸ ਤੋਂ ਕਦੇ ਵੀ ਵਿਛੋੜਾ ਨਹੀਂ ਪੈਣ ਦਿੰਦੀਆਂ। ਅੰਤ ਵਿਚ ਸਤਿਗੁਰੂ ਜੀ ਸਾਡੀ ਅਧਿਆਤਮਿਕ ਅਗਵਾਈ ਕਰਦੇ ਹੋਏ ਇਹ ਸਿੱਟਾ ਬਖ਼ਸ਼ਿਸ਼ ਕਰਦੇ ਹਨ ਕਿ ਮਾਲਕ ਤੋਂ ਬਿਨਾਂ ਹੋਰ ਕੋਈ ਦੂਸਰਾ ਸਹਾਈ ਹੋਣ ਵਾਲਾ ਇਸ ਸੰਸਾਰ 'ਤੇ ਨਹੀਂ ਹੈ, ਇਸ ਤੱਥ ਨੂੰ ਜਾਣ ਕੇ ਮੈਂ ਉਸ ਮਾਲਕ ਦੀ ਸ਼ਰਨ ਵਿਚ ਹਾਂ। ਜਿਨ੍ਹਾਂ ਜੀਵ ਇਸਤਰੀਆਂ ਉੱਪਰ ਹਰੀ ਰੂਪੀ ਰਾਜੇ ਦੀ ਮਿਹਰ ਦੀ ਨਜ਼ਰ ਹੁੰਦੀ ਹੈ ਉਹ ਮਨੁੱਖਾ ਜੀਵਨ ਰੂਪੀ ਅੱਸੂ ਦੇ ਮਹੀਨੇ ਵਿਚ ਸੁਖੀ ਵੱਸਦੀਆਂ ਹਨ। ■

ਸੰਪਾਦਕੀ...

# ਗੁਰੂ-ਘਰ ਦੇ ਅਦੁੱਤੀ ਸਿੱਖ ਸੇਵਕ : ਬਾਬਾ ਬੁੱਢਾ ਜੀ

*ਗੁਰੂ ਅਤੇ ਸਿੱਖ ਦਾ ਆਪਸੀ ਸੰਬੰਧ ਬੜਾ ਡੂੰਘਾ ਹੈ। ਗੁਰੂ ਉਸ ਅਕਾਲ ਪੁਰਖ ਦੀ ਜੋਤਿ ਹੈ। ਇਹ ਜੋਤਿ ਇਨਸਾਨ ਵਿਚ ਵਿਆਪਤ ਪਰ ਸੁੱਤੀ ਅਧਿਆਤਮ ਸੰਵੇਦਨਾ ਨੂੰ ਆਪਣੀ ਦੈਵੀ ਛੋਹ ਨਾਲ ਜਗਾ ਕੇ ਇਸ ਸੰਸਾਰ ਵਿਚ ਵਿਚਰਦਿਆਂ ਉਸ ਪਰਮਾਤਮਾ ਨਾਲ ਮਿਲਾਪ ਕਰਵਾਉਂਦੀ ਹੈ। ਗੁਰੂ ਅਤੇ ਸ਼ਿਸ਼, ਮੁਰਸ਼ਦ ਅਤੇ ਮੁਰੀਦ ਆਦਿ ਜੁੱਟ-ਧਾਰਨਾਵਾਂ ਬੇਸ਼ੱਕ ਸੰਸਾਰ ਦੇ ਵਿਭਿੰਨ ਮਤਾਂ 'ਚ ਵੀ ਮਿਲਦੀਆਂ ਹਨ ਐਪਰ ਗੁਰੂ ਅਤੇ ਸਿੱਖ ਦਾ ਜੋ ਸੱਚਾ-ਸੁੱਚਾ ਤੇ ਡੂੰਘਾ ਪਰਸਪਰ ਸੰਬੰਧ ਸਿੱਖ ਧਰਮ ਵਿਚ ਹੈ ਉਹ ਆਪਣੀ ਉਦਾਹਰਨ ਆਪ ਹੈ। ਇਸ ਸੰਬੰਧ ਨੂੰ ਸਿੱਖ ਇਤਿਹਾਸ ਵਿਚ ਹੋਏ ਕੁਝ ਸਿੱਖਾਂ ਨੇ ਡੂੰਘਾ ਤੇ ਸਦੀਵੀ ਬਣਾਉਣ ਹਿਤ ਖ਼ਾਸ ਹਿੱਸਾ ਪਾਇਆ ਹੈ। ਐਸੇ ਸਿੱਖਾਂ ਵਿਚ ਬਾਬਾ ਬੁੱਢਾ ਜੀ ਦਾ ਨਾਮ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਸੁਨਹਿਰੀ ਅੱਖਰਾਂ ਨਾਲ ਅੰਕਿਤ ਹੈ। ਬਾਬਾ ਜੀ ਬਾਲਪਨ ਤੋਂ ਹੀ ਗੁਰੂ-ਘਰ ਦੀ ਸੇਵਾ ਨੂੰ ਐਸੇ ਸਮਰਪਿਤ ਹੋਏ ਕਿ ਸਾਰੀ ਉਮਰ ਹੀ ਇਸ ਸੇਵਾ ਦੇ ਲੇਖੇ ਲਾ ਗਏ। ਆਪ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ-ਦੀਦਾਰ ਕਰਦੇ ਸਾਰ ਗੁਰੂ-ਘਰ ਨਾਲ ਇਉਂ ਜੁੜੇ ਕਿ ਫਿਰ ਕਦੇ ਵੀ ਜੁਦਾ ਨਾ ਹੋਏ ਸਗੋਂ ਬਾਬਾ ਬੁੱਢਾ ਜੀ ਸਿੱਖ ਇਤਿਹਾਸ ਦੇ ਬਿਖੜੇ ਵਕਤਾਂ ਵਿਚ ਗੁਰੂ ਤੋਂ ਵਿੱਛੜੀਆਂ ਸਿੱਖ ਸੰਗਤਾਂ ਦਾ ਗੁਰੂ ਨਾਲ ਮਿਲਾਪ ਕਰਾਉਣ ਵਾਸਤੇ ਵੀ ਇਕ ਕੜੀ, ਇਕ ਪੁਲ ਵਾਲਾ ਕੰਮ ਕਰਦੇ ਰਹੇ। 'ਬੁੱਢਿਆ! ਤੈਥੋਂ ਓਹਲੇ ਨ ਹੋਸਾਂ' ਦਾ ਗੁਰ-ਫ਼ਰਮਾਨ ਸਦਾ ਵਰਤਦਾ ਰਿਹਾ। ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬਾਨ ਅਤੇ ਸਿੱਖ ਸੰਗਤਾਂ ਦੀ ਸੇਵਾ ਵਿਚ ਜੋ ਸੇਵਾਵਾਂ ਹਾਜ਼ਰ ਕੀਤੀਆਂ ਉਹ ਦੁਰਲੱਭ ਤੇ ਬੇਮਿਸਾਲ ਹਨ। ਉਨ੍ਹਾਂ ਸੇਵਾਵਾਂ 'ਚੋਂ ਕੁਝ ਕੁ ਦਾ ਸੰਕੇਤਕ ਵਿਵਰਣ ਸਾਡੇ ਸੂਝਵਾਨ ਤੇ ਅਨੁਭਵੀ ਲੇਖਕਾਂ ਨੇ ਸਿੱਖ ਇਤਿਹਾਸ ਦੇ ਅਧਿਐਨ-ਵਿਸ਼ਲੇਸ਼ਣ 'ਚੋਂ ਸਮੇਂ-ਸਮੇਂ ਪੇਸ਼ ਕਰਨ ਦਾ ਉਪਰਾਲਾ ਕਰਦੇ ਰਹਿੰਦੇ ਹਨ।*

*ਬਾਬਾ ਬੁੱਢਾ ਜੀ ਦਾ ਜੀਵਨ ਸਮੂਹ ਸਿੱਖ ਸੰਗਤਾਂ ਲਈ ਗੁਰੂ-ਘਰ ਦੀ ਨਿਸ਼ਕਾਮ ਸੇਵਾ ਨਾਲ ਜੁੜੇ ਰਹਿਣ ਵਾਸਤੇ ਇਕ ਸਦੀਵੀ ਪ੍ਰੇਰਨਾ-ਸ੍ਰੋਤ ਹੈ। ਬਾਬਾ ਜੀ ਨੇ ਇਕ ਸਰਦੇ-ਪੁਜਦੇ ਜ਼ਿਮੀਂਦਾਰ ਘਰਾਣੇ ਵਿਚ ਜਨਮ ਲੈ ਕੇ ਆਪਣੇ ਆਪ ਨੂੰ ਸਦਾ ਹੀ ਇਕ ਨਿਮਾਣਾ ਸਿੱਖ ਸੇਵਕ ਸਮਝਿਆ; ਕਦੇ ਵੀ ਜ਼ਮੀਨ, ਜਾਇਦਾਦ, ਧਨ-ਦੌਲਤ ਦਾ ਰੰਚਕ-ਮਾਤਰ ਹੰਕਾਰ ਨੇੜੇ ਨਹੀਂ ਆਉਣ ਦਿੱਤਾ। 'ਬੂੜਾ' ਨਾਮਕ ਬਾਲਕ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ-ਦੀਦਾਰੇ ਕਰਨ ਸਮੇਂ ਗੁਰੂ ਜੀ ਨਾਲ ਭੇਟ ਵਾਰਤਾ ਸਮੇਂ ਜੋ ਗੱਲਾਂ ਕਰਦਾ ਹੈ ਗੁਰੂ ਜੀ ਉਹ ਗੱਲਾਂ ਸੁਣ ਕੇ ਪ੍ਰਸੰਨ ਹੋ ਕੇ ਉਸ ਬਾਲਕ ਨੂੰ 'ਬੁੱਢਾ' ਦਾ ਮਾਣ-ਮੱਤਾ ਰੁਤਬਾ ਬਖ਼ਸ਼ ਦਿੰਦੇ ਹਨ। ਗੁਰੂ ਨਾਨਕ ਪਾਤਸ਼ਾਹ ਵੱਲੋਂ ਮਿਹਰਾਂ ਦੇ ਘਰ 'ਚ ਆ ਕੇ ਬਖ਼ਸ਼ਿਆ ਇਹ ਰੁਤਬਾ ਉਸੇ ਰੋਜ਼ ਤੋਂ ਆਪ ਨੂੰ ਹਾਸਲ ਹੈ। ਇਹ*

ਰੁਤਬਾ ਜੁਗੋ-ਜੁਗ ਅਟੱਲ ਹੈ।

ਬਾਬਾ ਜੀ ਦੀ ਇਹ ਇੱਛਾ ਸੀ ਕਿ ਸਾਰੀ ਜ਼ਿੰਦਗੀ ਇਸ ਰੂਪ ਵਿਚ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਹੋ ਸਕਦੀ ਸੀ ਕਿ ਗ੍ਰਿਹਸਥ ਧਰਮ ਨਾ ਅਪਨਾਇਆ ਜਾਵੇ ਲੇਕਿਨ ਗੁਰੂ-ਹੁਕਮ ਅਥਵਾ ਗੁਰਮਤਿ ਜੀਵਨ-ਜੁਗਤ ਦਾ ਸਤਿਕਾਰ ਕਰਦਿਆਂ ਉਸ ਨੂੰ ਸਿਰ-ਮੱਥੇ ਮੰਨਦਿਆਂ ਆਪ ਗ੍ਰਿਹਸਥ ਧਰਮ ਦੇ ਧਾਰਨੀ ਬਣੇ। ਸਮੁੱਚਾ ਪਰਵਾਰ ਹੀ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਹੋਇਆ। ਪਰਵਾਰਿਕ ਫ਼ਰਜ਼ਾਂ ਅਤੇ ਗੁਰੂ-ਘਰ ਦੀ ਸੇਵਾ ਦੇ ਆਦਰਸ਼ ਸਮਤੋਲ ਦੀ ਬਾਬਾ ਬੁੱਢਾ ਜੀ ਦੁਆਰਾ ਪ੍ਰਸਤੁਤ ਉਦਾਹਰਨ ਗੁਰੂ-ਘਰ ਦੀ ਸੇਵਾ ਨੂੰ ਨਿਭਾਉਣ ਵਾਸਤੇ ਇਕ ਚਾਨਣ-ਮੁਨਾਰਾ ਹੈ।

ਬਾਬਾ ਬੁੱਢਾ ਜੀ ਨੂੰ ਸ੍ਰੀ ਅੰਮ੍ਰਿਤ ਸਰ (ਸਰੋਵਰ), ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਦੀ ਸੇਵਾ ਹੱਥੀਂ ਕਰਨ ਅਤੇ ਸਿੱਖ ਸੰਗਤਾਂ ਤੋਂ ਕਰਵਾਉਣ ਦਾ ਮਾਣ ਹਾਸਲ ਹੈ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਵੱਡੀ ਪਰਕਰਮਾ ਵਿਖੇ ਸਥਿਤ ਬੇਰ ਬਾਬਾ ਬੁੱਢਾ ਜੀ ਪਰਮ ਪਾਵਨ ਪਵਿੱਤਰ ਕੇਂਦਰੀ ਗੁਰਧਾਮ ਦੀ ਸੇਵਾ ਦੀ ਨਿਸ਼ਾਨੀ ਵਜੋਂ ਅੱਜ ਵੀ ਮੌਜੂਦ ਹੈ। ਬਾਬਾ ਬੁੱਢਾ ਜੀ ਦੇ ਸੀਸ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਆਦਿ ਸਰੂਪ ਨੂੰ ਸੁਸ਼ੋਭਿਤ ਕੀਤਾ ਗਿਆ ਜਿਸ ਉੱਪਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਕਰ-ਕਮਲਾਂ ਨਾਲ ਚੌਰ ਕੀਤਾ। ਬਾਬਾ ਬੁੱਢਾ ਜੀ ਨੂੰ ਪਾਵਨ ਸਰੂਪ ਦਾ ਪਵਿੱਤਰ ਪਾਠ ਸੰਗਤਾਂ ਨੂੰ ਸਰਵਣ ਕਰਾਉਣ ਦੀ ਮਹਾਨ ਸੇਵਾ ਸ੍ਰੀ ਹਰਿਮੰਦਰ ਸਾਹਿਬ ਦੇ ਸਰਬ-ਪ੍ਰਥਮ ਗ੍ਰੰਥੀ ਸਾਹਿਬ ਦੇ ਰੂਪ ਵਿਚ ਹਾਸਲ ਹੋਈ।

ਬਾਬਾ ਬੁੱਢਾ ਜੀ ਐਸੇ ਸੁਭਾਗੇ ਗੁਰਸਿੱਖ ਹਨ ਜਿਨ੍ਹਾਂ ਨੂੰ ਛੇ ਗੁਰੂ ਸਾਹਿਬਾਨ ਦੇ ਆਪਣੀਆਂ ਅੱਖਾਂ ਨਾਲ ਸਾਕਾਰ ਦਰਸ਼ਨ-ਦੀਦਾਰੇ ਕਰਨ, ਨਿੱਜੀ ਸੇਵਕ ਦੇ ਰੂਪ ਵਿਚ ਅੰਗ-ਸੰਗ ਵਿਚਰਨ ਤੇ ਬਚਨ-ਬਿਲਾਸ ਸਰਵਣ ਕਰਨ ਤੇ ਗੁਰੂ-ਹੁਕਮਾਂ ਨੂੰ ਕਮਾਉਣ ਦਾ ਸੁਭਾਗ ਹਾਸਲ ਹੋਇਆ। ਬਾਬਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰਨ ਦੀ ਰਸਮ ਨੂੰ ਨਿਭਾਉਣ ਦਾ ਮਾਣ ਵੀ ਪ੍ਰਾਪਤ ਹੋਇਆ। ਗੁਰ-ਇਤਿਹਾਸ ਜਾਂ ਸਿੱਖ ਇਤਿਹਾਸ 'ਚੋਂ ਇਹ ਦੁਰਲੱਭ ਮਾਣ ਕੇਵਲ ਬਾਬਾ ਜੀ ਨੂੰ ਹੀ ਪ੍ਰਾਪਤ ਹੈ। ਬਾਬਾ ਜੀ ਨੇ ਪ੍ਰਿਥੀ ਚੰਦ ਵੱਲੋਂ ਗੁਰੂ-ਘਰ ਨੂੰ ਲਾਈ ਜਾ ਰਹੀ ਢਾਅ ਨੂੰ ਇਕ ਮਜ਼ਬੂਤ ਕਿਲ੍ਹੇ ਵਾਂਗ ਖੜ੍ਹ ਕੇ ਰੋਕਿਆ ਤੇ ਸਿੱਖ ਸੰਗਤਾਂ ਨੂੰ ਗੁਰੂ ਤੇ ਗੁਰਬਾਣੀ ਦੀ ਮੂਲ ਧਾਰਾ ਨਾਲ ਜੋੜੀ ਰੱਖਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਮੁੱਚੀ ਸਿਖਲਾਈ ਦੀ ਸੇਵਾ ਆਪ ਜੀ ਨੂੰ ਹੀ ਮਿਲੀ। ਬਾਬਾ ਬੁੱਢਾ ਜੀ ਨੇ ਅੰਤਮ ਸੁਆਸ ਗੁਰੂ-ਗੋਦ 'ਚ ਲਏ।

ਅੱਜ ਸਾਨੂੰ ਲੋੜ ਹੈ ਬਾਬਾ ਬੁੱਢਾ ਜੀ ਦੀ ਦੁਆਰਾ ਦਰਸਾਈਆਂ ਲੀਹਾਂ 'ਤੇ ਚੱਲ ਕੇ ਨਿਸ਼ਕਾਮ ਸੇਵਾ ਕਮਾਉਣ ਦਾ ਪ੍ਰਣ ਲੈਣ ਦੀ ਤਾਂ ਕਿ ਅਸੀਂ ਸਿੱਖੀ ਦੀਆਂ ਖੁਸ਼ਬੋਆਂ ਦੂਰ-ਦੂਰ ਤਕ ਖਿਲਾਰ ਸਕੀਏ। ■

# ਭਲੇ ਅਮਰਦਾਸ ਗੁਣ ਤੇਰੇ. . .

*-ਡਾ. ਕੁਲਦੀਪ ਕੌਰ**

ਸਿੱਖ ਧਰਮ ਦੇ ਤੀਜੇ ਅਤੇ ਸਭ ਤੋਂ ਵਡੇਰੀ ਉਮਰ ਦੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਸੇਵਾ, ਭਗਤੀ, ਸਹਿਣਸ਼ੀਲਤਾ ਅਤੇ ਤਿਆਗ ਦੀ ਜਿਉਂਦੀ-ਜਾਗਦੀ ਮਿਸਾਲ ਸਨ। ਆਪ ਜੀ ਦਾ ਪ੍ਰਕਾਸ਼ ੫ ਮਈ, ੧੪੭੯ ਈ. ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਪਿਤਾ ਸ੍ਰੀ ਤੇਜਭਾਨ ਦੇ ਘਰ, ਮਾਤਾ ਲੱਖਮੀ ਜੀ (ਸੁਲੱਖਣੀ ਜੀ) ਦੀ ਕੁੱਖੋਂ ਹੋਇਆ। ਆਪ ਦੇ ਮਾਤਾ-ਪਿਤਾ ਬਹੁਤ ਧਾਰਮਿਕ ਤੇ ਚੰਗੇ ਜੀਵਨ ਵਾਲੇ ਸਨ। ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਹੋਰ ਛੋਟੇ ਭਰਾ ਸਨ: ਬਾਬਾ ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ), ਖੇਮ ਰਾਏ ਅਤੇ ਮਾਨਕ ਚੰਦ।

ਇਤਿਹਾਸਿਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ੧੦ ਸਾਲ ਛੋਟੇ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ੨੫ ਸਾਲ ਵੱਡੇ ਸਨ। ਪਿਤਾ ਜੀ ਵੱਲੋਂ ਖੇਤੀ ਅਤੇ ਦੁਕਾਨਦਾਰੀ ਦਾ ਕੰਮ ਕਰਨ ਕਰਕੇ ਸ੍ਰੀ ਗੁਰੂ ਅਮਰਦਾਸ ਜੀ ਵੀ ਜਵਾਨ ਹੋਣ 'ਤੇ ਘੋੜੀ ਉੱਤੇ ਸੌਦਾ ਲੱਦ ਕੇ ਪਿੰਡਾਂ ਵਿਚ ਫੇਰੀ ਲਗਾਉਣ ਜਾਂਦੇ।

ਆਪ ਜੀ ਦੀ ਸ਼ਾਦੀ ੧੫੦੨ ਈ. ਵਿਚ ਸ੍ਰੀ ਦੇਵੀ ਚੰਦ ਦੀ ਸਪੁੱਤਰੀ ਬੀਬੀ ਮਨਸਾ ਦੇਵੀ (ਰਾਮ ਕੌਰ ਜੀ) ਨਾਲ ਹੋਈ ਅਤੇ ਆਪ ਜੀ ਦੇ ਘਰ ਦੋ ਪੁੱਤਰਾਂ: (ਮੋਹਨ ਜੀ ਤੇ ਮੋਹਰੀ ਜੀ) ਅਤੇ ਦੋ ਪੁੱਤਰੀਆਂ: (ਬੀਬੀ ਭਾਨੀ ਤੇ ਬੀਬੀ ਦਾਨੀ) ਨੇ ਜਨਮ ਲਿਆ।

ਸ੍ਰੀ (ਗੁਰੂ) ਅਮਰਦਾਸ ਜੀ ਆਪਣੇ ਪਿਤਾ ਵਾਂਗ ਪਿੰਡ ਵਿਚ ਆਏ ਸਾਧੂ-ਸੰਤਾਂ ਦੀ ਸੇਵਾ ਕਰ ਕੇ ਬੜੇ ਖ਼ੁਸ਼ ਹੁੰਦੇ ਸਨ। ਇਕ ਵਾਰ ਆਪ ਅੰਬਾਲਾ ਨੇੜੇ ਕਿਸੇ ਥਾਂ 'ਤੇ ਠਹਿਰੇ ਤਾਂ ਇੱਕ ਸਾਥੀ ਪੰਡਿਤ ਨੇ ਆਪ ਤੋਂ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਇਹ ਦੱਸਣ 'ਤੇ ਕਿ ਉਨ੍ਹਾਂ ਨੇ ਅਜੇ ਤਕ ਕੋਈ ਗੁਰੂ ਧਾਰਨ ਨਹੀਂ ਕੀਤਾ, ਪੰਡਿਤ ਨੇ ਸਾਥ ਛੱਡਦਿਆਂ ਕਿਹਾ ਕਿ 'ਨਿਗੁਰੇ' ਦੇ ਤਾਂ ਦਰਸ਼ਨ ਵੀ ਮਾੜੇ ਹਨ।

ਉਸੇ ਦਿਨ ਤੋਂ ਆਪ ਜੀ ਦੇ ਮਨ ਵਿਚ 'ਗੁਰੂ' ਦੀ ਖਿੱਚ ਪੈਦਾ ਹੋ ਗਈ। ਇੱਕ ਦਿਨ ਸਵੇਰ ਵੇਲੇ ਨਾਲ ਦੇ ਘਰੋਂ ਆਪ ਨੇ ਇਹ ਬਾਣੀ ਸੁਣੀ:

*ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥*
*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੯੦)*

**ਨੇੜੇ ਗਿੱਲਾਂ ਵਾਲਾ ਖੂਹ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ- ੧੫੧੩੦੨ ਮੋ. +੯੧੯੪੬੪੩-੬੦੦੫੧*

ਇਹ ਬਾਣੀ ਬੀਬੀ ਅਮਰੋ ਜੀ ਉਚਾਰ ਰਹੇ ਸੀ, ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ ਅਤੇ ਸ੍ਰੀ (ਗੁਰੂ) ਅਮਰਦਾਸ ਜੀ ਦੇ ਛੋਟੇ ਭਰਾ ਦੀ ਨੂੰਹ ਸੀ। ਇਸ ਸ਼ਬਦ ਦਾ ਆਪ ਜੀ ਦੇ ਮਨ 'ਤੇ ਬਹੁਤ ਪ੍ਰਭਾਵ ਪਿਆ ਤਾਂ ਆਪ ਜੀ ਨੇ ਬੀਬੀ ਅਮਰੋ ਜੀ ਨੂੰ ਪੁੱਛਿਆ, "ਧੀਏ! ਤੂੰ ਇਹ ਕੀਹਦੀ ਬਾਣੀ ਪੜ੍ਹਦੀ ਹੈਂ?" ਤਾਂ ਬੀਬੀ ਨੇ ਜਵਾਬ ਦਿੱਤਾ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੱਦੀ 'ਤੇ ਅੱਜਕਲ੍ਹ ਮੇਰੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ। ਇਹ ਸੁਣ ਕੇ ਸ੍ਰੀ (ਗੁਰੂ) ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਨੂੰ ਗੁਰੂ ਧਾਰਨ ਕਰਨ ਦਾ ਫੈਸਲਾ ਕਰ ਲਿਆ ਅਤੇ ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ-ਦਰਬਾਰ ਵਿਚ ਸ੍ਰੀ ਖਡੂਰ ਸਾਹਿਬ ਪਹੁੰਚੇ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਕੁੜਮਾਂ ਵਰਗਾ ਸਤਿਕਾਰ ਦਿੱਤਾ ਪਰ ਆਪ ਨੇ ਗੁਰੂ ਜੀ ਨੂੰ ਮੱਥਾ ਟੇਕਦਿਆਂ ਕਿਹਾ ਕਿ ਮੈਂ ਇੱਥੇ ਕੁੜਮ ਬਣ ਕੇ ਨਹੀਂ, ਸਗੋਂ ਸੇਵਕ ਬਣ ਕੇ ਆਇਆ ਹਾਂ ਤੇ ਮੈਨੂੰ ਆਪਣੇ ਚਰਨਾਂ ਵਿਚ ਥਾਂ ਦਿਓ। ਇਸ ਤਰ੍ਹਾਂ ਆਪ ਨੇ ੧੨ ਸਾਲ ਖਡੂਰ ਸਾਹਿਬ ਵਿਖੇ ਰਹਿ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਨਿਸ਼ਕਾਮ ਸੇਵਾ ਕੀਤੀ। ਉਹ ਅੰਮ੍ਰਿਤ ਵੇਲੇ ਉਠ ਕੇ ਢਾਈ-ਤਿੰਨ ਕੋਹ ਦੂਰ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਤੇ ਗੁਰੂ ਜੀ ਨੂੰ ਇਸ਼ਨਾਨ ਕਰਾਉਂਦੇ। ਫਿਰ ਸਾਰਾ ਦਿਨ ਲੰਗਰ ਵਿਚ ਸੇਵਾ ਕਰਦੇ, ਸੰਗਤ ਨੂੰ ਜਲ ਵਰਤਾਉਂਦੇ ਤੇ ਹਰ ਵੇਲੇ ਬਾਣੀ ਦਾ ਜਾਪ ਕਰਦੇ ਰਹਿੰਦੇ।

ਇੱਕ ਦਿਨ ਆਪ ਰੋਜ਼ ਵਾਂਗ ਬਿਆਸ ਤੋਂ ਪਾਣੀ ਦੀ ਗਾਗਰ ਲੈ ਕੇ ਆ ਰਹੇ ਸਨ ਤਾਂ ਮੀਂਹ ਹਨੇਰੀ ਵਾਲੀ ਠੰਡੀ ਰਾਤ ਹੋਣ ਕਰਕੇ ਰਾਹ ਵਿਚ ਚਿੱਕੜ ਤੇ ਤਿਲਕਣ ਸੀ। ਰਸਤੇ ਵਿਚ ਇਕ ਜੁਲਾਹੇ ਦੀ ਖੱਡੀ ਦੇ ਕਿੱਲੇ ਨਾਲ ਠੋਕਰ ਲੱਗਣ ਕਰਕੇ ਆਪ ਖੱਡੀ ਦੇ ਟੋਏ ਵਿਚ ਡਿੱਗ ਪਏ ਪਰ ਆਪ ਜੀ ਨੇ ਪਾਣੀ ਦੀ ਗਾਗਰ ਨਾ ਡਿੱਗਣ ਦਿੱਤੀ। ਜੁਲਾਹੇ ਨੇ ਤ੍ਰਭਕ ਕੇ ਆਪਣੀ ਪਤਨੀ ਨੂੰ ਪੁੱਛਿਆ, "ਐਸ ਵੇਲੇ ਕੌਣ ਹੋਵੇਗਾ?" ਜੁਲਾਹੀ ਬੋਲੀ, "ਹੋਵੇਗਾ ਅਮਰੂ ਨਿਥਾਵਾਂ, ਜੀਹਨੂੰ ਨਾ ਦਿਨੇ ਅਰਾਮ ਨਾ ਰਾਤੀਂ ਚੈਨ। ਪੇਟ ਦੀ ਖਾਤਰ ਗੁਰੂ ਦਾ ਪਾਣੀ ਢੋਂਦਾ ਫਿਰਦਾ ਹੈ।". . . ਇਹ ਸੁਣ ਕੇ ਸ੍ਰੀ (ਗੁਰੂ) ਅਮਰਦਾਸ ਜੀ ਨੇ ਜੁਲਾਹੀ ਨੂੰ ਕਿਹਾ, "ਕਮਲੀਏ! ਮੈਂ ਹੁਣ ਨਿਥਾਵਾ ਨਹੀਂ ਰਿਹਾ, ਮੈਨੂੰ ਤਾਂ ਦੀਨ-ਦੁਨੀਆ ਦੇ ਮਾਲਕ ਦੇ ਚਰਨਾਂ ਵਿਚ ਆਸਰਾ ਮਿਲਿਆ ਹੈ।"

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਤਰੁੱਠ ਕੇ ਸ੍ਰੀ (ਗੁਰੂ) ਅਮਰਦਾਸ ਜੀ 'ਤੇ ਨਿਹਾਲ ਹੁੰਦਿਆਂ ਫੁਰਮਾਇਆ, "ਤੁਸੀਂ ਨਿਮਾਣਿਆਂ ਦੇ ਮਾਣ, ਨਿਓਟਿਆਂ ਦੀ ਓਟ ਤੇ ਨਿਥਾਵਿਆਂ ਦੇ ਥਾਂਵ ਹੋ।"... ਪਿੱਛੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਭਰੀ ਸੰਗਤ ਵਿਚ ੨੯ ਮਾਰਚ, ੧੫੫੨ ਈ. ਨੂੰ ਸ੍ਰੀ (ਗੁਰੂ) ਅਮਰਦਾਸ ਜੀ ਨੂੰ

ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦੀ ਰਸਮ ਪੂਰੀ ਕਰਵਾਈ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ੪੬ਵੀਂ ਪਉੜੀ ਵਿਚ ਫੁਰਮਾਇਆ ਹੈ:

*ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤ ਇਲਾਹੀ।*
*ਫੇਰਿ ਵਸਾਇਆ ਗੋਇੰਦਵਾਲ ਅਚਰਜ ਖੇਲ ਨ ਲਖਿਆ ਜਾਈ।*
*ਦਾਤਿ ਜੋਤਿ ਖਸਮੈ ਵਡਿਆਈ।*

ਸ੍ਰੀ ਗੁਰੂ ਅੰਗਦ ਦੇਵ ਜੀ ਵੱਡੇ ਸਪੁੱਤਰ ਦਾਤੂ ਜੀ ਨੇ ਇਸ ਗੱਲ ਦਾ ਗੁੱਸਾ ਕੀਤਾ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸ੍ਰੀ ਗੋਇੰਦਵਾਲ ਸਾਹਿਬ ਜਾ ਕੇ ਰਹਿਣ ਲਈ ਕਿਹਾ। ਇਸ ਨਗਰ ਦੀ ਉਸਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੀ ਸ਼ੁਰੂ ਕਰਵਾਈ ਸੀ, ਬਾਅਦ ਵਿਚ ੧੫੪੬ ਈ. ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਨੂੰ ਮੁਕੰਮਲ ਕਰਵਾਇਆ।

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਵੀ ਕੁਝ ਦੋਖੀਆਂ ਵੱਲੋਂ ਗੁਰੂ ਜੀ ਨੂੰ ਪਰੇਸ਼ਾਨ ਕੀਤਾ ਜਾਣ ਲੱਗਾ ਤਾਂ ਉਨ੍ਹਾਂ ਨੇ ਬਾਸਰਕੇ ਵਿਖੇ ਇਕ ਭੋਰੇ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਸੰਗਤ ਨੂੰ ਹੁਕਮ ਦਿੱਤਾ ਕਿ ਕੋਈ ਵੀ ਦਰਵਾਜ਼ਾ ਨਾ ਖੋਲੇ। ਸੰਗਤ ਦੇ ਜ਼ੋਰ ਦੇਣ 'ਤੇ ਬਾਬਾ ਬੁੱਢਾ ਜੀ ਨੇ ਕੰਧ ਵਿਚ ਪਾੜ (ਸੰਨ੍ਹ) ਲਾ ਕੇ ਗੁਰੂ ਜੀ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ। ਇਹ ਸਥਾਨ ਹੁਣ ਗੁਰਦੁਆਰਾ ਸੰਨ੍ਹ ਸਾਹਿਬ ਵਜੋਂ ਜਾਣਿਆ ਜਾਂਦਾ ਹੈ। ੧੫੫੯ ਈ. ਵਿਚ ਆਪ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀ ਖੁਦਾਈ ਕਰਵਾਈ, ਜਿਸ ਦੀਆਂ ੮੪ ਪੌੜੀਆਂ ਹਨ।

੧੫੬੭ ਈ. ਵਿਚ ਆਪ ਨੇ ਭਾਈ ਪਾਰੋ ਜੀ ਦੀ ਬੇਨਤੀ 'ਤੇ ਗੋਇੰਦਵਾਲ ਸਾਹਿਬ ਵਿਖੇ ਸਭ ਤੋਂ ਪਹਿਲਾਂ ਵੈਸਾਖੀ ਦਾ ਮੇਲਾ ਸ਼ੁਰੂ ਕਰਵਾਇਆ, ਜੋ ਹੌਲੀ-ਹੌਲੀ ਸਿੱਖ ਪੰਥ ਦਾ ਕੌਮੀ ਤਿਉਹਾਰ ਬਣ ਗਿਆ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਆਪ ਨੇ ੨੨ ਮੰਜੀਆਂ ਦੀ ਸਥਾਪਨਾ ਕੀਤੀ, ਜਿਸ ਵਿਚ ਬੀਬੀਆਂ ਨੂੰ ਵੀ ਜ਼ਿੰਮੇਵਾਰੀ ਸੌਂਪੀ ਗਈ। ਸਿੱਖ ਧਰਮ ਵਿੱਚੋਂ ਜਾਤ-ਪਾਤ ਤੇ ਉਚ-ਨੀਚ ਦੇ ਖਾਤਮੇ ਲਈ ਆਪ ਨੇ 'ਪਹਿਲੇ ਪੰਗਤ, ਪਾਛੈ ਸੰਗਤ' ਦੀ ਮਰਯਾਦਾ ਸ਼ੁਰੂ ਕੀਤੀ, ਜਿੱਥੇ ਆ ਕੇ ਬਾਦਸ਼ਾਹ ਅਕਬਰ ਨੇ ਗੁਰੂ ਜੀ ਦੇ ਦਰਸ਼ਨ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ।

ਗੁਰੂ ਜੀ ਨੇ ਉਸ ਸਮੇਂ ਦੀ ਵੱਡੀ ਸਮਾਜਿਕ ਕੁਰੀਤੀ 'ਸਤੀ ਪ੍ਰਥਾ' ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਸਮਝਾਇਆ ਕਿ ਅਸਲ ਸਤੀਆਂ ਉਹ ਹਨ, ਜੋ ਪ੍ਰਭੂ-ਪਤੀ ਦੀ ਯਾਦ ਵਿਚ ਬਿਰਹਾ ਦੀ ਜ਼ਿੰਦਗੀ ਬਿਤਾਉਂਦੀਆਂ ਹਨ :

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥. . .*
*ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥*

*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੭)*

ਸਮਾਜ-ਸੁਧਾਰ ਦੇ ਯਤਨਾਂ ਵਜੋਂ ਆਪ ਨੇ ਬੀਬੀ ਦਾਨੀ ਜੀ ਦਾ ਵਿਆਹ ਸਧਾਰਨ ਸਿੱਖ ਭਾਈ ਰਾਮੇ ਨਾਲ ਕੀਤਾ ਅਤੇ ਬੀਬੀ ਭਾਨੀ ਦਾ ਵਿਆਹ ਘੁੰਗਣੀਆਂ ਵੇਚਣ ਵਾਲੇ ਭਾਈ ਜੇਠਾ ਜੀ ਨਾਲ ਕੀਤਾ। ਇਸ ਤਰ੍ਹਾਂ ਹਰੀਪੁਰ ਦੀ ਰਾਣੀ ਨੂੰ ਸੰਗਤ ਵਿਚ ਘੁੰਡ ਜਾਂ ਪਰਦਾ ਕਰਨ ਤੋਂ ਵਰਜਦਿਆਂ ਸਮਝਾਇਆ ਕਿ ਘੁੰਡ ਕੱਢਣਾ ਗ਼ੁਲਾਮੀ ਦਾ ਚਿੰਨ੍ਹ ਹੈ।

ਆਖਰ ਆਪਣੇ ਜਵਾਈ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਾ ਢੁਕਵਾਂ ਵਾਰਸ ਜਾਣ ਕੇ ਆਪ ੧ ਸਤੰਬਰ, ੧੫੭੪ ਈ. ਨੂੰ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾ ਗਏ ਅਤੇ ਸੰਗਤ ਨੂੰ ਰੋਣ-ਪਿੱਟਣ ਦੀ ਥਾਂ ਕੀਰਤਨ ਕਰਨ ਦਾ ਉਪਦੇਸ਼ ਦੇ ਕੇ ਗਏ। ਆਪ ਜੀ ਦੇ ਬਚਨਾਂ ਨੂੰ ਬਾਬਾ ਸੁੰਦਰ ਜੀ ਨੇ 'ਸਦੁ' ਬਾਣੀ ਵਿਚ ਦਰਜ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧੭ ਰਾਗਾਂ ਦੇ ਅੰਤਰਗਤ ਆਪ ਜੀ ਦੇ ੧੦੭ ਸ਼ਬਦ ਦਰਜ ਹਨ, ਜਿਨ੍ਹਾਂ ਵਿਚ 'ਅਨੰਦੁ' ਬਾਣੀ ਵੀ ਹੈ। ਜਿੱਥੇ ਭਾਈ ਸਤਾ ਤੇ ਭਾਈ ਬਲਵੰਡ ਜੀ ਨੇ ਰਾਮਕਲੀ ਕੀ ਵਾਰ ਅੰਦਰ ਆਪ ਨੂੰ ਦ੍ਰਿੜ੍ਹ ਇਰਾਦੇ ਵਾਲੇ (ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ) ਕਹਿ ਕੇ ਵਡਿਆਇਆ, ਉੱਥੇ ਭੱਟ ਭਲ ਜੀ ਨੇ ਸਵਈਏ ਮਹਲੇ ਤੀਜੇ ਕੇ ਵਿਚ ਆਪ ਜੀ ਦੀ ਉਸਤਤਿ ਕਰਦਿਆਂ ਫੁਰਮਾਇਆ ਹੈ :

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥*
*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੁੋ ਗਾਵੈ ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

■

# ਕਿਰਤ ਕਰੋ, ਨਾਮ ਜਪੋ, ਵੰਡ ਛਕੋ

# ਜਰਨਲ ਜੋਰਾਵਰ ਸਿੰਘ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸੰਸਾਰ ਇਸ ਤੱਥ ਨੂੰ ਹਮੇਸ਼ਾ ਹੀ ਮੰਨਦਾ ਆਇਆ ਹੈ ਕਿ ਪੰਜਾਬ ਦੀ ਧਰਤੀ ਸਰਬਪੱਖੀ ਜਰਖੇਜ਼ ਹੈ। ਜਿਸ ਦੀ ਕੁੱਖ ਵਿੱਚੋਂ ਅਨਾਜ ਦੇ ਭੰਡਾਰ ਹੀ ਪੈਦਾ ਨਹੀਂ ਹੋਏ, ਸਗੋਂ ਪੰਜਾਬ ਦੀ ਧਰਤੀ ਨੇ ਨਾਮਵਰ ਦਾਨਿਸ਼ਵਰਾਂ, ਸ਼ਾਇਰਾਂ, ਕਵੀਆਂ, ਕਲਾਕਾਰਾਂ, ਸਾਹਿਤਕਾਰਾਂ, ਖੋਜੀਆਂ, ਸਿਖਰਲੇ ਦਰਜੇ ਦੇ ਮਿਹਨਤੀ, ਪਰਉਪਕਾਰੀ, ਸੰਤਾਂ-ਸਿਪਾਹੀਆਂ-ਸੂਰਬੀਰਾਂ *ਅਪਨਾ ਬਿਗਾਰਿ ਬਿਰਾਂਨਾ ਸਾਂਢੈ* ਦੇ ਤਿਆਗ ਅਤੇ ਕੁਰਬਾਨੀ ਵਾਲੀ ਮਨੁੱਖਤਾਵਾਦੀ ਭਾਵਨਾ ਅਤੇ ਮੌਤ ਨੂੰ ਘੂਰ-ਘੂਰ ਕੇ ਮਖੌਲਾਂ ਕਰਨ ਵਾਲੇ ਅਰਥਾਤ ਹਰ ਖੇਤਰ ਵਿਚ ਲਾਸਾਨੀ, ਬੇਜੋੜ ਕ੍ਰਾਂਤੀਕਾਰੀ ਮਰਜੀਵੜੇ ਪੈਦਾ ਕੀਤੇ। ਅਨੇਕ ਕਾਰਨਾਂ ਕਰਕੇ ਭਾਰਤ ਦੇ ਨਾਲ-ਨਾਲ ਪੰਜਾਬ ਨੂੰ ਵੀ ਅਣਗਿਣਤ ਜਰਵਾਣਿਆਂ ਅਤੇ ਧਾੜਵੀਆਂ ਨੇ ਲਤਾੜਿਆ ਅਤੇ ਤਬਾਹ ਕੀਤਾ, ਪਰੰਤੂ ਪੰਜਾਬੀਆਂ ਨੇ ਬੱਬਰ ਸ਼ੇਰਾਂ ਵਾਂਗ ਹਰ ਸੰਕਟ, ਔਕੜ ਅਤੇ ਚੁਣੌਤੀ ਦਾ ਛਾਤੀਆਂ ਡਾਹ ਕੇ *"ਸ਼ੇਰ ਸਿਧਾਅ ਤੈਰਤਾ ਹੈ ਵਕਤੇ ਰਫ਼ਤਨ ਆਬ ਮੇਂ"* ਦੀ ਅਟੱਲ ਸੱਚਾਈ ਅਨੁਸਾਰ ਮੁਕਾਬਲਾ ਹੀ ਨਹੀਂ ਕੀਤਾ ਸਗੋਂ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਅਤੇ ਉਨ੍ਹਾਂ ਨੂੰ ਵਾਰ ਵਾਰ ਧੂਲ ਚਟਾਈ। ਸਤਿਗੁਰਾਂ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜਿਸ ਸੰਪੂਰਨ ਕ੍ਰਾਂਤੀ ਦੀ ਮੁਕੰਮਲ ਵਿਚਾਰਧਾਰਾ (ਫ਼ਿਲਾਸਫ਼ੀ) ਦੀ ਬਖ਼ਸ਼ਿਸ਼ ਕੀਤੀ। ਉਸੇ ਵਿਚਾਰਧਾਰਾ ਅਨੁਸਾਰ ਆਪਣਾ ਸੰਸਾਰੀ ਜੀਵਨ ਅਮਲੀ ਰੂਪ ਵਿਚ ਬਸਰ ਕਰ ਕੇ ਲੋਕਾਂ ਸਾਹਮਣੇ ਇਕ ਮਿਸਾਲ ਪੈਦਾ ਕੀਤੀ। ਇਸੇ ਵਿਚਾਰਧਾਰਾ ਅਤੇ ਸਿਧਾਂਤ ਉੱਤੇ ਚੱਲਦਿਆਂ ਸਤਿਗੁਰਾਂ ਵੱਲੋਂ ਸਿਰਜੇ, ਸਵਾਰੇ ਅਤੇ ਪ੍ਰਗਟ ਕੀਤੇ ਖ਼ਾਲਸਾ ਪੰਥ ਨੇ ਇਸ ਧਰਤੀ ਉੱਤੇ ਅਦਭੁੱਤ ਕ੍ਰਾਂਤੀਕਾਰੀ ਕੰਮ ਕਰ ਦੇਣ ਵਾਲੇ ਕਾਰਨਾਮੇ ਕਰ ਕੇ ਉਸ ਜਾਂਬਾਜ਼ *ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ* ਵਾਲੇ ਖ਼ਾਲਸੇ ਨੇ ਇਕ ਐਸਾ ਇਤਿਹਾਸ ਸਿਰਜ ਦਿੱਤਾ ਜਿਸ ਉੱਤੇ ਸਾਨੂੰ ਤਾਂ ਮਾਣ ਹੈ ਹੀ ਹੈ ਸਗੋਂ ਦੁਨੀਆ ਲਈ ਹਮੇਸ਼ਾ ਲਈ ਇਕ ਚਾਨਣ-ਮੁਨਾਰਾ (LIGHT HOUSE) ਵੀ ਬਣਿਆ ਰਹੇਗਾ।

ਇਸ ਲੇਖ ਵਿਚ ਖਾਲਸਾ ਰਾਜ ਦੇ ਮਹਾਨ ਸੂਰਮੇ ਜਰਨਲ ਜੋਰਾਵਰ ਸਿੰਘ ਬਾਰੇ ਵਿਚਾਰ ਕਰ ਰਹੇ ਹਾਂ। ਭਾਵੇਂ ਕੁਝ ਲੇਖਕਾਂ ਵੱਲੋਂ ਜਾਣਕਾਰੀ ਦੀ ਘਾਟ ਕਾਰਨ ਜਾਂ ਕੁਝ ਰਾਜਨੀਤਕ ਕਾਰਨਾਂ ਜਾਂ ਫਿਰਕੂ ਭਾਵਨਾਵਾਂ ਕਰਕੇ ਜਾਂ ਫਿਰ ਖਾਲਸਾ ਪੰਥ ਤੋਂ ਚਿੜ (ਈਰਖਾ) ਕਰਨ ਵਾਲੇ ਲੋਕਾਂ ਵੱਲੋਂ ਜਰਨੈਲ ਜੋਰਾਵਰ ਸਿੰਘ ਬਾਰੇ ਅਨੇਕਾਂ ਹੀ ਭਰਮ-

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦*

ਭੁਲੇਖੇ ਖੜੇ ਕੀਤੇ ਗਏ ਹਨ। ਇਤਿਹਾਸ ਨਾਲ ਛੇੜ-ਛਾੜ ਕਰਨ ਅਤੇ ਤੱਥਾਂ ਨੂੰ ਆਪਣੇ ਨਿੱਜੀ ਰਾਜਨੀਤਕ ਅਤੇ ਧਾਰਮਿਕ ਈਰਖਾ ਫਿਰਕੂ ਸੋਚ ਕਾਰਨ ਤੋੜ-ਮਰੋੜ ਕੇ ਪੇਸ਼ ਕਰਨ ਦਾ ਨਿਖੇਧੀਜਨਕ ਕਾਰਜ ਅੱਜ ਵੀ ਕੀਤਾ ਜਾ ਰਿਹਾ ਹੈ, ਪਰੰਤੂ ਬ੍ਰਿਗੇਡੀਅਰ ਗੁਰਬਚਨ ਸਿੰਘ (ਬੱਲ), ਜਿਨ੍ਹਾਂ ਨੂੰ ਫੌਜੀ ਸੇਵਾ-ਕਾਲ ਦੌਰਾਨ ਲੇਹ-ਲੱਦਾਖ ਦੇ ਇਲਾਕੇ ਵਿਚ ਕਾਰਜਸ਼ੀਲ ਰਹਿਣ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਜਰਨੈਲ ਜੋਰਾਵਰ ਸਿੰਘ ਬਾਰੇ ਡੂੰਘੀ ਖੋਜ ਕਰ ਕੇ 'ਜਰਨੈਲ ਜੋਰਾਵਰ ਸਿੰਘ' ਦੇ ਸਿਰਲੇਖ ਹੇਠ ਪੰਜਾਬੀ ਭਾਸ਼ਾ ਵਿਚ ਕਿਤਾਬ ਲਿਖ ਕੇ ਪਾਠਕਾਂ ਦੀ ਝੋਲੀ ਪਾਈ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਪਾਸ ਮੌਜੂਦ ਹੈ ਅਤੇ ਜਨਵਰੀ ੨੦੧੮ ਵਿਚ ਸ. ਇੰਦਰਜੀਤ ਸਿੰਘ ਵੱਲੋਂ ਆਪਣਾ ਖੋਜ-ਪੱਤਰ ਛਾਪਿਆ ਗਿਆ। ਪੰਜਾਬੀ ਯੂਨੀਵਰਸਿਟੀ ਦੇ ਵਿਸ਼ਵ ਕੋਸ਼ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਡਾ. ਪਰਮਵੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੁਧ ਖੋਜੀ ਅਧਿਕਾਰੀ ਸ. ਸਿਮਰਜੀਤ ਸਿੰਘ ਕੰਗ ਵੱਲੋਂ ਮੌਕੇ ਉੱਤੇ ਪਹੁੰਚ ਕੇ ਕੀਤੀ ਖੋਜ ਨਾਲ ਸ਼ਰਾਰਤੀ ਲੋਕਾਂ ਵੱਲੋਂ ਖੜੇ ਕੀਤੇ ਗਏ ਸਾਰੇ ਭਰਮ-ਭੁਲੇਖੇ ਦੂਰ ਕਰ ਕੇ ਸੱਚ ਲੋਕਾਂ ਦੇ ਸਾਹਮਣੇ ਪੇਸ਼ ਕਰ ਦਿੱਤਾ ਹੈ। ਇਸ ਲੇਖ ਦਾ ਆਧਾਰ ਉਕਤ ਕੀਤੀ ਖੋਜ ਹੀ ਹੈ। ਇਨ੍ਹਾਂ ਸਾਰਿਆਂ ਨੇ ਇਹ ਤੱਥ ਉਘਾੜ ਕੇ ਪੇਸ਼ ਕੀਤਾ ਹੈ ਕਿ ਜਰਨੈਲ ਜੋਰਾਵਰ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਇਕ ਲਾਸਾਨੀ, ਅਤਿ ਦੇ ਹੌਂਸਲੇ, ਦਿਲਾਵਰੀ ਅਤੇ ਸੂਰਬੀਰਤਾ ਭਰਪੂਰ ਜਰਨੈਲ ਸੀ ਅਤੇ ਉਸ ਦੀ ਸਾਰੀ ਫੌਜ (ਖ਼ਾਲਸਾ ਫੌਜ) ਵਿਚ ਸਾਰੇ ਹੀ ਅਫ਼ਸਰ ਅਤੇ ਜਵਾਨ ਸਿੱਖ ਹੀ ਸਨ। ਉਨ੍ਹਾਂ ਦੇ ਬੰਸ ਬਾਰੇ ਖੜੇ ਕੀਤੇ ਗਏ ਭੁਲੇਖਿਆਂ ਨੂੰ ਸਮਾਪਤ ਕਰਦਿਆਂ ਉਨ੍ਹਾਂ ਨੇ ਪ੍ਰਸਿਧ ਇਤਿਹਾਸਕਾਰ ਸ੍ਰੀ ਨਰ ਸਿੰਘ ਦਾਸ ਅਤੇ ਬ੍ਰਿਗੇਡੀਅਰ ਸਰਦਾਰ ਬੱਲ ਵੱਲੋਂ ਜਰਨੈਲ ਸਾਹਿਬ ਦੇ ਪੜਪੋਤਰੇ (GREAT GRAND SON OF JARNAIL ZORAWAR SINGH) ਅਤੇ ਜੰਮੂ ਦੇ ਉਸ ਸਮੇਂ ਦੀ ਤਹਿਸੀਲ ਰਿਆਸੀ ਦੇ ਤਹਿਸੀਲਦਾਰ, ਜਿਨ੍ਹਾਂ ਦੇ ਖੇਤਰ ਵਿਚ ਜਰਨੈਲ ਜੋਰਾਵਰ ਸਿੰਘ ਦਾ ਪਿੰਡ ਅਨਸ਼ੋਰਾ (ANSORA) ਪੈਂਦਾ ਹੈ, ਪਾਸੋਂ ਪੂਰੀ ਅਤੇ ਸਹੀ ਜਾਣਕਾਰੀ ਪ੍ਰਾਪਤ ਕੀਤੀ। ਜਾਣਕਾਰੀ ਅਨੁਸਾਰ ਜਰਨੈਲ ਜੋਰਾਵਰ ਸਿੰਘ ਰਾਜਪੂਤ ਬਰਾਦਰੀ ਨਾਲ ਸੰਬੰਧਿਤ ਸਨ ਅਤੇ ਉਨ੍ਹਾਂ ਦੇ ਪੜਪੋਤਰੇ ਅਨੁਸਾਰ, "MY ANCESTORS WERE SIKH AND WE ARE SIKH, WE ARE RAJPUT." (ਉਹ ਰਾਜਪੂਤ ਭਾਈਚਾਰੇ ਨਾਲ ਸੰਬੰਧਿਤ ਹਨ ਅਤੇ ਉਨ੍ਹਾਂ ਦੇ ਵਡੇਰੇ ਸਿੱਖ ਸਨ ਅਤੇ ਅਸੀਂ ਸਿੱਖ ਹਾਂ)।

ਉਕਤ ਖੋਜਾਰਥੀ ਬ੍ਰਿਗੇਡੀਅਰ ਗੁਰਬਚਨ ਸਿੰਘ (ਬੱਲ) ਅਨੁਸਾਰ ਜਰਨੈਲ ਜੋਰਾਵਰ ਸਿੰਘ ਦਾ ਜਨਮ ੧੫ ਅਪ੍ਰੈਲ, ੧੭੮੬ ਈ. ਨੂੰ ਠਾਕੁਰ ਹਰਜੀਤ ਸਿੰਘ ਦੇ ਗ੍ਰਿਹ ਪਿੰਡ ਅਨਸੋਰਾ, ਤਹਿਸੀਲ ਰਿਆਸੀ-ਜੰਮੂ ਵਿਖੇ ਹੋਇਆ। ਉਹ ਤਿੰਨ ਭਰਾਵਾਂ: ਸਰਦਾਰ ਸਰਦਾਰਾ ਸਿੰਘ, ਜੋਰਾਵਰ ਸਿੰਘ ਅਤੇ ਸਰਦਾਰ ਦਲੀਪ ਸਿੰਘ ਵਿੱਚੋਂ

ਵਿਚਕਾਰਲਾ ਸੀ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਵਜਾਰਤ ਅਤੇ ਫੌਜ ਵਿਚ ਵਜੀਰ ਅਤੇ ਜਰਨੈਲ ਤਥਾ ਵੱਡੇ ਅਫ਼ਸਰ ਸਿੱਖ, ਹਿੰਦੂ, ਮੁਸਲਮਾਨ ਅਤੇ ਯੂਰਪੀਅਨ ਈਸਾਈ ਸਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਸਲ ਧਰਮ-ਨਿਰਪੱਖ ਰਾਜ ਸੀ। ਅਜੋਕੇ ਸਮੇਂ ਵੀ ਭਾਰਤ ਨੂੰ ਧਰਮ-ਨਿਰਪੱਖ (SECULAR STATE) ਕਿਹਾ ਜਾਂਦਾ ਹੈ ਪਰੰਤੂ ਧਰਾਤਲ ਉੱਤੇ ਹਾਲਾਤ ਇਸ ਤੋਂ ਬਿਲਕੁਲ ਉਲਟ ਹਨ। ਸਮਾਜ ਅਤੇ ਰਾਜ-ਪ੍ਰਬੰਧ ਵਿਚ ਜਾਤ-ਪਾਤ, ਧਰਮ, ਇਲਾਕਾਵਾਦ ਦੀਆਂ ਭਾਵਨਾਵਾਂ ਦਾ ਜ਼ਿਆਦਾ ਬੋਲਬਾਲਾ ਹੈ ਅਤੇ ਬਹੁਤੇ ਫੈਸਲੇ ਗੁਣ-ਦੋਸ਼ ਦੇ ਆਧਾਰ ਉੱਤੇ ਨਹੀਂ, ਸਗੋਂ ਇਨ੍ਹਾਂ ਧਾਰਨਾਵਾਂ ਅਨੁਸਾਰ ਹੀ ਕੀਤੇ ਜਾਂਦੇ ਹਨ।

ਵੱਡਾ ਹੋ ਕੇ ਜੋਰਾਵਰ ਸਿੰਘ ਜੰਮੂ ਦੇ ਰਾਜੇ ਗੁਲਾਬ ਸਿੰਘ ਡੋਗਰਾ ਦੀ ਫੌਜ ਵਿਚ ਭਰਤੀ ਹੋ ਗਿਆ। ਉਹ ਉੱਚਾ-ਲੰਮਾ, ਸੁਡੋਲ, ਮਜਬੂਤ ਜੁੱਸੇ ਵਾਲਾ, ਸ਼ੇਰ ਵਰਗੇ ਜਿਗਰੇ ਅਤੇ ਚਿਹਰੇ ਵਾਲਾ ਅਤਿ ਦਾ ਨਿਧੜਕ ਨੌਜਵਾਨ ਸੀ। ਇਕ ਕਤਲ ਹੋ ਜਾਣ ਕਾਰਨ ਉਸ ਨੂੰ ਜੇਲ ਵਿਚ ਸੁੱਟ ਦਿੱਤਾ ਗਿਆ ਪਰੰਤੂ ਉਹ ਜੇਲ ਤੋਂ ਭੱਜ ਕੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਵਿਚ ਪਹੁੰਚ ਗਿਆ। ਮਹਾਰਾਜਾ ਸਾਹਿਬ ਨੇ ਉਸ ਨੂੰ ਇਕ ਦੀਦਾਰੀ ਨੌਜਵਾਨ ਵੇਖ ਕੇ ਆਪਣੀ ਫੌਜ ਵਿਚ ਭਰਤੀ ਕਰ ਲਿਆ। ਉਸ ਨੇ ਖਾਲਸਾ ਫੌਜ ਵੱਲੋਂ ਕੀਤੀਆਂ ਜਾ ਰਹੀਆਂ ਫੌਜੀ ਮੁਹਿੰਮਾਂ ਵਿਚ ਹਿੱਸਾ ਲੈਂਦਿਆਂ ਐਸੀ ਦ੍ਰਿੜ੍ਹਤਾ, ਦਲੇਰੀ, ਨਿਡਰਤਾ ਅਤੇ ਹੌਂਸਲੇ ਵਾਲੇ ਕਾਰਨਾਮੇ ਕੀਤੇ ਜਿਸ ਨਾਲ ਉਹ ਜਲਦੀ ਹੀ ਮਹਾਰਾਜ ਸਾਹਿਬ ਦੇ ਚੰਗੇ ਬਹਾਦਰਾਂ ਵਿਚ ਗਿਣਿਆ ਜਾਣ ਲੱਗ ਪਿਆ। ਇਤਿਹਾਸਕਾਰ ਸੋਹਨ ਲਾਲ ਸੂਰੀ ਅਨੁਸਾਰ ਉਹ ੧੮੩੬ ਵਿਚ ਜੰਡਿਆਲਾ ਸ਼ੇਰ ਖਾਨ ਵਿਖੇ ਮਹਾਰਾਜਾ ਸਾਹਿਬ ਨੂੰ ਮਿਲਿਆ ਅਤੇ ਉਨ੍ਹਾਂ ਤੋਂ ਤਿੱਬਤ ਨੂੰ ਜਿੱਤਣ ਉਪਰੰਤ ਚੀਨ ਉੱਤੇ ਹਮਲਾ ਕਰਨ ਦੀ ਆਗਿਆ ਮੰਗੀ, ਪਰੰਤੂ ਮਹਾਰਾਜਾ ਸਾਹਿਬ ਬਹੁਤ ਸੂਝਵਾਨ ਸੀ, ਉਸ ਨੂੰ ਸਮੇਂ ਦੇ ਹਾਲਾਤ ਅਤੇ ਉਸ ਮੁਹਿੰਮ ਤੋਂ ਹੋਣ ਵਾਲੇ ਖ਼ਤਰਿਆਂ ਬਾਰੇ ਸਮਝ ਸੀ, ਇਸ ਲਈ ਮਹਾਰਾਜਾ ਨੇ ਐਸਾ ਕਰਨ ਤੋਂ ਮਨ੍ਹਾ ਕਰ ਦਿੱਤਾ। ਇਸੇ ਤਰ੍ਹਾਂ ਖ਼ਾਲਸਾ ਰਾਜ ਦੇ ਦੂਜੇ ਵੱਡੇ ਜਰਨੈਲ ਸਰਦਾਰ ਹਰੀ ਸਿੰਘ ਨੇ ਵੀ ਪਿਸ਼ਾਵਰ ਨੂੰ ਜਿੱਤਣ ਉਪਰੰਤ ਜੇਹਲਮ ਦੇ ਦੱਰਾ ਖ਼ੈਬਰ ਤੋਂ ਪਾਰ ਹੋ ਕੇ ਅਫ਼ਗਾਨਿਸਤਾਨ ਉੱਤੇ ਹਮਲਾ ਕਰਨ ਦੀ ਆਗਿਆ ਮੰਗੀ, ਜਿਸ ਤੋਂ ਅਜਿਹੇ ਹੀ ਕਾਰਨਾਂ ਕਰਕੇ ਸ਼ੇਰ-ਏ-ਪੰਜਾਬ ਨੇ ਸਰਦਾਰ ਹਰੀ ਸਿੰਘ ਨਲਵਾ ਨੂੰ ਐਸਾ ਕਰਨ ਤੋਂ ਵਰਜ ਦਿੱਤਾ ਸੀ।

ਜਰਨਲ ਜੋਰਾਵਰ ਸਿੰਘ ਨੇ ਗਿਲਗਿਤ-ਬਾਲਟਿਸਤਾਨ, ਜੋ ਹੁਣ ਪਾਕਿਸਤਾਨ ਦਾ ਹਿੱਸਾ ਹੈ, ਉੱਤੇ ਹਮਲਾ ਕਰ ਕੇ ਫਤਿਹ ਕਰ ਕੇ ਖ਼ਾਲਸਾ ਰਾਜ ਵਿਚ ਸ਼ਾਮਲ ਕਰ ਲਿਆ। ਭਾਵੇਂ ਜਰਨਲ ਜੋਰਾਵਰ ਸਿੰਘ ਨੇ ਆਪਣੀ ਸਾਰੀ ਖਾਲਸਾ ਫੌਜੀ ਜ਼ਿੰਦਗੀ ਦੌਰਾਨ ਦੂਸਰੇ ਜਰਨੈਲਾਂ ਦੇ ਅਧੀਨ ਲੜਦਿਆਂ ਜਾਂ ਫਿਰ ਆਜ਼ਾਦਾਨਾ ਤੌਰ ਉੱਤੇ ਬਤੌਰ ਜਰਨੈਲ ਦੇ ਅਨੇਕਾਂ ਫੌਜੀ ਮੁਹਿੰਮਾਂ ਵਿਚ ਬੜੀ ਦਲੇਰੀ ਅਤੇ ਸੂਰਬੀਰਤਾ ਨਾਲ ਹਿੱਸਾ

ਲਿਆ ਅਤੇ ਖੂਬ ਨਾਮਣਾ ਅਤੇ ਸਤਿਕਾਰ ਖੱਟਿਆ, ਪਰੰਤੂ ਜਿਸ ਤਰ੍ਹਾਂ ਸਰਦਾਰ ਹਰੀ ਸਿੰਘ ਨਲਵਾ ਨੇ ਵੀ ਅਨੇਕਾਂ ਹੀ ਲਾਸਾਨੀ ਲੜਾਈਆਂ ਲੜ ਕੇ ਜਿੱਤਾਂ ਪ੍ਰਾਪਤ ਕੀਤੀਆਂ ਜਿਨ੍ਹਾਂ ਵਿਚ ਉਨ੍ਹਾਂ ਦੀ ਸਭ ਤੋਂ ਸ਼ਾਨਦਾਰ ਜਿੱਤ, ਆਪਣੇ ਆਪ ਨੂੰ 'ਅਜਿੱਤ' ਸਮਝਣ ਵਾਲੇ ਪਿਸ਼ਾਵਰ ਦੇ ਪਠਾਣਾਂ ਅਤੇ ਕਿਲ੍ਹਾ ਜਮਰੌਦ ਦੀ ਜਿੱਤ ਕਰਕੇ ਖ਼ਾਲਸਾ ਰਾਜ ਦਾ ਖ਼ਾਲਸਾਈ ਕੇਸਰੀ ਨਿਸ਼ਾਨ ਝੁਲਾਉਣ ਅਤੇ ਪਿਸ਼ਾਵਰ ਦੇ ਪਠਾਣਾਂ ਉੱਤੇ ਰਾਜ ਕਰਨ ਕਰਕੇ ਜ਼ਿਆਦਾ ਸਤਿਕਾਰਿਆ ਜਾਂਦਾ ਹੈ। ਇਸੇ ਤਰ੍ਹਾਂ ਜਰਨੈਲ ਜੋਰਾਵਰ ਸਿੰਘ ਦੀਆਂ ਹੋਰ ਜਿੱਤਾਂ ਅਤੇ ਕੀਤੇ ਯਾਦਗਾਰੀ ਕਾਰਨਾਮਿਆਂ ਤੋਂ ਇਲਾਵਾ ਉਨ੍ਹਾਂ ਦੀ ੧੯੩੪ ਈ. ਵਿਚ ਲੱਦਾਖ ਉੱਤੇ ਚੜ੍ਹਾਈ, ਲੜਾਈ ਅਤੇ ਜਿੱਤ ਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਸ ਕਰਕੇ ਬਹੁਤ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਇਹ ਲੱਦਾਖ ਜਿਸ ਨੂੰ 'ਛੋਟਾ ਤਿੱਬਤ' ਵੀ ਕਿਹਾ ਜਾਂਦਾ ਹੈ ਅਤੇ ਜ਼ਿਆਦਾ ਕਰਕੇ ਬੋਧੀਆਂ ਦੀ ਵੱਸੋਂ ਵਾਲਾ ਹੈ। ਅੱਜਕਲ੍ਹ ਜੰਮੂ-ਕਸ਼ਮੀਰ ਦਾ ਹਿੱਸਾ ਹੈ ਪਰੰਤੂ ਜਰਨਲ ਜੋਰਾਵਰ ਸਿੰਘ ਨੇ ੧੯੩੯-੪੦ ਵਿਚ (CAMPAIGN AGAINST - GILGIT - BALTISTAN NOW A PART OF PAKISTAN) ਗਿਲਗਿਤ - ਬਾਲਟਿਸਤਾਨ ਉੱਤੇ ਚੜ੍ਹਾਈ, ਲੜਾਈ ਅਤੇ ਜਿੱਤ ਨੂੰ ਵੀ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਇਨ੍ਹਾਂ ਦੋਵੇਂ ਜਰਨੈਲਾਂ—ਸਰਦਾਰ ਹਰੀ ਸਿੰਘ ਨਲਵਾ ਅਤੇ ਜਰਨੈਲ ਜੋਰਾਵਰ ਸਿੰਘ ਵੱਲੋਂ ਮਾਰੀਆਂ ਮੱਲਾਂ ਅਤੇ ਜਿੱਤਾਂ ਨਾਲ ਖ਼ਾਲਸਾ ਰਾਜ ਦੀਆਂ ਹੱਦਾਂ ਦੂਰ-ਦੂਰ ਤਕ ਫ਼ੈਲ ਗਈਆਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਇਕ ਵਿਸ਼ਾਲ ਖ਼ਾਲਸਾ ਰਾਜ ਸਥਾਪਿਤ ਹੋ ਗਿਆ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਦੁਨੀਆ ਵਿਚ ਇਕ ਅਜਿੱਤ ਮਹਾਂਬਲੀ ਸਮਝਿਆ ਜਾਣ ਲੱਗ ਪਿਆ ਸੀ। ਦੋਹਾਂ ਜਰਨੈਲਾਂ ਦਾ ਅੱਜ ਵੀ ਦੇਸ਼, ਸਮਾਜ ਅਤੇ ਫੌਜ ਵਿਚ ਬਹੁਤ ਸਤਿਕਾਰ ਹੈ। ਅੱਜ ਵੀ ਸਾਡੇ ਫੌਜੀ ਨੌਜਵਾਨ ਅਫ਼ਸਰ ਅਤੇ ਜਵਾਨ ਉਨ੍ਹਾਂ ਦੇ ਜੀਵਨ ਅਤੇ ਕੀਤੇ ਫੌਜੀ ਕਾਰਨਾਮਿਆਂ ਅਤੇ ਉਨ੍ਹਾਂ ਅੰਦਰ ਹਮੇਸ਼ਾ ਹੀ ਜੇਤੂ ਰਹਿਣ ਦੀ ਭਾਵਨਾ ਤੋਂ ਬਹੁਤ ਕੁਝ ਸਿੱਖਦੇ ਹਨ ਅਤੇ ਪ੍ਰਭਾਵਿਤ ਹੁੰਦੇ ਹਨ।

ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਪਿਸ਼ਾਵਰ ਦੀ ਜਿੱਤ ਤੋਂ ਬਾਅਦ ਸਰਦਾਰ ਹਰੀ ਸਿੰਘ ਨਲਵਾ ਨੂੰ ਪਿਸ਼ਾਵਰ ਦਾ ਗਵਰਨਰ ਥਾਪ ਕੇ ਉਸ ਨੂੰ ਆਪਣੇ ਨਾਮ (ਹਰੀ ਸਿੰਘ ਨਲਵਾ ਦੇ ਨਾਮ ਉਤੇ) ਸਿੱਕਾ ਚਲਾਉਣ ਦੀ ਆਗਿਆ ਦੇ ਦਿੱਤੀ ਸੀ। ਉਸੇ ਤਰ੍ਹਾਂ ਮਹਾਰਾਜਾ ਸਾਹਿਬ ਨੇ ਜਰਨੈਲ ਜੋਰਾਵਰ ਸਿੰਘ ਨੂੰ ਜੰਮੂ ਦਾ ਇਲਾਕਾ ਜਾਗੀਰ ਦੇ ਤੌਰ ਉੱਤੇ ਦੇ ਕੇ ਉਸ ਨੂੰ 'ਰਾਜਾ' ਦਾ ਖ਼ਿਤਾਬ (RAJA OF JAMMU) ਦਿੱਤਾ ਸੀ। ਇਕ ਸਾਧਾਰਨ ਪਰਵਾਰ ਵਿਚ ਪੈਦਾ ਹੋਏ ਮਨੁੱਖ ਲਈ ਇਹ ਇਕ ਬਹੁਤ ਵੱਡੀ 'ਪਰਮਾਤਮਾ ਦੀ ਦਾਤਿ', *ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ* ਤਥਾ *ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥ ਇਕ ਜਾਗੰਦੇ ਨਾ*

*ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥* ਵਾਲੀ ਪ੍ਰਾਪਤੀ ਸੀ।

ਮਹਾਰਾਜਾ ਰਣਜੀਤ ਸਿੰਘ ਹਮੇਸ਼ਾ ਹੀ ਮਨੁੱਖ ਦੇ ਗੁਣਾਂ ਦਾ ਕਦਰਦਾਨ ਸੀ। ਉਹ ਭਾਵੇਂ ਔਗੁਣਾਂ ਵਾਲਿਆਂ ਨੂੰ ਸਜ਼ਾ ਨਹੀਂ, ਸਗੋਂ ਨਸੀਹਤ ਦੇ ਕੇ ਮੁਆਫ ਕਰ ਦਿੰਦਾ ਸੀ, ਪਰੰਤੂ ਗੁਣਾਂ ਵਾਲਿਆਂ ਖਾਸ ਕਰਕੇ ਨਿਪੁੰਨ ਯੁੱਧ ਕਲਾ, ਦਿਲਾਵਰੀ, ਨਿਡਰਤਾ, ਹੌਂਸਲਾ ਅਤੇ ਹਮੇਸ਼ਾ ਹੀ ਜੇਤੂ ਰਹਿਣ ਦੀ ਭਾਵਨਾ ਵਾਲਿਆਂ ਨੂੰ ਬਹੁਤ ਵੱਡੇ-ਵੱਡੇ ਆਹੁਦੇ ਮਾਣ-ਸਨਮਾਨ ਦੇ ਕੇ ਨਿਵਾਜਦਾ ਸੀ। ਉਹ ਨਿਸਚੇ ਹੀ ਗੁਣਾਂ ਦਾ ਗਾਹਕ ਸੀ। ਗੁਰਬਾਣੀ ਦਾ ਫੁਰਮਾਨ *ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥ ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥* ਉਨ੍ਹਾਂ ਉੱਤੇ ਠੀਕ ਹੀ ਢੁਕਦਾ ਹੈ।

ਇਤਿਹਾਸਕਾਰਾਂ ਨੇ ਸਭ ਤੋਂ ਵੱਧ ਜਰਨੈਲ ਜੋਰਾਵਰ ਸਿੰਘ ਦੀ ੧੮੪੧ ਦੀ ਤਿੱਬਤ ਉੱਤੇ ਚੜ੍ਹਾਈ ਨੂੰ ਮਹੱਤਵ ਦਿੱਤਾ ਹੈ। (ZORAWAR SINGH'S CAMPAIGN IN TIBET-1841) ਇਸ ਚੜ੍ਹਾਈ ਸਮੇਂ ਖ਼ਾਲਸਾ ਫੌਜਾਂ ਦੇ ਨਾਲ-ਨਾਲ ਲੱਦਾਖੀ ਸੈਨਾ ਅਤੇ ਉਨ੍ਹਾਂ ਦੇ ਤਤਕਾਲੀ ਵਜੀਰ ਵੀ ਸ਼ਾਮਲ ਹੋਏ। ਜਰਨੈਲ ਜੋਰਾਵਰ ਸਿੰਘ ਨੇ ਇਸ ਤਰ੍ਹਾਂ ਸਿੱਖ ਅਤੇ ਲੱਦਾਖੀ ਫੌਜੀਆਂ ਦੀ ਪਲਟਨ ਨਾਲ ਤਿੱਬਤ ਦੀ ਸਰਹੱਦ ਪਾਰ ਕਰ ਕੇ ਹਮਲਾ ਕਰ ਦਿੱਤਾ ਅਤੇ ਇਹ ਘਮਸਾਨ ਦੀ ਲੜਾਈ ਨਗਾਰੀ ਮੋਰਸਮ (NGARI MORSUM) ਦੇ ਸਥਾਨ ਉੱਤੇ ਹੋਈ। ਇਹ ਇਲਾਕਾ ਪੱਛਮੀ ਤਿੱਬਤ ਵਿਚ ਸਥਿਤ ਹੈ। ਤਿੱਬਤੀ ਫੌਜ ਦੇ ਕਮਾਂਡਰ ਦਾਪੋਨ ਸ਼ਾਤਰਾ ਅਤੇ ਦਾਪੋਨ ਸੁਰਖਾਂਗ ਸਨ। ਇਤਿਹਾਸਕਾਰ ਲਿਖਦੇ ਹਨ ਕਿ ਜਰਨਲ ਜੋਰਾਵਰ ਸਿੰਘ ਨੇ ਤਿੱਬਤ ਦੀਆਂ ਫੌਜਾਂ ਨੂੰ ਇਸ ਲੜਾਈ ਵਿਚ ਹਰਾ ਦਿੱਤਾ ਅਤੇ ਉਹ ਤੱਕਲਾਖਾਰ ਜੋ ਪੱਛਮੀ ਤਿੱਬਤ ਦੇ ਪੁਰਾਂਗ (TAKLAKHAR IN PURANG, WESTERN TIBET) ਵੱਲ ਅੱਗੇ ਵਧੇ। ਉਸੇ ਸਮੇਂ ਤਿੱਬਤੀਆਂ ਦੀ ਹਾਰ ਤੋਂ ਭੈਭੀਤ ਹੋ ਕੇ ਤਿੱਬਤ ਸਰਕਾਰ ਵੱਲੋਂ ਆਪਣੇ ਵਜੀਰ ਕਾਲੋ ਪਲਹੁਨ ਦੀ ਕਮਾਂਡ ਹੇਠ ਭਾਰੀ ਫੌਜ ਭੇਜ ਦਿੱਤੀ ਅਤੇ ਉਪਰੰਤ ਖੂਨ-ਡੋਲ੍ਹਵੀਂ ਲੜਾਈ ਵਿਚ ਇਲਾਕੇ ਦੀ ਜਾਣਕਾਰੀ ਅਤੇ ਮੌਸਮ ਵਿਚ ਹੀ ਜੰਮੇ, ਪਲੇ, ਵੱਡੇ ਹੋਏ ਹੋਣ ਕਾਰਨ ਉਨ੍ਹਾਂ ਨੇ ਜਰਨੈਲ ਜੋਰਾਵਰ ਸਿੰਘ ਦੀਆਂ ਫੌਜਾਂ ਨੂੰ ਤੱਕਲਾਖਾਰ ਤੋਂ ਬਾਹਰ ਕਰ ਦਿੱਤਾ। ਦੋਹਾਂ ਪਾਸਿਆਂ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ। ਜਰਨੈਲ ਜੋਰਾਵਰ ਸਿੰਘ ਪਿਛਾਂਹ ਮੁੜਨਾ ਹੀ ਨਹੀਂ ਸੀ ਜਾਣਦਾ। ਉਹ ਤਾਂ ਦ੍ਰਿੜ੍ਹ ਇਰਾਦੇ ਵਾਲਾ ਜਰਨੈਲ *ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ* ਦੇ ਗੁਰੂ-ਸਿਧਾਂਤ ਨਾਲ ਓਤ-ਪੋਤ ਸੀ। ਲੜਾਈ ਲੰਮੀ ਹੋ ਗਈ ਅਤੇ ਬਦਕਿਸਮਤੀ ਨੂੰ ਇਲਾਕੇ ਵਿਚ ਬਰਫਬਾਰੀ ਸ਼ੁਰੂ ਹੋ ਗਈ। ਤਿੱਬਤੀ ਲੋਕ ਤਾਂ ਪਹਿਲਾਂ ਹੀ ਉਹੋ ਜਿਹੇ ਅਤਿ ਦੇ ਠੰਡੇ ਮੌਸਮ ਵਿਚ ਰਹਿਣ ਦੇ ਆਦੀ ਸਨ ਅਤੇ ਉਨ੍ਹਾਂ ਪਾਸ ਮੌਸਮ ਅਨੁਸਾਰ ਭੇਡੂ ਦੇ ਖੱਲ ਦੀਆਂ ਬਣੀਆਂ ਵਰਦੀਆਂ ਵੀ ਪਹਿਨੀਆਂ ਹੋਈਆਂ ਸਨ। ਜਰਨੈਲ

ਜੋਰਾਵਰ ਸਿੰਘ ਦੀ ਫੌਜ ਨਾ ਤਾਂ ਅਜਿਹੇ ਅਤਿ ਠੰਡੇ (ਮਨਫ਼ੀ ੪੫ ਡਿਗਰੀ)-੪੫ ਡਿਗਰੀ ਤਾਪਮਾਨ ਵਾਲੇ ਇਲਾਕੇ ਵਿਚ ਵਿਚਰਨ ਦੀ ਆਦੀ ਸੀ ਅਤੇ ਨਾਂ ਹੀ ਉਨ੍ਹਾਂ ਪਾਸ ਤਿੱਬਤੀਆਂ ਵਰਗੀਆਂ ਗਰਮ ਵਰਦੀਆਂ ਹੀ ਸਨ। ਇਸ ਲਈ ਬਹੁਤ ਭਾਰੀ ਠੰਡ ਦਾ ਪ੍ਰਕੋਪ ਨਾ ਝੱਲ ਸਕਣ ਕਾਰਨ ਬਹੁਤ ਫੌਜ ਦਮ ਤੋੜ ਗਈ, ਪਰੰਤੂ ਸਿੰਘ ਪਿਛਾਂਹ ਮੁੜਨ ਵਾਲੇ ਨਹੀਂ ਸਨ ਅਤੇ ਅਤਿ ਦੇ ਮਾੜੇ-ਠੰਡੇ ਹਾਲਾਤ ਦੇ ਬਾਵਜੂਦ ਉਹ ਲੜਾਈ ਵਿਚ ਪੂਰੀ ਸ਼ਕਤੀ ਨਾਲ ਜੂਝ ਰਹੇ ਸਨ। ਉਨ੍ਹਾਂ ਦੇ ਮਨ-ਚਿਤ ਵਿਚ *ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ* ਸੀ। ਭਾਵੇਂ ਉਨ੍ਹਾਂ ਦੇ ਸਰੀਰ ਅੱਧੇ ਸੁੰਨ (HALF FROZEN) ਹੋ ਗਏ ਸਨ। ਚਿੱਟੀ ਬਰਫ਼ ਨਾਲ ਢੱਕੀ ਹੋਈ ਧਰਤੀ ਖ਼ੂਨ ਨਾਲ ਲਾਲ ਹੋ ਗਈ ਸੀ। ਜਰਨੈਲ ਜੋਰਾਵਰ ਸਿੰਘ ਨੂੰ ਪਤਾ ਸੀ ਕਿ ਉਹ ਧਰਤੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਕਾਰਨ ਪੂਜਣਯੋਗ ਹੈ ਅਤੇ ਉਸ ਨੂੰ ਯਾਦ ਸੀ ਕਿ ਉਸ ਇਲਾਕੇ ਨੂੰ ਉਨਾਂ ਦੀ ਹੀ ਤਹਿਸੀਲ 'ਰਿਆਸੀ' (ਜੰਮੂ) ਦੇ ਲਾਗਲੇ ਪਿੰਡ 'ਤੱਛਲ' ਵਿਖੇ ਪੈਦਾ ਹੋਏ ਮਹਾਨ ਯੋਧੇ ਅਤੇ ਪਹਿਲੇ ਸਿੱਖ ਰਾਜ ਦੇ ਸੰਸਥਾਪਕ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ੧੭੧੧-੧੨ ਵਿਚ ਜਿੱਤ ਕੇ ਨਵੇਂ ਬਣੇ ਖ਼ਾਲਸਾ ਰਾਜ ਦਾ ਹਿੱਸਾ ਬਣੀ ਸੀ। ਖ਼ਾਲਸੇ ਦੇ ਇਸ ਅਦੁੱਤੀ ਅਤੇ ਮਾਣਮੱਤੇ ਸੱਭਿਆਚਾਰ ਨੂੰ ਅੱਜ ਵੀ ਸੰਸਾਰ ਸਲਾਮ ਕਰਦਾ ਹੈ। ਇਸ ਤਰ੍ਹਾਂ (FIERCE HAND TO HAND COMBAT) ਫਿਰ ਹੱਥੋ-ਹੱਥੀਂ ਹੋਈ ਅਤਿ ਘਾਤਕ ਲੜਾਈ ਦੌਰਾਨ ਜਰਨਲ ਜੋਰਾਵਰ ਸਿੰਘ ਦਾ ਘੋੜਾ ਅਤੇ ਉਹ ਖੁਦ ਗੰਭੀਰ ਜ਼ਖ਼ਮੀ ਹੋ ਗਏ। ਉਨ੍ਹਾਂ ਦੇ ਪੱਟ ਵਿਚ ਗੋਲੀ ਲੱਗ ਗਈ ਸੀ, ਪਰੰਤੂ ਉਹ ਧਰਤੀ ਉੱਤੇ ਲੇਟੇ ਹੋਏ ਹੋਏ ਵੀ ਆਪਣੀ ਸ਼ਮਸ਼ੀਰ ਪੂਰੀ ਸ਼ਕਤੀ ਨਾਲ ਚਲਾ ਰਹੇ ਸਨ ਅਤੇ ਦੁਸ਼ਮਣ ਦੁਪਹਿਰ ਤੀਕ ਉਨ੍ਹਾਂ ਦੇ ਨੇੜੇ ਨਹੀਂ ਸੀ ਆ ਸਕਿਆ। ਉਹ ਭਗਤ ਕਬੀਰ ਜੀ ਦੇ ਸਿਧਾਂਤ *ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥* ਦੇ ਧਾਰਨੀ ਸੀ। ਅੰਤ ਨੂੰ ਇਕ ਤਿੱਬਤੀ ਪਲਟੂਨ ਕਮਾਂਡਰ ਮਿਗਮਾਰ (MIGMAR) ਨੇ ਜਰਨੈਲ ਜੋਰਾਵਰ ਸਿੰਘ ਉੱਤੇ ਭਾਰੀ ਬਰਛਾ ਵਗ੍ਹਾਵਾਂ ਮਾਰ ਕੇ ਘਾਤਕ ਹਮਲਾ ਕੀਤਾ, ਇਹ ਬਰਛਾ ਉਨ੍ਹਾਂ ਦੀ ਪਿੱਠ ਤੋਂ ਪਾਰ ਹੋ ਗਿਆ। ਬਿਲਕੁਲ ਇਸੇ ਤਰ੍ਹਾਂ ਖ਼ਾਲਸਾ ਰਾਜ ਦੇ ਦੂਸਰੇ ਨਾਮਵਰ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਨੇ ਫਿਰੰਗੀਆਂ ਅਤੇ ਖ਼ਾਲਸਾ ਫੌਜਾਂ ਦਰਮਿਆਨ ਹੋਈ ਲੜਾਈ ਵਿਚ ਗੰਭੀਰ ਜ਼ਖ਼ਮੀ ਹੋ ਕੇ ਧਰਤੀ ਉੱਤੇ ਡਿੱਗਣ ਦੇ ਬਾਵਜੂਦ ਉਹ ਆਪਣੀ ਸ਼ਮਸ਼ੀਰ (ਤੇਗ਼) ਪੂਰੀ ਸ਼ਕਤੀ ਨਾਲ ਵਾਹੁੰਦੇ ਹੋਏ ਹੀ ਸ਼ਹੀਦ ਹੋਏ ਸਨ। ਇਹ ਦੋਵੇਂ ਹੀ *"ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ"* ਦੇ ਪਾਵਨ ਬਚਨ ਪੁਗਾਉਂਦੇ ਹੋਏ ਸ਼ਹੀਦੀਆਂ ਪਾ ਗਏ ਸਨ। ਸੰਸਾਰ ਦੇ ਯੁੱਧਾਂ-ਜੰਗਾਂ ਦੇ ਇਤਿਹਾਸ ਵਿਚ ਹੋਰ ਕਿਧਰੇ ਵੀ ਅਜਿਹੀ ਮਿਸਾਲ ਨਹੀਂ ਮਿਲਦੀ। ਇਹੋ ਹੀ ਖ਼ਾਲਸੇ ਦੀ ਵਿਲੱਖਣ ਸ਼ਾਨ ਹੈ। ਜਿਸ ਨਾਲ ਉਸ ਮਹਾਨ ਇਤਿਹਾਸਿਕ (LEGENDRY) ਜਰਨੈਲ ਦਾ

ਅੰਤ ਹੋ ਗਿਆ ਅਤੇ ਉਹ ਮੌਤ ਨਾਲ ਅੱਖਾਂ ਵਿਚ ਅੱਖਾਂ ਪਾ ਕੇ ਸੰਘਰਸ਼ ਕਰਦਾ ਹੋਇਆ ਇਕ ਲਾਸਾਨੀ ਅਤੇ ਬੇਜੋੜ ਇਤਿਹਾਸ ਸਿਰਜ ਕੇ ੧੨ ਦਸੰਬਰ, ੧੮੪੧ ਈ. ਨੂੰ ਸ਼ਹੀਦ ਹੋ ਗਿਆ। ਸ਼ਹੀਦ ਕਦੇ ਮਰਦੇ ਨਹੀਂ, ਉਹ ਆਪਣੀਆਂ ਕੌਮਾਂ ਨੂੰ ਇਕ ਨਵੀਂ ਜ਼ਿੰਦਗੀ ਦਿੰਦੇ ਰਹਿੰਦੇ ਹਨ ਅਤੇ ਢਾਡੀ, ਕਵੀਸ਼ਰ, ਸਾਹਿਤਕਾਰ ਉਨ੍ਹਾਂ ਦੇ ਕਾਰਨਾਮਿਆਂ ਬਾਰੇ ਗਾਉਂਦੇ ਰਹਿੰਦੇ ਹਨ ਤੇ ਲਿਖਦੇ ਰਹਿੰਦੇ ਹਨ।

ਜਿਸ ਵੀ ਜਰਨੈਲ ਨੇ ਉਸ ਦਾ ਮੁਕਾਬਲਾ ਕਰਨ ਦੀ ਜੁਰਅਤ ਕੀਤੀ ਉਸ ਨੂੰ ਧੂਲ ਚਟਾ ਦਿੱਤੀ ਅਤੇ ਮਾਰ ਦਿੱਤਾ। ਇਸ ਤਰ੍ਹਾਂ ਉਹ ਆਪਣੀ ਫੌਜ ਦੇ ਕਮਾਂਡਰ ਦੇ ਤੌਰ ਉਤੇ *"ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥"* ਦੀ ਭਾਵਨਾ ਅਤੇ ਸੋਚ ਅਨੁਸਾਰ ਆਪਣਾ ਫ਼ਰਜ਼ ਪੂਰੀ ਸ਼ਾਨ, ਸ਼ਕਤੀ, ਪਰਮ ਸ੍ਰੇਸ਼ਠ ਸੂਰਬੀਰਤਾ ਨਾਲ ਨਿਭਾਉਂਦਿਆਂ ਹੋਇਆਂ ਇੱਥੋਂ ਕੂਚ ਕਰ ਗਏ। ਗੁਰਬਾਣੀ ਦਾ ਫੁਰਮਾਨ ਹੈ:

*ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥*
*ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੯)*

ਸੱਚਮੁਚ ਹੀ ਖ਼ਾਲਸਾ ਰਾਜ ਦਾ ਉਹ ਮਹਾਨ ਅਤੇ ਲਾਸਾਨੀ ਜਰਨੈਲ ਸ਼ਹੀਦੀ ਪਾ ਕੇ ਵੀ ਸੰਸਾਰ ਇਤਿਹਾਸ ਵਿਚ ਸਦੀਵ-ਕਾਲ ਲਈ ਅਮਰ ਹੋ ਗਿਆ। ਸਾਨੂੰ ਉਸ ਅਦੁੱਤੀ ਜਰਨੈਲ ਉੱਤੇ ਹਮੇਸ਼ਾ ਹੀ ਅਮੁੱਕ ਮਾਣ ਰਹੇਗਾ। ਜਰਨਲ ਜੋਰਾਵਰ ਸਿੰਘ ਸਿੱਖ ਇਤਿਹਾਸ ਜਾਂ ਸ਼ਾਇਦ ਸੰਸਾਰ ਦਾ ਇੱਕੋ ਇਕ ਯੋਧਾ ਸੀ, ਜਿਸ ਦੇ ਸਰੀਰ ਦੇ ਮਾਸ ਦੀ ਬੋਟੀ-ਬੋਟੀ ਦੀ ਕਦਰ ਦੁਸ਼ਮਣਾਂ ਵੱਲੋਂ ਕੀਤੀ ਗਈ। ਜਰਨੈਲ ਇਤਨੀ ਬਹਾਦਰੀ ਨਾਲ ਲੜਿਆ ਕਿ ਤਿੱਬਤੀ ਲੋਕ ਉਸ ਦੇ ਇਕ-ਇਕ ਵਾਲ ਨੂੰ ਪੁੱਟ ਕੇ ਨਿਸ਼ਾਨੀ ਦੇ ਤੌਰ 'ਤੇ ਘਰਾਂ ਨੂੰ ਲੈ ਗਏ। ਉਸ ਦੇ ਸਰੀਰ ਦੀ ਬੋਟੀ-ਬੋਟੀ ਕਰ ਕੇ ਲੜਾਈ 'ਚ ਹਿੱਸਾ ਲੈਣ ਵਾਲੇ ਹਰੇਕ ਕਬੀਲੇ ਦੇ ਸਰਦਾਰ ਨੂੰ ਇਕ ਇਕ ਬੋਟੀ ਵੰਡ ਦਿੱਤੀ, ਕਿਉਂਕਿ ਤਿੱਬਤੀ ਲੋਕ ਮੰਨਦੇ ਹਨ ਕਿ ਸ਼ੇਰ ਦੇ ਮਾਸ ਨੂੰ ਘਰ ਵਿਚ ਰੱਖਣ ਨਾਲ ਬਹਾਦਰ ਪੁੱਤ ਜਨਮ ਲੈਂਦਾ ਹੈ, ਪਰ ਇਸ ਜਰਨੈਲ ਦੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਦੇਖ ਕੇ ਉਨ੍ਹਾਂ ਨੇ ਸੋਚਿਆ ਕਿ ਇਸ ਦੇ ਮਾਸ ਨੂੰ ਘਰ ਵਿਚ ਰੱਖਣ ਨਾਲ ਆਉਣ ਵਾਲੀ ਨਸਲ ਸ਼ੇਰ ਵਰਗੀ ਬਹਾਦਰ ਪੈਦਾ ਹੋਵੇਗੀ। ਉਸ ਦੇ ਖੱਬੇ ਹੱਥ ਨੂੰ ਉਨ੍ਹਾਂ ਨੇ ਇਕ ਮੱਠ ਦੇ ਵਿਚ ਦੱਬ ਦਿੱਤਾ ਜਿਸ ਨੂੰ ਉਹ 'ਸਿੰਘਲਾ ਛੋਟਨ' ਕਹਿੰਦੇ ਹਨ। ਅੱਜ ਵੀ ਤਿੱਬਤੀ ਲੋਕ ਕਹਿੰਦੇ ਹਨ ਕਿ— "ਇੱਥੇ ਸ਼ੇਰ ਸੁੱਤਾ ਪਿਆ ਹੈ।" ਉਨ੍ਹਾਂ ਦੀਆਂ ਗਰਭਵਤੀ ਇਸਤਰੀਆਂ ਅੱਜ ਵੀ ਇੱਥੇ ਆ ਕੇ ਮੱਥਾ ਟੇਕਦੀਆਂ ਹਨ ਅਤੇ ਆਪਣੇ ਹੋਣ ਵਾਲੇ ਬੱਚੇ ਲਈ ਉਸ ਜਰਨੈਲ ਜੋਰਾਵਰ ਸਿੰਘ ਜਿਹਾ ਬਹਾਦਰ ਹੋਣ ਦੀ ਕਾਮਨਾ ਕਰਦੀਆਂ ਹਨ। ਸੰਸਾਰ ਵਿਚ ਇਕ ਵੀ ਹੋਰ ਅਜਿਹਾ ਜਰਨੈਲ ਪੈਦਾ ਨਹੀਂ ਹੋਇਆ ਜਿਸ ਨੂੰ ਉਸ ਨੇ ਕੱਟੜ-ਵਿਰੋਧੀਆਂ ਵੱਲੋਂ ਪੀੜ੍ਹੀ-ਦਰ-ਪੀੜ੍ਹੀ ਪੂਜਿਆ ਜਾਂਦਾ ਹੋਵੇ।

ਨਿਸਚੇ ਹੀ ਖ਼ਾਲਸਾ ਪੰਥ ਅਤੇ ਪੰਜਾਬੀ ਭਾਈਚਾਰਾ ਹਮੇਸ਼ਾਂ ਹੀ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਕੀਤੇ ਅਦਭੁੱਤ ਕਾਰਨਾਮਿਆਂ ਨੂੰ ਯਾਦ ਕਰਦਿਆਂ ਉਸ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਸਿਜਦਾ ਕਰਦਾ ਰਹੇਗਾ ਅਤੇ ਸਾਡੀ ਨੌਜਵਾਨ ਪੀੜ੍ਹੀ ਹਮੇਸ਼ਾ ਹੀ ਉਨ੍ਹਾਂ ਦੇ ਜੀਵਨ ਤੋਂ ਰੋਸ਼ਨੀ ਲੈਂਦੀ ਰਹੇਗੀ। ਬ੍ਰਿਗੇਡੀਅਰ ਗੁਰਬਚਨ ਸਿੰਘ (ਬੱਲ) ਬੜੇ ਹੀ ਭਰੇ ਮਨ ਨਾਲ ਲਿਖਦੇ ਹਨ ਕਿ ਜਰਨਲ ਜੋਰਾਵਰ ਸਿੰਘ ਨੂੰ ਜੇ.ਡੀ. ਕਨਿੰਅਮ ਨੇ ਜੋ ਉਸ ਸਮੇਂ ਗੜ੍ਹਵਾਲ (ਉਤਰਾਖੰਡ) ਵਿਖੇ ਠਹਿਰਿਆ ਹੋਇਆ ਸੀ, ਨੇ ਸਲਾਹ ਦਿੱਤੀ ਕਿ ਅੱਗੇ ਨਾ ਵਧਿਆ ਜਾਵੇ ਅਤੇ ਜਰਨੈਲ ਸਾਹਿਬ ਨੇ ਉਸ ਦੀ ਇਹ ਨਾਪਾਕ ਅਤੇ ਧੋਖੇ ਭਰੀ ਰਾਏ ਮੰਨ ਕੇ ਅੱਧੀ ਤੋਂ ਵੱਧ ਫੌਜ ਵਾਪਸ ਲੱਦਾਖ ਭੇਜ ਦਿੱਤੀ। ਜਿਸ ਕਾਰਨ ਖ਼ਾਲਸਾ ਫੌਜ ਦੀ ਗਿਣਤੀ ਮੈਦਾਨ-ਏ-ਜੰਗ ਵਿਚ ਕਾਫ਼ੀ ਘੱਟ ਗਈ। ਇਕ ਮਾਹਰ ਫੌਜੀ ਕਮਾਂਡਰ ਹੋਣ ਕਾਰਨ ਬ੍ਰਿਗੇਡੀਅਰ ਗੁਰਬਚਨ ਸਿੰਘ (ਬੱਲ) ਕਹਿੰਦੇ ਹਨ ਕਿ ਜਰਨੈਲ ਸਾਹਿਬ ਦਾ ਕਪਟੀ ਅਤੇ ਧੋਖੇਬਾਜ਼ ਕਨਿੰਘਮ ਦੀ ਸਲਾਹ ਨੂੰ ਮੰਨ ਲੈਣਾ ਯੁੱਧ-ਨੀਤੀ ਅਨੁਸਾਰ ਇਕ ਬਹੁਤ ਵੱਡੀ ਗ਼ਲਤੀ ਸੀ। ਅਸਲ ਵਿਚ ਜਦੋਂ ਅਸੀਂ ਖ਼ਾਲਸੇ ਦੇ ਸੱਭਿਆਚਾਰ, ਸੋਚ ਅਤੇ ਵਿਹਾਰ ਵੱਲੋਂ ਦੇਖਦੇ ਹਾਂ ਕਿ ਉਸ ਦੇ ਮਨ ਵਿਚ ਕਪਟ-ਛਲ ਨਹੀਂ ਹੁੰਦਾ ਅਤੇ ਉਹ ਉਸੇ ਤਰ੍ਹਾਂ ਦੀ ਸੋਚ ਅਤੇ ਵਿਹਾਰ ਦੂਜੇ ਵਿਚ ਸਮਝ ਲੈਂਦੇ ਹਨ ਅਤੇ ਦੁਸ਼ਮਣ ਉੱਤੇ ਵੀ ਸੌਖੇ ਹੀ ਵਿਸ਼ਵਾਸ ਕਰ ਲੈਂਦੇ ਹਨ। ਬ੍ਰਿਗੇਡੀਅਰ ਗੁਰਬਚਨ ਸਿੰਘ (ਬੱਲ) ਫੌਜੀ ਨੁਕਤਾ-ਨਿਗਾਹ ਤੋਂ ਉਹ ਲਿਖਦੇ ਹਨ ਕਿ ਜਰਨਲ ਜੋਰਾਵਰ ਸਿੰਘ ਅਤੇ ਖ਼ਾਲਸਾ ਫੌਜ ਲਹਾਸਾ ਨੂੰ ਦਰੜ ਕੇ ਬ੍ਰਹਮਪੁੱਤਰਾ ਘਾਟੀ (BRAHM PUTRA VALLEY) ਪਹੁੰਚ ਕੇ ਜਿੱਥੇ ਮੌਸਮ ਵਧੀਆ ਸੀ, ਵਿਖੇ ਠਹਿਰ ਸਕਦੇ ਸਨ। ਇਸ ਘਾਟੀ ਵਿਚ ਫੌਜ ਦੇ ਠਹਿਰਨ ਲਈ ਬਹੁਤ ਹੀ ਉੱਚਿਤ ਥਾਵਾਂ ਹਨ ਅਤੇ ਮੌਸਮ ਤਿੱਬਤ ਵਾਲੇ ਪਾਸੇ ਬਦਲ ਜਾਣ ਉੱਤੇ ਮੁੜ ਹਮਲਾ ਕਰ ਕੇ ਤਿੱਬਤ ਨੂੰ ਸਦਾ ਲਈ ਖ਼ਾਲਸਾ ਰਾਜ (ਹੁਣ ਭਾਰਤ) ਦਾ ਹਿੱਸਾ ਬਣਾਇਆ ਜਾ ਸਕਦਾ ਸੀ ਅਤੇ ਅੱਜ ਲੰਮੇ ਸਮੇਂ ਤੋਂ ਸਮੇਤ ੧੯੬੨ ਦੇ ਹਿੰਦ-ਚੀਨੀ ਯੁੱਧ ਅਤੇ ਤਿੱਬਤ ਦੇ ਇਲਾਕੇ ਦੇ ਇਰਦ-ਗਿਰਦ ਹੋ ਰਹੀਆਂ ਹਿੰਦ-ਚੀਨੀ ਫੌਜਾਂ ਦਰਮਿਆਨ ਨਿੱਤ ਦੀਆਂ ਝੜਪਾਂ, ਜਿਨ੍ਹਾਂ ਵਿਚ ਦੋਹਾਂ ਪਾਸਿਆਂ ਤੋਂ ਸੈਂਕੜੇ ਅਫ਼ਸਰ ਅਤੇ ਜਵਾਨ ਆਪਣੀ ਜ਼ਿੰਦਗੀ ਤੋਂ ਹੱਥ ਧੋ ਬੈਠਦੇ ਹਨ, ਤੋਂ ਬਿਲਕੁਲ ਬਚਿਆ ਜਾ ਸਕਦਾ ਸੀ। ਬ੍ਰਿਗੇਡੀਅਰ ਗੁਰਬਚਨ ਸਿੰਘ (ਬੱਲ) ਲਿਖਦੇ ਹਨ ਕਿ ਕਨਿੰਘਮ ਨੇ ਖੋਟੇ ਮਨ ਅਤੇ ਬੇਈਮਾਨੀ ਨਾਲ ਇਹ ਸਲਾਹ ਇਸ ਲਈ ਦਿੱਤੀ ਸੀ ਤਾਂ ਜੋ ਖ਼ਾਲਸਾ ਰਾਜ ਦੀਆਂ ਹੱਦਾਂ ਹੋਰ ਅੱਗੇ ਨਾ ਵਧਣ। ਅਜਿਹੀ ਬੇਈਮਾਨੀ ਅੰਗਰੇਜ਼ ਹਮੇਸ਼ਾਂ ਹੀ ਕਰਦੇ ਆ ਰਹੇ ਹਨ। ਉਹ ਬਾਹਰੋਂ ਚਿੱਟੇ ਪਰ ਅੰਦਰੋਂ ਕਾਲੇ ਹਨ ਅਤੇ ਕਿਸੇ ਸਮੇਂ ਉਨ੍ਹਾਂ ਦੇ ਰਾਜ ਉੱਤੇ ਸੂਰਜ ਨਹੀਂ ਛਿਪਦਾ ਸੀ। ਕੇਵਲ ਇਨ੍ਹਾਂ ਕਪਟ ਭਰੀਆਂ ਬੇਈਮਾਨੀਆਂ, ਝੂਠੇ ਵਾਅਦਿਆਂ ਨਾਲ ਝੂਠ-ਕੂੜ ਤਾਂ, *ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ* ਅਨੁਸਾਰ ਬਹੁਤਾ ਸਮਾਂ

ਨਹੀਂ ਚੱਲਦਾ ਅਤੇ ੧੯੩੯-੧੯੪੫ ਈ. ਦੇ ਦੂਜੇ ਮਹਾਂਯੁੱਧ ਨੇ ਅੰਗਰੇਜ਼ਾਂ ਨੂੰ ਅਸਲ ਥਾਂ ਵਿਖਾ ਦਿੱਤੀ। ਅੱਜ ਇੰਗਲੈਂਡ ਸੰਸਾਰ ਦਾ ਇਕ ਬਹੁਤ ਹੀ ਛੋਟਾ ਦੇਸ਼ ਹੈ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ ਇਸੇ ਤਰ੍ਹਾਂ ਆਪਣੇ ਮਨ ਅੰਦਰ ਘੋਰ ਕਪਟ ਰੱਖ ਕੇ ਮੌਕਾ-ਪ੍ਰਸਤੀ ਦੀਆਂ ਸਾਰੀਆਂ ਹੱਦਾਂ-ਬੰਨੇ ਟੱਪ ਕੇ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੀ ੧੮੦੯ ਈ. ਦੀ 'ਰੋਪੜ ਸੰਧੀ' ਤੋਂ ਬੜੀ ਬੇਸ਼ਰਮੀ ਅਤੇ ਢੀਠਤਾ ਨਾਲ ਮੁੱਕਰ ਕੇ ਖ਼ਾਲਸਾ ਰਾਜ ਉੱਤੇ ਧੋਖੇ ਨਾਲ ਕਬਜ਼ਾ ਕਰ ਲਿਆ ਅਤੇ ਮਹਾਰਾਣੀ ਜਿੰਦਾਂ (ਜਿੰਦ ਕੌਰ) ਨੂੰ ਕੈਦੀ ਬਣਾ ਕੇ ਜੇਲ੍ਹ ਵਿਚ ਸੁੱਟ ਦਿੱਤਾ ਅਤੇ ਉਸ ਦੇ (ਮਹਾਰਾਜਾ) ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਲੇਡੀ ਲਾਗਨ ਰਾਹੀਂ ਈਸਾਈ ਬਣਾ ਦਿੱਤਾ ਸੀ। ੧੮੪੧ ਈ. ਦੀ ਇਸ ਤਿੱਬਤ ਉੱਤੇ ਚੜ੍ਹਾਈ ਦੌਰਾਨ ੧੦੦੦ (ਇਕ ਹਜ਼ਾਰ) ਤੋਂ ਵੀ ਵੱਧ ਸਿੱਖ ਅਤੇ ਲੱਦਾਖੀ ਫੌਜੀ ਸ਼ਹੀਦ ਹੋ ਗਏ ਸਨ ਅਤੇ ਲੱਦਾਖੀ ਵਜ਼ੀਰ ਅਤੇ ਸੱਤ ਸੌ ਫੌਜੀ (ਸਿੱਖ ਅਤੇ ਲੱਦਾਖੀ) ਕੈਦੀ ਬਣਾ ਲਏ ਗਏ। ਬਹੁਤ ਸਾਰੇ ਫੌਜੀ ਉੱਥੋਂ ਵਾਪਸ ਲੇਹ ਜੋ ਲੱਦਾਖ ਦੀ ਉਸ ਸਮੇਂ ਰਾਜਧਾਨੀ ਸੀ, ਵਿਖੇ ਪਹੁੰਚ ਗਏ। ਕੁਝ ਮਹੀਨੇ ਬਾਅਦ ਮੌਸਮ ਬਦਲ ਜਾਣ ਉਪਰੰਤ ਖ਼ਾਲਸਾ ਰਾਜ ਦੀ ੮੦੦੦ ਸਿੱਖ ਫੌਜ ਵੱਲੋਂ ਦੀਵਾਨ ਹਰੀ ਚੰਦ ਅਤੇ ਵਜ਼ੀਰ ਰਾਤੂਨ (ਈਸਾਈ) ਦੀ ਅਗਵਾਈ ਹੇਠ ਹਮਲਾ ਕਰ ਕੇ ਦੋਵੇਂ ਤਿੱਬਤੀ ਜਰਨੈਲਾਂ ਦਾਪੋਨ ਸ਼ਾਤਰਾ ਦਾਪੋਨ ਸੁਰਖਾਂਗ ਨੂੰ ਇਕ ਫੌਜੀ ਟੁੱਕੜੀ ਦੇ ਸਮੇਤ ਕੈਦ ਕਰ ਲਿਆ ਗਿਆ ਸੀ। ਕਾਫੀ ਸਮਾਂ ਪਿੱਛੋਂ ਖ਼ਾਲਸਾ ਰਾਜ ਅਤੇ ਤਿੱਬਤੀ ਸਰਕਾਰ ਵਿਚਕਾਰ ਹੋਈ ਸੰਧੀ ਅਧੀਨ ਦੋਹਾਂ ਧਿਰਾਂ ਦੇ ਯੁੱਧ-ਬੰਦੀਆਂ (PRISONERS OF WAR) ਨੂੰ ਰਿਹਾਅ ਕਰ ਦਿੱਤਾ ਗਿਆ। ਇਹ ਸੰਧੀ ਦੀਵਾਨ ਹਰੀ ਚੰਦ ਅਤੇ ਕਾਲੋਂ ਮਲਹੂਨ ਵਿਚਾਰ ਹੋਈ ਗੱਲਬਾਤ ਉਪਰੰਤ ਸਹੀਬੰਦ ਕੀਤੀ ਗਈ ਸੀ।

ਭਾਰਤੀ ਪੈਦਲ ਫੌਜ (INFANTRY) ਫੌਜ ਦੀ 'ਜੰਮੂ-ਕਸ਼ਮੀਰ ਰਾਈਫ਼ਲਜ਼' ਵੱਲੋਂ ਉਸ ਲਾਸਾਨੀ ਹੀਰੋ, ਦਾ ਜਨਮ ਦਿਨ ਹਰ ਸਾਲ ੧੫ ਅਪ੍ਰੈਲ ਨੂੰ ਬੜੇ ਮਾਣ ਨਾਲ ਮਨਾਇਆ ਜਾਂਦਾ ਹੈ। ਜਰਨੈਲ ਜੋਰਾਵਰ ਸਿੰਘ ਵੱਲੋਂ ੧੮੩੪ ਈ. ਵਿਚ ਜਿੱਤੇ ਲੱਦਾਖ ਅਤੇ ਹੋਰ ਇਲਾਕੇ ਨੂੰ ਪੱਕੇ ਤੌਰ ਉੱਤੇ ਖ਼ਾਲਸਾ ਰਾਜ ਦਾ ਹਿੱਸਾ ਬਣੇ ਜੋ ਹੁਣ ਕੁਝ ਇਲਾਕੇ ਭਾਰਤ ਵਿਚ ਹਨ ਅਤੇ ਕੁਝ ੧੯੪੭ ਦੀ ਨਾਪਾਕ ਵੰਡ ਕਾਰਨ ਪਾਕਿਸਤਾਨ ਵਿਚ ਹਨ।

ਬ੍ਰਿਗੇਡੀਅਰ ਗੁਰਬਚਨ ਸਿੰਘ (ਬੱਲ) ਲਿਖਦੇ ਹਨ ਕਿ ਉਨ੍ਹਾਂ ਨੂੰ ਕਰਨਲ ਸਰਬਜੀਤ ਸਿੰਘ, ਜੋ ਇਕ ਸਮੇਂ ਆਪਣੀ ਯੂਨਿਟ ਸਮੇਤ ਲੱਦਾਖ ਦੇ ਇਲਾਕੇ ਵਿਚ ਤਾਇਨਾਤ ਸਨ, ਨੇ ਉਨ੍ਹਾਂ ਨੂੰ ਦੱਸਿਆ ਸੀ ਕਿ— "ਜਦੋਂ ਉਨ੍ਹਾਂ ਦੀ ਪੋਸਟਿੰਗ (ਬਤੌਰ ਕਮਾਂਡੈਂਟ GRD, GMOOM) ਦਾਰਜੀਲਿੰਗ ਵਿਖੇ ਸੀ ਤਾਂ ਉਦੋਂ ਉਨ੍ਹਾਂ ਨੂੰ ਇਕ ਦਾਹੜੀ ਕੇਸਾਂ ਵਾਲੇ ਦੁਕਾਨਦਾਰ ਨੇ ਦੱਸਿਆ ਕਿ ਉਹ ਬਹੁਤ ਸਾਰੇ ਲੋਕ ਸਿੱਖ ਹਨ

ਅਤੇ ਉਨ੍ਹਾਂ ਦੇ ਪੂਰਵਜ ਵੀ ਸਿੱਖ ਸਨ ਅਤੇ ਉਨ੍ਹਾਂ ਨੂੰ ੧੯੪੧ ਈ. ਦੀ ਲੜਾਈ ਸਮੇਂ ਯੁੱਧਬੰਦੀ ਬਣਾ ਲਿਆ ਸੀ, ਪਰੰਤੂ ਬਾਅਦ ਵਿਚ ਦੋਹਾਂ ਧਿਰਾਂ ਵਿਚਕਾਰ ਹੋਈ ਸੰਧੀ ਪਿੱਛੋਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ ਅਤੇ ਜਦੋਂ ਉਹ ਵਾਪਸ ਆਪਣੇ ਪਿਤਰੀ ਦੇਸ ਪੰਜਾਬ ਦੀ ਫੌਜ (ਖ਼ਾਲਸਾ ਫੌਜ) ਪਾਸ ਗਏ ਤਾਂ ਸਮੇਂ ਦੇ ਖ਼ਾਲਸਾ ਫੌਜ ਦੇ ਕਮਾਂਡਰ ਨੇ ਉਨ੍ਹਾਂ ਨੂੰ ਵਾਪਸ ਨਹੀਂ ਲਿਆ ਸੀ ਅਤੇ ਉਹ ਮੁੜ ਕੇ ਇੱਥੇ ਹੀ ਆ ਕੇ ਵੱਸ ਗਏ ਹਨ ਅਤੇ ਇੱਥੇ ਹੀ ਤਿੱਬਤੀ ਲੜਕੀਆਂ ਨਾਲ ਸ਼ਾਦੀਆਂ ਕਰਵਾ ਲਈਆਂ ਹਨ, ਪਰੰਤੂ ਉੱਥੋਂ ਦੇ ਵਸਨੀਕ ਬਣ ਜਾਣ ਉਪਰੰਤ ਵੀ ਤਿੱਬਤੀਆਂ ਨੇ ਸਾਨੂੰ ਆਪਣੇ ਧਰਮ 'ਬੁੱਧ ਧਰਮ' ਵਿਚ ਸ਼ਾਮਲ ਨਹੀਂ ਕੀਤਾ। ਜਿਸ ਕਾਰਨ ਉਹ ਮੁਸਲਮਾਨ ਬਣ ਗਏ ਪਰੰਤੂ ਉਹ ਹੁਣ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ, ਆਪਣਾ ਰਹਿਬਰ ਮੰਨਦੇ ਹਨ। ਭਾਵੇਂ ਉਨ੍ਹਾਂ ਨੂੰ ਇਸ ਇਲਾਕੇ ਵਿਚ 'ਨਾਨਕ ਲਾਮਾ' ਕਿਹਾ ਜਾਂਦਾ ਹੈ।"

ਜੰਮੂ ਅਤੇ ਤਿੱਬਤ ਦੇ ਲੋਕ ਜਰਨੈਲ ਜੋਰਾਵਰ ਸਿੰਘ ਤਥਾ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਸਤਿਕਾਰ ਕਰਦੇ ਹਨ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਨੇ ਜਰਨੈਲ ਸਾਹਿਬ ਨੂੰ ਜਾਗੀਰ ਦੇ ਤੌਰ ਉੱਤੇ ਜੰਮੂ ਦੇ ਕੇ ਉਨ੍ਹਾਂ ਨੂੰ ਰਾਜਾ ਦਾ ਖ਼ਿਤਾਬ ਦਿੱਤਾ ਸੀ। ਇਸ ਤਰ੍ਹਾਂ ਲੋਕ ਉਨ੍ਹਾਂ ਨੂੰ ਰਾਜਾ ਸਾਹਿਬ ਅਤੇ ਉਨ੍ਹਾਂ ਦੀ ਪਤਨੀ ਨੂੰ ਰਾਣੀ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਿਹੜੀ ੧੯੪੨ ਈ. ਵਿਚ ਖ਼ਾਲਸਾ ਸਰਕਾਰ ਅਤੇ ਤਿੱਬਤੀ ਸਰਕਾਰ ਦਰਮਿਆਨ ਸੰਧੀ ਹੋਈ ਉਸ ਨਾਲ ਉਨ੍ਹਾਂ ਨੂੰ ਇਕ ਵੱਖਰਾ ਦੇਸ਼ ਹੋਣ ਦਾ ਦਰਜਾ ਅਤੇ ਮਾਣ ਪ੍ਰਾਪਤ ਹੋਇਆ। ਤਿੱਬਤੀ ਲੋਕ ਅਜੇ ਵੀ ਜਰਨੈਲ ਜੋਰਾਵਰ ਸਿੰਘ ਨੂੰ ਇਕ ਅਤਿ ਸਤਿਕਾਰਤ ਹੀਰੋ ਮੰਨਦੇ ਹਨ। ਜਿਵੇਂ ਉੱਪਰ ਲਿਖਿਆ ਗਿਆ ਸੀ, ਹੇਠਾਂ ਮੈਂ ਪੰਜਾਬੀ ਯੂਨੀਵਰਸਿਟੀ ਦੇ ਵਿਸ਼ਵਕੋਸ਼ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਡਾ. ਪਰਮਵੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੁੱਧ ਖੋਜੀ, ਮਹਾਨ ਵਿਦਵਾਨ ਅਤੇ ਉੱਚ ਅਧਿਕਾਰੀ ਕੁਸ਼ਲ ਪ੍ਰਬੰਧਕ, ਡਲ੍ਹੇਵਾਲੀਆ ਮਿਸਲ ਦੇ ਉਤਰਾ-ਅਧਿਕਾਰੀ ਸ. ਸਿਮਰਜੀਤ ਸਿੰਘ ਕੰਗ, ਜਿਨ੍ਹਾਂ ਨੂੰ ਉਨ੍ਹਾਂ ਇਲਾਕਿਆਂ ਵਿਚ ਜਾ ਕੇ ਖੋਜ ਕਰਨ ਦਾ ਅਕਾਲ ਪੁਰਖ ਨੇ ਸੁਭਾਗ ਬਖਸ਼ਿਆ, ਵੱਲੋਂ ਦਿੱਤੇ ਵੇਰਵੇ ਦਰਜ ਕਰ ਰਿਹਾ ਹਾਂ ਤਾਂ ਜੋ ਪਾਠਕਾਂ ਨੂੰ ਉਸ ਬਾਰੇ ਵੀ ਸਹੀ ਜਾਣਕਾਰੀ ਮਿਲ ਸਕੇ। ਇਸ ਦੇ ਨਾਲ ਹੀ ਮੇਰੀ ਪੋਤਰੀ ਪ੍ਰੋਫ਼ੈਸਰ ਬੀਬਾ ਅਮਨਦੀਪ ਕੌਰ ਵੱਲੋਂ ਇੰਟਰਨੈੱਟ ਤੋਂ ਪ੍ਰਾਪਤ ਕਰ ਕੇ ਦਿੱਤੀ ਜਾਣਕਾਰੀ ਨੂੰ ਲੇਖ ਵਿਚ ਸ਼ਾਮਲ ਕੀਤਾ ਗਿਆ ਹੈ।

"ਸੱਚਮੁੱਚ ਹੀ ਜਿਸ ਲੇਹ-ਲੱਦਾਖ ਦੇ ਠੰਡੇ ਤੇ ਉੱਚੇ ਇਲਾਕਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਵਿੱਤਰ ਚਰਨ ਪਾਏ ਅਤੇ ਉਨ੍ਹਾਂ ਨੂੰ ਅੱਜ ਵੀ ਬੋਧੀ ਲਾਮੇ 'ਨਾਨਕ ਲਾਮਾ' ਕਹਿ ਕੇ ਆਪਣਾ ਰਹਿਬਰ ਮੰਨਦੇ ਹਨ ਅਤੇ ਉਨ੍ਹਾਂ ਦੀ ਯਾਦ ਵਿਚ ਲੇਹ-ਲੱਦਾਖ ਵਿਚ ਯਾਦਗਾਰਾਂ ਦੇ ਤੌਰ ਉੱਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ। ਉਸ

ਇਲਾਕੇ ਨੂੰ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ੧੭੧੧-੧੭੧੨ ਵਿਚ ਜਿੱਤਿਆ ਅਤੇ ਪਹਿਲੇ ਖ਼ਾਲਸਾ ਰਾਜ ਦਾ ਹਿੱਸਾ ਬਣਾਇਆ। ਫਿਰ ਉਸੇ ਇਲਾਕੇ ਨੂੰ ਖਾਲਸਾ ਰਾਜ ਦੇ ਇਸ ਮਹਾਨ ਜਰਨੈਲ ਜੋਰਾਵਰ ਸਿੰਘ ਨੇ ਫਤਿਹ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦਾ ਹਿੱਸਾ ਬਣਾ ਦਿੱਤਾ ਅਤੇ ਉਨ੍ਹਾਂ ਨੇ ਉੱਥੇ ਇਕ ਕਿਲ੍ਹਾ ਉਸਾਰ ਕੇ ਉਸ ਉੱਤੇ 'ਖ਼ਾਲਸਾ ਰਾਜ' ਦਾ ਖ਼ਾਲਸਈ ਕੇਸਰੀ ਨਿਸ਼ਾਨ ਝੁਲਾ ਦਿੱਤਾ। ਇਸ ਦੀ ਪੁਸ਼ਟੀ ਇਤਿਹਾਸ ਵਿੱਚੋਂ ਅਤੇ ਉਸ ਧਰਤੀ ਤੋਂ ਤਾਂ ਹੁੰਦੀ ਹੀ ਹੈ ਅਤੇ ਪ੍ਰਸਿੱਧ ਇਤਿਹਾਸਕਾਰ ਲੇਖਕ ਡਾ. ਖੁਸ਼ਵੰਤ ਸਿੰਘ ਵੀ ਇੰਨ-ਬਿੰਨ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦਿਆਂ ਲਿਖਦੇ ਹਨ ਕਿ ਲੇਹ-ਲੱਦਾਖ ਦੇ ਇਲਾਕੇ ਨੂੰ ਪਹਿਲਾਂ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਨ ੧੭੧੧ ਵਿਚ ਜਿੱਤਿਆ ਸੀ। ਉਸ ਉਪਰੰਤ ਖਾਲਸਾ ਰਾਜ ਦੇ ਮਹਾਨ ਸਿੱਖ ਜਰਨੈਲ ਜਰਨਲ ਜੋਰਾਵਰ ਸਿੰਘ ਨੇ ੧੮੪੧ ਈ. ਵਿਚ ਜਿੱਤਿਆ ਸੀ। ਇਸੇ ਤਰ੍ਹਾਂ 'ਜੰਗਨਾਮਾ ਸਿੰਘਾਂ ਅਤੇ ਫਿਰੰਗੀਆਂ' ਲਿਖਣ ਵਾਲੇ ਸ਼ਾਇਰ ਸ਼ਾਹ ਮੁਹੰਮਦ ਨੇ ਵੀ ਇਸ ਦੀ ਪੁਸ਼ਟੀ ਕਰਦਿਆਂ ਇਉਂ ਲਿਖਿਆ ਹੈ:

*ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,*
*ਨਾਲ ਜੋਰ ਦੇ ਮੁਲਖ ਨਿਵਾਇ ਗਿਆ।*
*ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,*
*ਜੰਮੂ ਕਾਂਗੜਾ ਕੋਟ ਛੁਡਾਇ ਗਿਆ।*
*ਤਿੱਬਤ ਦੇਸ ਲੱਦਾਖ ਤੇ ਚੀਨ ਤੋੜੀ।*
*ਸਿੱਕਾ ਆਪਣੇ ਨਾਮ ਚਲਾਇ ਗਿਆ।*
*ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ*
*ਅੱਛਾ ਰੱਜ ਕੇ ਰਾਜ ਕਮਾਇ ਗਿਆ।*

ਇਤਿਹਾਸ ਖੋਜੀ ਸ. ਸਿਮਰਜੀਤ ਸਿੰਘ ਕੰਗ ਦੇ ਦੱਸਣ ਅਨੁਸਾਰ ਜਰਨੈਲ ਜੋਰਾਵਰ ਸਿੰਘ ਦੀ ਯਾਦ ਵਿਚ ਜਰਨੈਲ ਸਾਹਿਬ ਦੇ ਸ਼ਹੀਦੀ ਸਥਾਨ ਵਾਲੀ ਥਾਂ ਉੱਤੇ ਪੱਥਰਾਂ ਦਾ ਸਮਾਧੀ-ਨੁਮ੍ਹਾ ਇਕ (TOMB) ਸਥਾਨ ਬਣਾਇਆ ਹੋਇਆ ਹੈ। ਜਿੱਥੇ ਸਥਾਨਕ ਲੋਕ ਹਰ ਸਾਲ ੧੨ ਨਵੰਬਰ ਨੂੰ ਉਨ੍ਹਾਂ ਦਾ ਸ਼ਹੀਦੀ ਦਿਨ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਂਦੇ ਹਨ। ਨੇੜੇ ਹੀ ਉਨ੍ਹਾਂ ਦਾ ਜਿਹੜਾ ਕਿਲ੍ਹਾ ਸੀ ਉਸ ਨੂੰ ਅਜਾਇਬ ਘਰ (MUSEUM) ਬਣਾਇਆ ਹੋਇਆ ਹੈ। ਜਿਸ ਵਿਚ ਹੋਰਨਾਂ ਵਸਤੂਆਂ ਤੋਂ ਇਲਾਵਾ ਜਰਨੈਲ ਸਾਹਿਬ ਦੇ ਹਥਿਆਰ ਵੀ ਸਜਾਏ ਹੋਏ ਹਨ। ਉੱਥੋਂ ਦੀਆਂ ਤਿੱਬਤੀ ਅਤੇ ਪੰਜਾਬੀ ਮੂਲ ਦੀਆਂ ਇਸਤਰੀਆਂ ਜਰਨੈਲ ਸਾਹਿਬ ਦੀ ਪਤਨੀ (ਜਿਹੜੀ ਅਲੈਗਜੈਂਡਰ ਜੀ.ਡੀ. ਕਨਿੰਘਮ ਦੀ ਬਿਲਕੁਲ ਗ਼ਲਤ ਅਤੇ ਕਪਟੀ ਸਲਾਹ ਅਨੁਸਾਰ ਜਰਨੈਲ ਜੋਰਾਵਰ ਸਿੰਘ ਨੇ ਆਪਣੀ ਅੱਧੀ ਫੌਜ ਵਾਪਸ ਲੱਦਾਖ ਭੇਜ ਦਿੱਤੀ ਸੀ, ਉਸ ਨਾਲ ਹੀ ਵਾਪਸ ਲੱਦਾਖ ਆ ਗਈ ਸੀ) ਰਾਣੀ ਸਾਹਿਬ ਵੱਲੋਂ ਗਾਇਆ

ਜਾਂਦਾ ਇਕ ਬਹੁਤ ਹੀ ਸੰਵੇਦਨਸ਼ੀਲ ਗੀਤ ਗਾਉਂਦੀਆਂ ਹਨ। ਜੰਮੂ ਸ਼ਹਿਰ ਦੇ ਵਿਚਕਾਰ ਉਨ੍ਹਾਂ ਦਾ ਬੁੱਤ ਵੀ ਸਜਾਇਆ ਹੋਇਆ ਹੈ। ਸ. ਸਿਮਰਜੀਤ ਸਿੰਘ ਕੰਗ ਨੇ ਦੱਸਿਆ ਕਿ ਜਰਨੈਲ ਸਾਹਿਬ ਦੀ ਰਿਆਸੀ ਵਿਖੇ ਕੋਠੀ (ਕਿਲ੍ਹਾ) ਕਾਇਮ ਹੈ, ਜਿਸ ਵਿਚ ਉਨ੍ਹਾਂ ਦੇ ਵਾਰਸ (ਪਰਵਾਰ) ਰਹਿ ਰਹੇ ਹਨ ਅਤੇ ਉੱਥੇ ਵੀ ਜਰਨੈਲ ਸਾਹਿਬ ਦਾ ਇਕ ਛੋਟਾ ਬੁੱਤ ਸਜਾਇਆ ਹੋਇਆ ਹੈ।

ਰਲਵੀਂ-ਮਿਲਵੀਂ (MIXED LANGUAGE) ਵਿਚ ਪੰਜਾਬੀ, ਉਰਦੂ, ਤਿੱਬਤੀ ਆਦਿ ਭਾਸ਼ਾ ਵਿਚ ਗਾਏ ਜਾਂਦੇ ਗੀਤ ਦੇ ਸ. ਇੰਦਰਜੀਤ ਸਿੰਘ ਅੰਗਰੇਜ਼ੀ ਭਾਸ਼ਾ ਵਿਚ ਆਪਣੇ ਖੋਜ-ਪੱਤਰ ਵਿਚ ਸ਼ਾਮਲ ਕੀਤਾ ਗਿਆ ਹੈ। ਮੈਂ ਉਸ ਗੀਤ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਰ ਕੇ ਪਾਠਕਾਂ ਦੀ ਸੇਵਾ ਵਿਚ ਹੇਠਾਂ ਪੇਸ਼ ਕਰ ਰਿਹਾ ਹਾਂ:-

*ਮੈਂ ਉਨ੍ਹਾਂ ਪਾਪੀ ਪਹਾੜੀਆਂ (ਉੱਤਰ ਵਾਸੀਆਂ) ਦਾ ਪਾਣੀ ਨਹੀਂ ਪੀਵਾਂਗੀ।*
*ਇਨ੍ਹਾਂ ਵਸਨੀਕਾਂ ਵਿਚ ਮੇਰਾ ਕੋਈ ਦੋਸਤ ਅਤੇ ਰਿਸ਼ਤੇਦਾਰ ਨਹੀਂ।*
*ਇਨ੍ਹਾਂ ਪਹਾੜੀ ਮੈਦਾਨਾਂ ਵਿਚ ਮੇਰਾ ਕੋਈ ਭਰਾ ਅਤੇ ਮਿੱਤਰ ਨਹੀਂ।*
*ਮਿੱਤਰਾਂ ਅਤੇ ਰਿਸ਼ਤੇਦਾਰਾਂ ਵਿਚ ਮੇਰਾ ਕੇਵਲ ਜ਼ੋਰਾਵਰ ਹੀ ਹੈ।*
*ਅਤੇ ਇਹ ਕੇਵਲ ਜ਼ੋਰਾਵਰ ਹੀ ਸੀ ਜਿਸ ਨੇ ਮੈਨੂੰ ਘ੍ਰਿਣਤ ਵਿਧਵਾ ਬਣਾਇਆ ਹੈ।*
*ਉਹ ਕੇਵਲ ਜ਼ੋਰਾਵਰ ਹੀ ਸੀ ਜਿਸ ਨੇ ਆਪਣੀ ਰਾਣੀ ਨੂੰ ਘ੍ਰਿਣਤ ਵਿਧਵਾ ਬਣਾਇਆ।*
*ਜਦੋਂ ਜ਼ੋਜੀਲਾ ਪਾਸ ਪਹੁੰਚਦੇ ਹਾਂ ਉੱਥੋਂ ਮੇਰੀ ਪਿੱਤਰੀ ਭੂਮੀ (ਪੰਜਾਬ) ਵੇਖੀ ਜਾ ਸਕਦੀ ਹੈ,*
*ਭਾਵੇਂ ਮੈਂ ਆਪਣੀ ਪਿੱਤਰ ਭੂਮੀ ਵੇਖ ਸਕਦੀ ਹਾਂ,*
*ਭਾਵੇਂ ਮੈਂ ਉੱਥੇ ਪਹੁੰਚ ਕੇ ਆਪਣੀ ਪਿੱਤਰ ਭੂਮੀ ਵੇਖ ਸਕਦੀ ਹਾਂ।*
*ਪਰੰਤੂ ਜ਼ੋਰਾਵਰ ਦੀ ਰਾਣੀ ਉੱਥੇ ਪਹੁੰਚ ਨਹੀਂ ਸਕੇਗੀ।*

ਜਿਹੜੇ ਵੀ ਪੰਜਾਬੀ ਖਾਸ ਕਰਕੇ ਸਿੱਖ ਉਸ ਥਾਂ ਉੱਤੇ ਜਾਂਦੇ ਹਨ ਉਨ੍ਹਾਂ ਦਾ ਗ਼ਿਲਾ (ਸ਼ਿਕਾਇਤ) ਹੈ ਕਿ ਉੱਥੇ ਜਰਨੈਲ ਸਾਹਿਬ ਦਾ ਪੱਥਰਾਂ ਦੇ ਢੇਰ ਦੀ ਸਮਾਧੀ (TOMB) ਨਹੀਂ, ਸਗੋਂ ਕੋਈ ਢੁਕਵੀਂ ਯਾਦਗਾਰ ਬਣਾਈ ਜਾਣੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਬ੍ਰਿਗੇਡੀਅਰ ਸ. ਗੁਰਬਚਨ ਸਿੰਘ (ਬੱਲ) ਅਤੇ ਸ. ਇੰਦਰਜੀਤ ਸਿੰਘ ਨੇ ਵੀ ਕੀਤੀ ਹੈ।

ਅਫ਼ਸੋਸ ਅਤੇ ਅਤਿ-ਦੁਖਦਾਇਕ! ਉਸੇ ਇਲਾਕੇ ਉੱਤੇ ੧੯੬੨ ਈ. ਵਿਚ ਹਿੰਦ-ਚੀਨ ਵਿਚਕਾਰ ਭਿਆਨਕ ਅਤੇ ਖ਼ੂਨੀ ਜੰਗ ਹੋਇਆ। ਜਿਸ ਦੌਰਾਨ ਉਸ ਸਮੇਂ ਸਾਡੇ ਦੇਸ਼ ਉੱਤੇ ਰਾਜ ਕਰ ਰਹੇ ਤਤਕਾਲੀ ਨੇਤਾਵਾਂ ਅਤੇ ਭਾਰਤੀ ਫੌਜ ਦੀ ਕਮਾਂਡ ਕਰ ਰਹੇ ਜਰਨਲ ਕੋਲ ਵਰਗੇ ਨਲਾਇਕ ਅਫ਼ਸਰਾਂ ਦੀਆਂ ਬੇਵਕੂਫੀਆਂ ਅਤੇ ਗ਼ਲਤੀਆਂ ਕਾਰਨ ਭਾਰਤੀ ਫੌਜ ਦਾ ਬਹੁਤ ਭਾਰੀ ਨੁਕਸਾਨ ਹੋਇਆ ਅਤੇ ਅਜੇ ਵੀ ਬਹੁਤ ਵੱਡਾ

ਇਲਾਕਾ ਚੀਨ ਦੇ ਕਬਜ਼ੇ ਵਿਚ ਹੈ। ਜਿਸ ਕਾਰਨ ਹਮੇਸ਼ਾਂ ਹੀ ਦੋਹਾਂ ਦੇਸ਼ਾਂ ਵਿਚਕਾਰ ਹਿੰਦ-ਚੀਨ ਸਰਹੱਦ ਉੱਤੇ ਤਣਾਅ ਬਣਿਆ ਰਹਿੰਦਾ ਹੈ ਅਤੇ ਸਮੇਂ ਸਮੇਂ ਹੁੰਦੀਆਂ ਫੌਜੀ ਝੜਪਾਂ ਦੌਰਾਨ ਦੋਹਾਂ ਮੁਲਕਾਂ ਦੀਆਂ ਫੌਜਾਂ ਦਾ ਨੁਕਸਾਨ ਹੁੰਦਾ ਰਹਿੰਦਾ ਹੈ। ਇਸ ਸਾਲ ਵੀ ੧੫ ਜੂਨ, ੨੦੨੦ ਨੂੰ ਮੁੜ ਸਖ਼ਤ ਖ਼ੂਨੀ ਝੜਪ ਹੋਈ ਜਿਸ ਵਿਚ ਸਾਡੇ ੨੦ ਜਵਾਨਾਂ ਸਮੇਤ ਇਕ ਲੈਫਟੀਨੈਂਟ ਕਰਨਲ ਨੇ ਸ਼ਹੀਦੀ ਪਾਈ। ਇਨ੍ਹਾਂ ੨੦ ਭਾਰਤੀ ਸ਼ਹੀਦ ਫੌਜੀਆਂ ਵਿੱਚੋਂ ਚਾਰ ਪੰਜਾਬ ਤੋਂ ਕੇਵਲ ੨੧-੨੫ ਸਾਲ ਦੀ ਉਮਰ ਦੇ ਸਨ। ੧੯੬੨ ਦੀ ਜੰਗ ਤੋਂ ਬਾਅਦ ਵੱਡੇ ਇਕੱਠ ਦੇ ਸਾਹਮਣੇ ਅਤੇ ਤਤਕਾਲੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਮੌਜੂਦਗੀ ਵਿਚ ਹਿੰਦ-ਚੀਨ ਸਰਹੱਦ ਉੱਤੇ ਸ਼ਹੀਦ ਹੋਏ ਫੌਜੀ ਅਫਸਰਾਂ ਅਤੇ ਜਵਾਨਾਂ ਨੂੰ ਆਪਣੀ ਹਿਰਦੇ-ਵੇਦਕ ਸ਼ਰਧਾਂਜਲੀ ਰੂਪ ਵਿਚ ਗਾਏ ਗੀਤ ਰਾਹੀਂ ਮਹਾਨ ਗਾਇਕਾ ਬੀਬੀ ਲਤਾ ਮਗੇਸ਼ਕਰ ਨੇ ਦਿੱਤੀ ਜੋ ਇਸ ਪ੍ਰਕਾਰ ਸੀ— "ਐ ਮੇਰੇ ਵਤਨ ਕੇ ਲੋਗੋ ਜ਼ਰਾ ਆਂਖ ਮੇਂ ਭਰ ਲੋ ਪਾਨੀ। ਜੋ ਸ਼ਹੀਦ ਹੂਏ ਹੈਂ ਉਨ ਕੀ ਜ਼ਰਾ ਯਾਦ ਕਰੋ ਕੁਰਬਾਨੀ" ਆਦਿ। ਕਿਹਾ ਜਾਂਦਾ ਹੈ ਕਿ ਪੰਡਤ ਨਹਿਰੂ ਨੂੰ ਆਪਣੀ ਗ਼ਲਤ ਵਿਦੇਸ਼ੀ ਨੀਤੀ ਅਤੇ "ਹਿੰਦੀ-ਚੀਨੀ ਭਾਈ ਭਾਈ" ਦੇ ਝੂਠੇ ਨਾਅਰੇ-ਲਾਰੇ ਉੱਤੇ ਕੀਤੇ ਵਿਸ਼ਵਾਸ, ਹੋਈ ਸ਼ਰਮਨਾਕ ਹਾਰ ਉੱਤੇ ਉਸ ਨੂੰ ਇੰਨਾ ਦੁੱਖ ਮਹਿਸੂਸ ਹੋਇਆ ਕਿ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਸੱਚਮੁੱਚ ਹੀ ਪਾਣੀ ਵੱਗਣ ਲੱਗ ਪਿਆ ਸੀ ਅਤੇ ਇਹ ਮੰਨਿਆ ਜਾਂਦਾ ਹੈ ਕਿ ਅੰਤ ਨੂੰ ਪੰਡਤ ਨਹਿਰੂ ਦੀ ਇਸੇ ਸਦਮੇ ਕਾਰਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।

ਉਕਤ ਵਿਚਾਰ ਕਰਕੇ ਇਹ ਮਹਿਸੂਸ ਹੁੰਦਾ ਹੈ ਕਿ ਖ਼ਾਲਸਾ-ਪੰਥ ਵੱਲੋਂ ਮਾਰੀਆਂ ਮੱਲਾਂ, ਕੀਤੇ ਅਦਭੁੱਤ ਕਾਰਨਾਮਿਆਂ ਅਤੇ ਪ੍ਰਾਪਤ ਕੀਤੀਆਂ ਜਿੱਤਾਂ ਨੂੰ ਅਸੀਂ ਸਾਰਿਆਂ (ਪੰਜਾਬੀਆਂ ਅਤੇ ਭਾਰਤੀਆਂ) ਨੇ ਕੇਵਲ ਭੁਲਾ ਹੀ ਨਹੀਂ ਦਿੱਤਾ, ਸਗੋਂ ਰੋਲ਼ ਕੇ ਹੀ ਰੱਖ ਦਿੱਤਾ। ਅੱਜ ਕੋਈ ਐਸਾ ਨੇਤਾ ਨਹੀਂ ਦਿੱਸਦਾ ਜਿਹੜਾ ਕੌਮ ਨੂੰ ਸਹੀ ਅਗਵਾਈ ਦੇ ਸਕੇ ਅਤੇ ਖ਼ਾਲਸਾ ਪੰਥ ਤਥਾ ਪੰਜਾਬੀਆਂ ਦਾ ਖੁੱਸਿਆ ਮਾਣ-ਸਨਮਾਨ ਬਹਾਲ ਕਰਵਾ ਕੇ ਦੇਸ਼ ਅਤੇ ਦੁਨੀਆ ਵਿਚ ਇਕ ਨਵਾਂ ਇਤਿਹਾਸ ਸਿਰਜ ਸਕੇ ਅਤੇ ਸਿੱਖ ਕੌਮ ਦੀ ਬਿਖਰ ਚੁੱਕੀ ਸਾਖ ਨੂੰ ਮੁੜ ਬਹਾਲ ਕਰਵਾ ਸਕੇ । ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵੱਸ ਰਹੇ ਲੋਕਾਂ ਨੇ ਆਪਣੇ ਆਪਣੇ ਇਤਿਹਾਸ, ਬੋਲੀ-ਭਾਸ਼ਾ, ਸੱਭਿਆਚਾਰ ਨੂੰ ਪੁਨਰ-ਜੀਵਤ ਕਰਨ ਲਈ ਆਪਣੇ ਸੂਬੇ ਹੋਂਦ ਵਿਚ ਲੈ ਆਂਦੇ ਅਤੇ ਆਪਣੀ ਭਾਸ਼ਾ, ਇਤਿਹਾਸ, ਸੱਭਿਆਚਾਰ ਨੂੰ ਉਜਾਗਰ ਕਰ ਕੇ ਨਵੀਆਂ ਬੁਲੰਦੀਆਂ ਉੱਤੇ ਪਹੁੰਚਾ ਰਹੇ ਹਨ ਪਰੰਤੂ ਪੰਜਾਬ ਨੂੰ ਤਾਂ ਵਾਰ ਵਾਰ ਛਾਂਗਿਆ ਗਿਆ। ਟੁੱਕੜੇ-ਟੁੱਕੜੇ ਕੀਤਾ ਗਿਆ। ਲੰਮੇ ਸੰਘਰਸ਼ ਅਤੇ ਅਣਗਿਣਤ ਕੁਰਬਾਨੀਆਂ ਉਪਰੋਕਤ ਜਿਹੜਾ ਪੰਜਾਬੀ ਭਾਸ਼ਾ ਦੇ ਆਧਾਰਿਤ ਸੂਬਾ ਬਣਾਇਆ ਗਿਆ, ਉਸ ਕੋਲ ਨਾ ਹੀ ਆਪਣੀ ਰਾਜਧਾਨੀ, ਨਾ ਹੀ ਆਪਣਾ ਹਾਈਕੋਰਟ, ਨਾ ਹੀ ਆਪਣਾ ਪੂਰਾ ਪੰਜਾਬੀ

ਬੋਲਦਾ ਇਲਾਕਾ ਅਤੇ ਨਾਂ ਹੀ ਹੈੱਡ ਵਰਕਸ ਅਤੇ ਪੂਰਾ ਪਾਣੀ ਹੀ ਹੈ, ਸਗੋਂ ਅਸੀਂ ਤਾਂ ਹੌਲੀ-ਹੌਲੀ ਆਪਣੇ ਨਿੱਜੀ ਸੁਆਰਥ ਅਤੇ ਕਮੀਆਂ-ਕਮਜ਼ੋਰੀਆਂ ਕਾਰਨ ਇਨ੍ਹਾਂ ਸਭ ਕੁਝ ਉੱਤੇ ਆਪਣਾ ਬਣਦਾ ਹੱਕ ਹੀ ਛੱਡ ਦਿੱਤਾ ਹੈ। ਭਵਿੱਖ ਬਿਲਕੁਲ ਧੁੰਦਲਾ ਹੈ। ਪੰਜਾਬ ਤਾਂ ਨਸ਼ਿਆਂ ਵਿਚ ਬੁਰੀ ਤਰ੍ਹਾਂ ਫਸ ਗਿਆ ਹੈ। ਇੱਥੇ ਤਾਂ ਲੈਂਡ ਮਾਫੀਆ, ਮਾਈਨਿੰਗ ਮਾਫੀਆ, ਡਰੱਗ ਮਾਫੀਆ, ਗੈਂਗਸਟਰ ਕਲਚਰ, ਨੀਵੀਂ ਪੱਧਰ ਦੀ ਗਾਇਕੀ ਆਦਿ ਪੰਜਾਬ ਲਈ ਮਾਰੂ ਕਾਰਜ ਹੀ ਭਾਰੂ ਹਨ ਅਤੇ ਬੇਰੁਜ਼ਗਾਰੀ ਅਤਿ ਦਰਜੇ ਦੀ ਮਾਯੂਸੀ ਕਾਰਨ ਸਾਡੀ ਨੌਜਵਾਨ ਪੀੜ੍ਹੀ ਪੂਰਬ ਦੇ ਭਈਆਂ ਵਾਂਗ ਰੋਟੀ-ਰਿੱਜਕ ਦੀ ਭਾਲ ਵਿਚ ਵਿਦੇਸ਼ਾਂ ਨੂੰ ਵਹੀਰਾਂ ਘੱਤੀ ਜਾ ਰਹੀ ਹੈ ਅਤੇ ਹਰ ਸਾਲ ਸਤਾਈ (੨੭) ਹਜ਼ਾਰ ਕਰੋੜ ਰੁਪਏ ਅਜਾਈਂ ਬਰਬਾਦ ਕਰ ਰਹੇ ਹਨ। ਕਿਸਾਨੀ ਹਾਲੋਂ-ਬੇਹਾਲ ਹੋ ਚੁੱਕੀ ਹੈ। ਭਾਰਤ ਦਾ ਪੰਜਾਬੀ ਅੰਨਦਾਤਾ ਕਿਸਾਨ ਆਰਥਿਕ ਤੰਗੀ ਕਾਰਨ ਖ਼ੁਦਕੁਸ਼ੀਆਂ ਕਰ ਰਿਹਾ ਹੈ। ਇਹ ਸਭ ਕੁਝ ਡੂੰਘੀ ਸਾਜ਼ਿਸ਼ ਅਧੀਨ ਹੀ ਕੀਤਾ ਜਾ ਰਿਹਾ ਹੈ।

ਪਰੰਤੂ ਮਹਾਨ ਗੁਰੂਆਂ, ਫਕੀਰਾਂ, ਭਗਤਾਂ, ਸ਼ਹੀਦਾਂ ਦੀ ਧਰਤੀ ਉੱਤੇ ਛਾਏ ਹੋਏ ਕਾਲੇ ਬੱਦਲ ਇਕ ਦਿਨ ਜ਼ਰੂਰ ਹੀ ਛੱਟ ਜਾਣਗੇ। ਸਾਰੀਆਂ ਸਾਜਿਸ਼ਾਂ, ਸ਼ਰਾਰਤਾਂ ਅਤੇ ਜ਼ਿਆਦਤੀਆਂ ਹਟ ਜਾਣਗੀਆਂ। ਸਮੇਂ ਦੀ ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਪੰਜਾਬੀਆਂ ਅੰਦਰ ਇਕ ਨਵੀਂ ਜਾਗ੍ਰਤੀ ਜ਼ਰੂਰ ਆਏਗੀ। ਉਹ ਆਪਣੀਆਂ ਜੜ੍ਹਾਂ ਪ੍ਰਤੀ ਜ਼ਰੂਰ ਸੁਚੇਤ ਅਤੇ ਜਾਗ੍ਰਿਤ ਹੋਣਗੇ। ਐਸਾ ਮੇਰਾ ਵਿਸ਼ਵਾਸ ਹੈ। ਜਿਸ ਧਰਤੀ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਸਿੰਘ ਨਾਦ' ਗੂੰਜਿਆ ਹੋਵੇ। ਉਸ ਧਰਤੀ ਉਤੇ ਹਨੇਰੇ ਤੋਂ ਬਾਅਦ ਨਵੀਂ ਸਵੇਰ ਜ਼ਰੂਰ ਆਵੇਗੀ। ਨਵਾਂ ਸੂਰਜ ਫਿਰ ਇਕ ਦਿਨ ਚਮਕੇਗਾ ਅਤੇ ਇਕ ਦਿਨ ਮੁੜ ਪੰਜਾਬ ਭਾਰਤ ਦਾ ਇਕ ਸਰਬਪੱਖੀ ਖੁਸ਼ਹਾਲ ਸੂਬਾ ਬਣ ਜਾਵੇਗਾ। ਸਮਾਂ ਬੜਾ ਮਹਾਨ ਹੁੰਦਾ ਹੈ। ਇਹ ਨੀਵਿਆਂ ਨੂੰ ਉੱਚੇ ਅਤੇ ਉੱਚਿਆਂ ਨੂੰ ਨੀਵੇਂ ਬਣਾ ਦਿੰਦਾ। ਮਾਲਕਾਂ ਨੂੰ ਮਤਾਹਿਤ ਅਤੇ ਮਤਾਹਿਤਾਂ ਨੂੰ ਮਾਲਕ ਬਣਾ ਦਿੰਦਾ ਹੈ। ਨਵੇਂ ਲੀਡਰ- ਨੇਤਾ ਪੈਦਾ ਕਰ ਦਿੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੬)*

ਅਤੇ

*ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੨)*

ਪਰਮਾਤਮਾ ਮਿਹਰਬਾਨ ਹੋ ਕੇ ਦੇਸ਼ ਅਤੇ ਕੌਮ ਦੀ ਹੋਣੀ ਬਦਲ ਕੇ ਦੇਸ਼-ਕੌਮ ਨੂੰ ਪਹਿਲਾਂ ਨਾਲੋਂ ਵੀ ਵੱਡਾ ਮਾਣ-ਸਨਮਾਨ ਦਿੰਦਾ ਹੈ। ਸਮਾਂ ਮਹਾਨ ਹੈ, ਉਹ ਮਤਾਹਿਤਾਂ ਨੂੰ ਮਾਲਕ ਅਤੇ ਮਾਲਕਾਂ ਨੂੰ ਮਤਾਹਿਤ ਵੀ ਬਣਾ ਦਿੰਦਾ ਹੈ। ਜਿਸ ਅੰਗਰੇਜ਼ ਦੇ ਰਾਜ ਉੱਤੇ ਸੂਰਜ ਨਹੀਂ ਸੀ ਛਿਪਦਾ। ਉਸ ਅੰਗਰੇਜ਼ ਦਾ ਉਹ ਇੰਗਲੈਂਡ ਅਤੇ ਉਸ ਦਾ ਤਾਜ

(BRITISH CROWN) ਅੱਜ ਅਕਾਰ ਵਿਚ ਬਹੁਤ ਹੀ ਛੋਟਾ ਅਤੇ ਇਕ ਤਰ੍ਹਾਂ ਨਾਲ ਅਣਗੌਲਿਆ ਹੀ ਹੋ ਗਿਆ ਹੈ। ਵਿਸ਼ਵਾਸ ਉੱਤੇ ਹੀ ਦੁਨੀਆ ਖੜੀ ਹੈ। ਜਿਨ੍ਹਾਂ ਦੇ ਇਰਾਦੇ ਦ੍ਰਿੜ੍ਹ ਹਨ, ਜਿਗਰੇ ਪਹਾੜ ਜਿੱਡੇ ਹਨ, ਨੀਯਤ ਅਤੇ ਨੀਤੀ ਨੇਕ ਹੈ ਉਹ ਲੋਕ ਹਮੇਸ਼ਾ ਹੀ ਸਾਰੀਆਂ ਦੁਸ਼ਵਾਰੀਆਂ, ਲਾਚਾਰੀਆਂ, ਔਕੜਾਂ, ਉਲਝਣਾਂ ਅਤੇ ਸਾਜ਼ਿਸ਼ਾਂ ਅਤੇ ਸ਼ਰਾਰਤਾਂ ਨੂੰ ਮਾਤ ਪਾ ਕੇ ਜਿੱਤ ਪ੍ਰਾਪਤ ਕਰ ਹੀ ਲੈਂਦੇ ਹਨ। ਵਿਸਵਾਸ ਰੱਖੋ ਇਕ ਦਿਨ ਸਮਾਂ ਜ਼ਰੂਰ ਆਵੇਗਾ। ਪੰਜਾਬੀ ਅਤੇ ਖਾਸ ਕਰਕੇ ਪੰਥ ਖ਼ਾਲਸਾ ਕਦੀ ਵੀ ਨਿਰਾਸ਼ਤਾ ਦੀ ਡੂੰਘੀ ਖੱਡ ਵਿਚ ਨਹੀਂ ਡਿੱਗਦਾ, ਸਗੋਂ ਇਹ ਤਾਂ ਵਾਰ-ਵਾਰ ਮੁੜ ਖੜੇ ਹੋਣ ਦੀ ਸਮਰੱਥਾ ਰੱਖਦਾ ਹੈ। ਸਤਿਗੁਰਾਂ ਨੇ ਖ਼ਾਲਸਾ ਪੰਥ ਅਤੇ ਪੰਜਾਬ ਦੀ ਧਰਤੀ ਨੂੰ ਐਸਾ ਹੀ ਵਰਦਾਨ ਦਿੱਤਾ ਹੈ। ਆਉ, ਪੰਜਾਬੀਓ! ਉਠੋ ਵੀਰੋ-ਭੈਣੋ, ਨੌਜਵਾਨ, ਬੁੱਧੀਜੀਵੀਓ, ਅਧਿਆਪਕ ਸਾਹਿਬਾਨ, ਸੰਤ-ਪੁਰਸ਼ ਅਤੇ ਖਾਸ ਕਰਕੇ ਮਾਪਿਓ, ਉਠੋ-ਜਾਗੋ-ਸੋਚੋ!! ਆਪਣੀ ਹੋਂਦ-ਹਸਤੀ ਇਤਿਹਾਸ ਨੂੰ ਜਾਣੋ, ਪਹਿਚਾਣੋ ਅਤੇ ਅਗਰਸਰ ਹੋ ਕੇ ਕਾਰਜਸ਼ੀਲ ਹੋਈਏ ਤਾਂ ਜੋ ਸਾਡਾ ਪੰਜਾਬ ਭਾਰਤ ਦੇਸ਼ ਹੀ ਨਹੀਂ, ਸਗੋਂ ਦੁਨੀਆ ਦਾ ਇਕ ਸਰਬ-ਸਮਰੱਥ ਖੁਸ਼ਹਾਲ ਘੁੱਗ ਵੱਸਦਾ ਸੂਬਾ ਬਣ ਸਕੇ। ਮਾਯੂਸੀ ਸਾਡੇ ਸੱਭਿਆਚਾਰ, ਸੋਚ ਅਤੇ ਸਿਧਾਂਤ ਵਿਚ ਹੀ ਨਹੀਂ। ਅਸੀਂ ਤਾਂ ਹਰ ਰੋਜ਼ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਦੀ ਅਰਦਾਸ ਕਰਦੇ ਹਾਂ। ਫਿਰ ਮਾਯੂਸੀ ਅਤੇ ਢਹਿੰਦੀ ਕਲਾ ਵਾਲਾ ਰਵੱਈਆ ਕਿਉਂ? ਨਮੋਸ਼ੀ, ਮਾਯੂਸੀ ਅਤੇ ਢਹਿੰਦੀ ਕਲਾ ਵਿਚ ਉਹ ਲੋਕ ਹੀ ਜਾਂਦੇ ਹਨ ਜਿਹੜੇ ਆਪਣੇ ਸਿਧਾਂਤ ਅਤੇ ਗੌਰਵਮਈ ਇਤਿਹਾਸ ਨਾਲੋਂ ਟੁੱਟੇ ਹੋਏ ਅਤੇ ਉਨ੍ਹਾਂ ਦੀ ਪਰਮਾਤਮਾ ਅਤੇ ਆਪਣੇ ਸਤਿਗੁਰਾਂ ਉੱਤੇ ਭਰੋਸਾ ਨਹੀਂ ਰਿਹਾ, ਸਗੋਂ ਆਪਣੀ ਚਲਾਕੀਆਂ ਚਤੁਰਾਈਆਂ ਅਤੇ ਨਿੱਜਪ੍ਰਸਤੀ ਨੂੰ ਮੁੱਖ ਰੱਖ ਕੇ ਹੀ ਕਾਰਜਸ਼ੀਲ ਹਨ। ਭਾਵੇਂ ਮੁੱਢੋਂ ਹੀ ਪੰਜਾਬੀਆਂ ਅਤੇ ਖ਼ਾਲਸਾ ਪੰਥ ਉੱਤੇ ਸਮੇਂ-ਸਮੇਂ ਆਪਣਿਆ ਅਤੇ ਬਿਗਾਨਿਆਂ ਵੱਲੋਂ ਹਮਲੇ ਹੁੰਦੇ ਰਹੇ ਹਨ, ਪਰੰਤੂ ਅਸੀਂ ਹਾਰ ਨਹੀਂ ਮੰਨੀ। ਕਦੀ ਹੌਂਸਲਾ ਨਹੀਂ ਹਾਰਿਆ। ਪੰਜਾਬ ਤੁਹਾਨੂੰ ਵੰਗਾਰਦਾ ਹੈ। ਇਤਿਹਾਸ ਤੁਹਾਨੂੰ ਵਾਰ-ਵਾਰ ਉਸ ਉੱਤੇ ਮਾਣ ਕਰਨ ਲਈ ਪੁਕਾਰਦਾ ਹੈ। ਤੁਹਾਡਾ ਉੱਜਲ ਭਵਿੱਖ ਤਹਾਨੂੰ ਦੋਵੇਂ ਬਾਹਵਾਂ ਖੋਲ੍ਹ ਕੇ, ਖਿਲਾਰ ਕੇ ਉਡੀਕ ਰਿਹਾ ਹੈ।

*ਸ਼ਾਹ ਮੁਹੰਮਦਾ ਅੰਤ ਨੂੰ ਸੋਈ ਹੋਸੀ।*
*ਜੋ ਕਰੇਗਾ ਖ਼ਾਲਸਾ ਪੰਥ ਮੀਆਂ।*

ਤਥਾ

*ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥*

■

# ਸਿੱਖੀ ਅਤੇ ਚੜ੍ਹਦੀ ਕਲਾ

*-ਡਾ. ਰੂਪ ਸਿੰਘ**

ਖ਼ਾਲਸਾ-ਪੰਥ ਆਪਣੀ ਸਾਜਣਾ ਦੀਆਂ ਤਿੰਨ ਸ਼ਤਾਬਦੀਆਂ ਸੰਪੂਰਨ ਕਰ ਚੁੱਕਾ ਹੈ। ਇਤਿਹਾਸਿਕ ਦਿਹਾੜੇ ਨੂੰ ਮਨਾਉਣ ਤੇ ਯਾਦਗਾਰੀ ਬਣਾਉਣ ਲਈ ਦੇਸ਼-ਵਿਦੇਸ਼ ਵਿਚ ਵਿਅਕਤੀਗਤ, ਸਮੂਹਿਕ, ਸੰਸਥਾਗਤ ਰੂਪ ਵਿਚ ਯਤਨ ਹੋਏ ਹਨ। ਮੰਤਵ ਸਭ ਦਾ ਸਾਂਝਾ ਰਿਹਾ ਹੈ ਕਿ ਇਸ ਪਾਵਨ ਮੌਕੇ ਨੂੰ ਐਸੇ-ਢੰਗ ਤਰੀਕਿਆਂ ਤੇ ਵਿਉਂਤਬੰਦੀ ਨਾਲ ਮਨਾਇਆ ਜਾਵੇ ਕਿ ਆਉਣ-ਵਾਲੀਆਂ ਪੀੜ੍ਹੀਆਂ ਤੇ ਗ਼ੈਰ-ਸਿੱਖ, ਖ਼ਾਲਸਾ-ਪੰਥ ਦੀ ਵਿਲੱਖਣ ਹੋਂਦ-ਹਸਤੀ ਤੇ ਨਿਰਮਲ ਵਿਚਾਰਧਾਰਾ ਤੋਂ ਪ੍ਰੇਰਨਾ ਉਤਸ਼ਾਹ ਪ੍ਰਾਪਤ ਕਰ, ਨਾਨਕ-ਨਿਰਮਲ ਪੰਥ ਦੇ ਪਾਂਧੀ ਬਣ ਮਾਣ ਮਹਿਸੂਸ ਕਰਨ। ਇਹ ਸੁਭਾਗ ਸਮਾਂ ਜਿਨ੍ਹਾਂ ਵੀ ਗੁਰੂ-ਪਿਆਰਿਆਂ ਨੂੰ ਦੇਖਣ-ਮਾਣਨ ਦਾ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਨਾਲ ਪ੍ਰਾਪਤ ਹੋਇਆ, ਉਹ ਸੁਭਾਗੇ ਇਨਸਾਨ ਹੋਣੇਗੇ। ਇਹ ਇਤਿਹਾਸਿਕ ਅਵਸਰ, ਉਨ੍ਹਾਂ ਸਭ ਲਈ ਜੀਵਨ ਦੀ ਸਭ ਤੋਂ ਮਹੱਤਵਪੂਰਨ ਅਭੁੱਲ ਯਾਦ ਬਣੀ। ਸਮੁੱਚੀ ਕੌਮ ਵਿਚ ਇਸ ਇਤਿਹਾਸਿਕ ਦਿਹਾੜੇ ਨੂੰ ਮਨਾਉਣ ਲਈ ਦਿਲੀ ਚਾਓ ਤੇ ਰੀਝ ਉੱਘੜ ਕੇ ਪ੍ਰਗਟ ਹੋਈ ਹੈ। ਇਸ ਸੰਬੰਧੀ ਇਕ 'ਚੇਤਨਾ ਲਹਿਰ' ਚੱਲ ਪਈ ਹੈ।

ਵਿਸ਼ਵ ਦੇ ਇਤਿਹਾਸ ਵਿਚ ਸਿੱਖ ਕੌਮ ਨੂੰ ਹੀ ਇਹ ਮਾਣ ਹਾਸਲ ਹੈ ਕਿ ਇਹ ਨਿਸ਼ਚਿਤ ਦਿਨ 'ਤੇ ਆਪਣਾ ਕੌਮੀ ਸਾਜਣਾ ਦਿਵਸ ਹਰ ਸਾਲ ਮਨਾਉਂਦੀ ਹੈ। ਕੌਮ ਨੇ ਆਪਣੀ ਤੀਸਰੀ ਜਨਮ ਸ਼ਤਾਬਦੀ ਹਰ ਪੱਖੋਂ ਪੰਥਕ ਜਾਹ-ਓ-ਜਲਾਲ ਤੇ ਖ਼ਾਲਸਈ ਪਰੰਪਰਾਵਾਂ ਅਨੁਸਾਰ ਮਨਾਈ, ਇਸ ਲਈ ਹਰ ਗੁਰਸਿੱਖ ਨੇ ਆਪਣਾ ਸਰੋਕਾਰ ਦਿਖਾਇਆ ਹੈ। ਇਹ ਮੌਕਾ ਸੀ ਜਿਸ 'ਤੇ ਕੌਮੀ ਪਹਿਚਾਣ ਨੂੰ ਵਿਸ਼ਵ ਵਿਚ ਪ੍ਰਚਾਰਿਆ-ਪ੍ਰਸਾਰਿਆ ਜਾ ਸਕਦਾ ਸੀ। ਕੌਮ ਦੇ ਸੂਝਵਾਨ ਲੀਡਰ, ਧਾਰਮਿਕ ਆਗੂਆਂ ਨੇ ਤੀਸਰੀ ਸ਼ਤਾਬਦੀ ਨੂੰ ਮਨਾਉਣ ਲਈ ਗੰਭੀਰ ਤੌਰ 'ਤੇ ਉਸਾਰੂ ਪ੍ਰੋਗਰਾਮ ਉਲੀਕੇ। ਇਸ ਤੋਂ ਇਹ ਭਰੋਸਾ ਹੋਰ ਵੀ ਸੁਨਿਸ਼ਚਿਤ ਹੋਇਆ ਕਿ ਸਿੱਖ ਕੌਮ ਦਾ ਭਵਿੱਖ ਬਹੁਤ ਹੀ ਚੜ੍ਹਦੀ ਕਲਾ ਵਾਲਾ ਹੋਵੇਗਾ। ਜੇ ਕਿਧਰੇ ਬਾਹਰੀ ਸਰੂਪ ਵਿਚ ਵਕਤੀ ਤੌਰ 'ਤੇ ਢਿੱਲ-ਮੱਠ ਆਈ ਹੈ, ਉਹ ਆਉਣ ਵਾਲੇ ਸਮੇਂ ਵਿਚ ਦੂਰ ਹੋ ਜਾਵੇਗੀ।

ਇਹ ਸਮਾਂ ਸਾਡੇ ਲਈ ਆਤਮ-ਚਿੰਤਨ ਤੇ ਸਵੈ-ਪੜਚੋਲ ਦਾ ਵੀ ਸੀ। ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਸਿਧਾਂਤਕ ਤੇ ਵਿਚਾਰਧਾਰਕ ਰੂਪ ਵਿਚ ਸਾਡੇ ਪਾਸ ਅਮੀਰ ਵਿਰਾਸਤੀ ਖ਼ਜ਼ਾਨਾ ਹੈ ਜਿਸ ਦਾ ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਕੋਈ ਸਾਨੀ ਨਹੀਂ ਅਤੇ ਫਿਰ ਸ਼ਾਨਾਂ-ਮੱਤਾ ਸਾਡਾ ਇਤਿਹਾਸਿਕ ਪਿਛੋਕੜ ਹੈ। ਇਸ ਆਧਾਰ 'ਤੇ ਹੀ ਅਸੀਂ ਇਹ ਕਹਿਣ ਦੀ ਖੁੱਲ੍ਹ ਲੈ ਸਕਦੇ ਹਾਂ ਕਿ ਖ਼ਾਲਸਾ-ਪੰਥ ਦੇ ਖ਼ਾਲਸ ਸਿਧਾਂਤ ਤੇ ਵਿਚਾਰਧਾਰਾ ਹੀ ੨੧ਵੀਂ ਸਦੀ ਵਿਚ ਨਸ਼ਿਆਂ ਵਿਚ ਗ਼ਲਤਾਨ

**ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। E-mail: sikhscholar@gmail.com*

ਮਨੁੱਖੀ ਸਮਾਜ, ਏਡਜ਼ ਵਰਗੀਆਂ ਨਾਮੁਰਾਦ ਭਿਆਨਕ ਬਿਮਾਰੀਆਂ ਨਾਲ ਗ੍ਰਸੀ ਲੋਕਾਈ, ਪਦਾਰਥਵਾਦ ਦੀ ਅੰਨ੍ਹੀ ਦੌੜ ਵਿਚ ਭਟਕੀ ਹੋਈ ਮਨੁੱਖਤਾ ਨੂੰ ਮਾਰਗ-ਦਰਸ਼ਨ, ਸੇਧ ਤੇ ਅਗਵਾਈ ਪ੍ਰਦਾਨ ਕਰ ਸਕਦੀ ਹੈ।

ਬਾਹਰੀ ਸਰੂਪ ਵਿਚ ਜੇਕਰ ਕਿਧਰੇ ਕਮਜ਼ੋਰੀ ਅਥਵਾ ਢਿੱਲ-ਮੱਠ ਆਈ ਹੈ ਤਾਂ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਪਰ ਇਸ ਨੂੰ ਕੌਮ ਦੀ ਹੋਂਦ-ਹਸਤੀ 'ਤੇ ਪ੍ਰਸ਼ਨ-ਚਿੰਨ੍ਹ ਨਹੀਂ ਸਮਝਣਾ ਚਾਹੀਦਾ। ਕਿਸੇ ਵਿਅਕਤੀ-ਵਿਸ਼ੇਸ਼ ਦੀ ਹੋਂਦ-ਹਸਤੀ ਦੇ ਭਵਿੱਖ ਬਾਰੇ ਤਾਂ ਸ਼ੱਕ ਕੀਤਾ ਜਾ ਸਕਦਾ ਹੈ ਪਰ ਕੌਮੀ ਪੱਧਰ 'ਤੇ ਅਜਿਹਾ ਸੋਚਣਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ। ਅਕਾਲ ਪੁਰਖ ਦੇ ਹੁਕਮ ਵਿਚ ਅਕਾਲ ਪੁਰਖ ਦੇ ਰੂਪ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਸਾਜਿਆ ਹੋਇਆ ਖ਼ਾਲਸਾ-ਪੰਥ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇਗਾ। ਚੜ੍ਹਦੀ ਕਲਾ ਦਾ ਪ੍ਰਤੀਕ ਗੁਰੂ ਦਾ ਸਿੱਖ ਨਿਰਾਸ਼ਾਵਾਦੀ ਸੋਚ ਦਾ ਧਾਰਨੀ ਹੋ ਹੀ ਨਹੀਂ ਸਕਦਾ। ਗੁਰੂ ਦਾ ਸਿੱਖ ਕਿਸੇ ਪੰਥ-ਦਰਦ ਨੂੰ ਵੇਖ ਕੇ ਭਾਵੁਕ ਹੋ ਸਕਦਾ ਹੈ ਪਰ ਉਸ ਭਾਵੁਕਤਾ ਨੂੰ ਨਿਰਾਸ਼ਾਵਾਦੀ ਸੋਚ ਸਮਝਣਾ ਭੁੱਲ ਹੈ। ਭਾਵੇਂ ਕਿ ਇਸ ਬਾਰੇ ਦੋ ਰਾਵਾਂ ਨਹੀਂ ਕਿ ਬਾਹਰੀ ਸਰੂਪ ਤੋਂ ਪੰਜਾਬ ਵਿਚ ਵਿਸ਼ੇਸ਼ ਕਰਕੇ ਢਿੱਲ ਦੇਖਣ ਨੂੰ ਮਿਲਦੀ ਹੈ। ਇਹ ਖੇਤਰੀ ਤੇ ਵਕਤੀ ਸਮੱਸਿਆ ਤਾਂ ਹੋ ਸਕਦੀ ਹੈ ਪਰ ਕੌਮੀ ਨਹੀਂ। ਪੰਜਾਬ ਜਿਸ ਦੌਰ ਵਿੱਚੋਂ ਪਿਛਲੇ ਸਮੇਂ ਗੁਜ਼ਰਿਆ, ਉਹ ਵੀ ਇਸ ਦਾ ਇਕ ਕਾਰਨ ਹੈ ਕਿਉਂਕਿ ਸਰਕਾਰੀ ਤਸ਼ੱਦਦ ਕਰਕੇ ਬਹੁਤ ਸਾਰੇ ਗੁਰਸਿੱਖ ਸਦਾਉਣ ਵਾਲੇ ਆਪਣੇ ਬਚਾਅ ਲਈ ਸਿੱਖੀ ਸਰੂਪ ਤੋਂ ਦੂਰ ਹੋ ਗਏ ਪਰ ਸਮੇਂ ਦੇ ਬਦਲਾਓ ਨਾਲ ਉਹ ਫਿਰ ਆਪਣੇ ਅਸਲ ਸਰੂਪ ਨੂੰ ਧਾਰਨ ਕਰ ਰਹੇ ਹਨ। ਦੂਸਰਾ, ਟੀ. ਵੀ. ਕਲਚਰ, ਸਿੱਖ ਸੱਭਿਅਚਾਰ 'ਤੇ ਭਾਰੂ ਹੋ ਰਿਹਾ ਹੈ। ਤੀਸਰਾ, ਫ਼ੈਸ਼ਨਪ੍ਰਸਤੀ ਤੇ ਹੀਰੋਇਜ਼ਮ ਦੇ ਸ਼ਿਕਾਰ ਸਾਡੇ ਨੌਜੁਆਨ ਵਿਦਿਆਰਥੀ ਵੀ ਪਤਿਤਪੁਣੇ ਦੀ ਲਹਿਰ ਦੇ ਜਾਣੇ-ਅਣਜਾਣੇ ਸ਼ਿਕਾਰ ਹੋਏ ਹਨ।

ਅਜਿਹੇ ਹੀ ਪਤਿਤਪੁਣੇ ਤੇ ਨਸ਼ਿਆਂ ਵਿਚ ਗ਼ਲਤਾਨ ਸਿੱਖ ਸਦਵਾਉਣ ਵਾਲਿਆਂ ਨੂੰ ਸੁਚੇਤ ਕਰਨ ਲਈ ਵੱਖ-ਵੱਖ ਪ੍ਰਚਾਰ ਲਹਿਰਾਂ ਸਦਕਾ ਪਤਿਤਪੁਣੇ ਨੂੰ ਕਾਫ਼ੀ ਮੋੜਾ ਪਿਆ ਹੈ। ਇਹ ਸਮਾਗਮ ਕੌਮੀ ਸ਼ਕਤੀ ਦਾ ਪ੍ਰਦਰਸ਼ਨ ਵੀ ਕਰਦੇ ਹਨ ਅਤੇ ਖ਼ਾਲਸਈ ਸਰੂਪ ਦਾ ਪ੍ਰਗਟਾਵਾ ਵੀ, ਜਿਨ੍ਹਾਂ ਤੋਂ ਪ੍ਰੇਰਨਾ, ਉਤਸ਼ਾਹ ਲੈ, ਸਾਡੇ ਭੁੱਲੇ ਵੀਰ ਘਰ ਪਰਤ ਰਹੇ ਹਨ। ਪਰਵਾਰਿਕ ਤੇ ਸੰਸਥਾਗਤ ਪੱਧਰ 'ਤੇ ਸੁਹਿਰਦ ਯਤਨ ਕਰਨ ਦੀ ਲੋੜ ਹੈ। ਸਾਡਾ ਭਵਿੱਖ ਬਹੁਤ ਰੋਸ਼ਨ ਹੈ।

ਹਰ ਸਿੱਖ ਪਰਵਾਰ ਦਾ ਮੁਖੀ ਆਪਣੇ ਧਾਰਮਿਕ-ਨੈਤਿਕ ਫ਼ਰਜ਼ ਨੂੰ ਪਹਿਚਾਣੇ ਤੇ ਭਵਿੱਖ ਨੂੰ ਨਿਸਚਿਤ ਕਰਨ ਲਈ ਆਪਣੇ ਬੱਚਿਆਂ ਨੂੰ ਸਿੱਖ ਵਿਚਾਰਧਾਰਾ ਤੇ ਸਿੱਖ-ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰੇ।

ਸਕੂਲਾਂ-ਕਾਲਜਾਂ ਵਿਚ ਅਧਿਆਪਕ ਆਪਣੇ ਫ਼ਰਜ਼ ਨੂੰ ਪਹਿਚਾਣਦੇ ਹੋਏ ਚਰਿੱਤਰ ਨਿਰਮਾਣ ਕਰਨ ਲਈ ਗੁਰਬਾਣੀ ਦੇ ਅਟੱਲ ਸਿਧਾਂਤਾਂ ਤੇ ਸ਼ਾਨਾਂ-ਮੱਤੇ ਸਿੱਖ-ਇਤਿਹਾਸ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ। ਗੁਰੂ ਸਾਹਿਬਾਨ ਦੇ ਨਾਮ 'ਤੇ ਖ਼ਾਲਸਾ ਸਕੂਲਾਂ-ਕਾਲਜਾਂ ਅੰਦਰ ਸਿੱਖੀ ਸਰੂਪ ਤੇ ਦਸਤਾਰ ਦੀ ਵਰਦੀ ਨੂੰ ਲਾਜ਼ਮੀ ਕੀਤਾ ਜਾਵੇ। ਖ਼ਾਲਸਾ

ਸਕੂਲਾਂ-ਕਾਲਜਾਂ ਵਿਚ ਦਾਖ਼ਲੇ ਸਮੇਂ ਸਿੱਖੀ ਸਰੂਪ ਸਾਬਤ-ਸੂਰਤ ਹੋਣ ਦੀ ਸ਼ਰਤ ਲਾਜ਼ਮੀ ਕੀਤੀ ਜਾਵੇ; ਪਤਿਤ ਵਿਦਿਆਰਥੀਆਂ ਦਾ ਇਨ੍ਹਾਂ ਸੰਸਥਾਵਾਂ ਵਿਚ ਦਾਖ਼ਲਾ ਵਰਜਿਤ ਕੀਤਾ ਜਾਵੇ। ਸਕੂਲਾਂ-ਕਾਲਜਾਂ ਵਿਚ ਧਾਰਮਿਕ ਵਿੱਦਿਆ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਈ ਜਾਵੇ। ਸਭ ਤੋਂ ਵੱਧ ਸਕੂਲਾਂ-ਕਾਲਜਾਂ ਦੇ ਅਧਿਆਪਕ ਆਪ ਉੱਚ ਜੀਵਨ ਦੇ ਧਾਰਨੀ ਹੋ ਆਪ ਨਵੇਂ ਕੀਰਤੀਮਾਨ ਸਥਾਪਿਤ ਕਰਨ ਤਾਂ ਜੁ ਬੱਚੇ ਉਨ੍ਹਾਂ ਤੋਂ ਪ੍ਰੇਰਨਾ, ਉਤਸ਼ਾਹ ਪ੍ਰਾਪਤ ਕਰ ਸਕਣ। ਆਦਰਸ਼ਕ ਸਿੱਖ ਸ਼ਖ਼ਸੀਅਤ ਦੀ ਘਾੜਤ ਵਿਚ ਇਸ ਤਰ੍ਹਾਂ ਪਰਵਾਰ ਤੇ ਸਕੂਲ-ਕਾਲਜ ਦੇ ਮੁਖੀ, ਪ੍ਰਬੰਧਕ ਤੇ ਅਧਿਆਪਕ ਬਹੁਤ ਸਹਾਈ ਹੋ ਸਕਦੇ ਹਨ।

ਸਿੱਖ ਸੰਸਥਾਵਾਂ ਵਿਚ ਸਿੱਖ ਸਰੂਪ ਦੇ ਧਾਰਨੀ ਗੁਰਸਿੱਖਾਂ ਨੂੰ ਸੇਵਾ ਸਮੇਂ ਪਹਿਲ ਦਿੱਤੀ ਜਾਵੇ। ਆਰਮੀ ਤੇ ਪੰਜਾਬ ਪੁਲਿਸ ਵਿਚ ਸਿੱਖੀ ਸਰੂਪ ਸੰਬੰਧੀ ਜ਼ਰੂਰ ਹੀ ਚਿੰਤਾਜਨਕ ਗਿਰਾਵਟ ਆਈ ਹੈ। ਫ਼ੌਜ ਵਿਚ ਪਹਿਲਾਂ ਇਹ ਨਿਯਮ ਹੁੰਦਾ ਸੀ ਕਿ ਹਰ ਸਿੱਖ ਫ਼ੌਜੀ ਨੂੰ ਸਿੱਖੀ ਸਰੂਪ ਦੇ ਧਾਰਨੀ ਹੋਣਾ ਤੇ ਅੰਮ੍ਰਿਤ ਛਕਣਾ ਜ਼ਰੂਰੀ ਸੀ ਜੋ ਕਿ ਆਜ਼ਾਦ ਭਾਰਤ ਵਿਚ ਅਮਲ ਵਿਚ ਨਹੀਂ ਆ ਰਿਹਾ। ਇਸ ਨਿਯਮ ਨੂੰ ਬਹਾਲ ਕਰਨਾ ਜ਼ਰੂਰੀ ਹੈ।

ਇਹ ਵੀ ਡੂੰਘੀ ਤਰ੍ਹਾਂ ਸੋਚਣ-ਵਿਚਾਰਨ ਦਾ ਸਰੋਕਾਰ ਹੈ ਕਿ ਅਸੀਂ ਜੋ ਸਿੱਖ ਪਰਵਾਰਾਂ ਤੇ ਸਿੱਖ ਸਮਾਜ ਵਿਚ ਪੈਦਾ ਹੋਏ ਹਾਂ, ਸਾਨੂੰ ਆਪਣੀ ਹੋਂਦ-ਹਸਤੀ ਤੇ ਵਿਲੱਖਣਤਾ ਦਾ ਉਹ ਅਹਿਸਾਸ ਕਿਉਂ ਨਹੀਂ, ਜੋ ਗ਼ੈਰ-ਸਿੱਖ ਸਮਾਜ ਵਿਚ ਵੱਸਣ ਵਾਲੇ ਗੁਰਸਿੱਖਾਂ ਨੂੰ ਹੈ? ਇਹ ਅਹਿਸਾਸ ਪੰਜਾਬ ਦੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਵੱਸੇ ਉਨ੍ਹਾਂ ਪ੍ਰੀਤਵਾਨ ਗੁਰਸਿੱਖਾਂ ਨੂੰ ਹੋਇਆ ਜਿਨ੍ਹਾਂ ਨੇ ਸਿੱਖੀ ਸਰੂਪ, ਦਸਤਾਰ, ਕਕਾਰਾਂ ਸਮੇਤ ਵਿੱਦਿਆ ਪ੍ਰਾਪਤ ਕਰਨ ਤੇ ਫਿਰ ਉਨ੍ਹਾਂ ਦੇਸ਼ਾਂ ਵਿਚ ਸਰਵਿਸ ਕਰਨ ਲਈ ਲੰਮਾ ਸਮਾਂ ਸੰਘਰਸ਼ ਕੀਤਾ। ਸ਼ਾਇਦ ਇਹੀ ਕਾਰਨ ਹੈ ਕਿ ਪੰਜਾਬ ਦਾ ਨੌਜੁਆਨ ਆਪਣੀ ਦਸਤਾਰ ਪ੍ਰਤੀ ਇੰਨਾ ਸੁਚੇਤ ਨਹੀਂ ਜਿੰਨੇ ਕਿ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਵੱਸੇ ਤੇ ਸਰਕਾਰੀ ਮਹਿਕਮਿਆਂ ਵਿਚ ਸੇਵਾ ਕਰਦੇ ਗੁਰਸਿੱਖ। ਲੋੜ ਹੈ ਉਨ੍ਹਾਂ ਗੁਰਸਿੱਖਾਂ ਤੋਂ ਪ੍ਰੇਰਨਾ ਲੈਣ ਦੀ ਜਿਨ੍ਹਾਂ ਲੰਮਾ ਸਮਾਂ ਸੰਘਰਸ਼ ਕਰ ਕੇ ਸਾਬਤ-ਸੂਰਤ ਦਸਤਾਰਧਾਰੀ ਸਰੂਪ ਨੂੰ ਕਾਇਮ ਰੱਖਦਿਆਂ ਦੇਸ਼-ਵਿਦੇਸ਼ ਵਿਚ ਨਾਮਣਾ ਖੱਟਿਆ ਹੈ। ਜਿਨ੍ਹਾਂ ਨੇ ਅਮੀਰ ਸਿੱਖੀ ਵਿਰਸੇ ਤੇ ਸਰੂਪ ਨੂੰ ਤਿਲਾਂਜਲੀ ਦੇ ਕੇ ਉੱਚ ਅਹੁਦੇ ਪ੍ਰਾਪਤ ਕਰ ਲਏ ਹਨ, ਸਾਨੂੰ ਉਨ੍ਹਾਂ ਨੂੰ ਚੜ੍ਹਦੀ ਕਲਾ ਦੇ ਸਿੱਖੀ ਮਾਰਗ ਤੋਂ ਦੂਰ ਹੋਣ ਦੀ ਗ਼ਲਤੀ ਦਾ ਅਹਿਸਾਸ ਕਰਵਾਉਣ ਤੋਂ ਪਾਸਾ ਜਾਂ ਟਾਲਾ ਨਹੀਂ ਵੱਟਣਾ ਚਾਹੀਦਾ। ਇਹ ਸਾਡਾ ਗੁਰੂ-ਬਖ਼ਸ਼ਿਆ ਪ੍ਰਮੁੱਖ ਫ਼ਰਜ਼ ਹੈ। ਇਹ ਸਾਡਾ ਪ੍ਰਮੁੱਖ ਸਰੋਕਾਰ ਬਣਨਾ ਚਾਹੀਦਾ ਹੈ।

ਸਾਡਾ ਨਿਸ਼ਾਨਾ ਇੱਕੋ ਹੋਣਾ ਚਾਹੀਦਾ ਹੈ ਕਿ ਸਿੱਖੀ ਸੁਰਤਿ ਬਲਵਾਨ ਹੋਵੇ ਤੇ ਸਿੱਖ ਜਿੱਥੇ ਵੀ ਹੋਣ, ਚੜ੍ਹਦੀ ਕਲਾ ਵਿਚ ਵਿਚਰਨ ਤੇ ਵੱਸਣ। ਭਾਈ ਵੀਰ ਸਿੰਘ ਦੀਆਂ ਇਹ ਦੋ ਪੰਕਤੀਆਂ ਯਾਦ ਕਰਨ ਤੇ ਸੰਭਾਲਣ ਯੋਗ ਹਨ :

*ਸਿੱਖੀ ਹੈ ਬਲਵਾਨ, ਕਰਨਾ ਸੁਰਤਿ ਨੂੰ, ਚੜ੍ਹਦੀ ਕਲਾ ਨਿਵਾਸ, ਸਦ ਹੀ ਰੱਖਣਾ।*

ਸਵੇਰੇ-ਸ਼ਾਮ "ਨਾਨਕ ਨਾਮ ਚੜ੍ਹਦੀ ਕਲਾ" ਦੀ ਅਰਦਾਸ ਕਰਨ ਵਾਲਾ ਸਿੱਖ ਹਮੇਸ਼ਾ ਚੜ੍ਹਦੀ ਕਲਾ ਵਿਚ ਵਿਚਰੇਗਾ। ਨਿਰਾਸ਼ਾਵਾਦੀ ਸਿੱਖ ਹੋ ਹੀ ਨਹੀਂ ਸਕਦਾ। ■

# ਧਾਰਮਿਕ ਸੂਝ ਅਤੇ ਸਮਾਜਿਕ ਇਕਸੁਰਤਾ - ਸਿੱਖ ਦ੍ਰਿਸ਼ਟੀਕੋਣ

*-ਡਾ. ਪਰਮਵੀਰ ਸਿੰਘ**

ਜੀਵਨ ਦੇ ਉਤਰਾਅ-ਚੜ੍ਹਾਅ ਮੌਕੇ ਧਰਮ ਵਿਅਕਤੀ ਦੇ ਜੀਵਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਮਨ ਵਿਚ ਸਹਿਜ ਅਤੇ ਸੰਜਮ ਦੀ ਭਾਵਨਾ ਪੈਦਾ ਕਰ ਕੇ ਇਹ ਮਨੁੱਖ ਦੇ ਮਨ ਵਿਚ ਨਾ ਤਾਂ ਹਉਮੈਂ ਦੀ ਭਾਵਨਾ ਪੈਦਾ ਹੋਣ ਦਿੰਦਾ ਹੈ ਅਤੇ ਨਾ ਹੀ ਉਸ ਦੇ ਜੀਵਨ ਵਿਚ ਨਿਰਾਸ਼ਤਾ ਨੂੰ ਪ੍ਰਵੇਸ਼ ਕਰਨ ਦਿੰਦਾ ਹੈ। ਜੀਵਨ ਦੇ ਹਰ ਮੋੜ 'ਤੇ ਮਾਰਗ-ਦਰਸ਼ਨ ਕਰਨ ਦੇ ਨਾਲ-ਨਾਲ ਇਹ ਮਨੁੱਖ ਨੂੰ ਸਮਾਜਿਕ ਅਤੇ ਧਾਰਮਿਕ ਕਦਰਾਂ-ਕੀਮਤਾਂ ਨਾਲ ਜੋੜਨ ਦਾ ਯਤਨ ਕਰਦਾ ਹੈ। ਧਰਮ ਦੀ ਭਾਵਨਾ ਪ੍ਰੇਮ ਅਤੇ ਸਦਾਚਾਰ ਪੈਦਾ ਕਰਨ ਦੇ ਨਾਲ-ਨਾਲ ਇਕਸੁਰਤਾ ਅਤੇ ਇਕਜੁਟਤਾ ਨੂੰ ਕਾਇਮ ਰੱਖਣ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ।

**ਇਕਸੁਰਤਾ ਦਾ ਸਰੂਪ:** ਆਦਿ ਕਾਲ ਤੋਂ ਹੀ ਮਨੁੱਖ ਸਮੂਹ ਵਿਚ ਰਹਿਣ ਦਾ ਆਦੀ ਹੈ। ਸਮੂਹ ਵਿਚ ਤਾਂ ਹੀ ਅੱਗੇ ਵਧਿਆ ਜਾ ਸਕਦਾ ਹੈ ਜੇਕਰ ਆਪਸੀ ਪ੍ਰੇਮ ਅਤੇ ਵਿਸ਼ਵਾਸ ਕਾਇਮ ਰਹੇ। ਭਾਰਤੀ ਪਰੰਪਰਾ ਵਿਚ ਸਾਂਖਯ ਅਤੇ ਯੋਗ ਦੋ ਮਹੱਤਵਪੂਰਨ ਚਿੰਤਨ ਧਾਰਾਵਾਂ ਹਨ। ਸ੍ਰਿਸ਼ਟੀ ਦੀ ਸਿਰਜਣਾ ਵਿਚ ਇਹ ਸਤਵ, ਰਜਸ ਅਤੇ ਤਮਸ ਗੁਣਾਂ ਦਾ ਵਿਸ਼ੇਸ਼ ਯੋਗਦਾਨ ਮੰਨਦੀਆਂ ਹੋਈਆਂ ਦੱਸਦੀਆਂ ਹਨ ਕਿ ਜਦੋਂ ਇਹ ਤਿੰਨੇ ਗੁਣ ਸੰਯੁਕਤ ਰੂਪ ਵਿਚ ਕਾਰਜ ਕਰਦੇ ਹਨ ਤਾਂ ਵਿਕਾਸ ਹੁੰਦਾ ਹੈ ਅਤੇ ਜਦੋਂ ਇਹ ਤਿੰਨੇ ਗੁਣ ਨਿਸ਼ਕਿਰਿਆ ਹੋ ਜਾਂਦੇ ਤਾਂ ਵਿਨਾਸ਼ ਦਾ ਦੌਰ ਅਰੰਭ ਹੋ ਜਾਂਦਾ ਹੈ। ਏਸੇ ਤਰ੍ਹਾਂ ਮਨੁੱਖ ਤਾਂ ਹੀ ਕੋਈ ਕਾਰਜ ਸਫ਼ਲਤਾਪੂਰਵਕ ਸਿਰੇ ਚਾੜ੍ਹ ਸਕਦਾ ਹੈ ਜੇਕਰ ਉਸ ਦਾ ਮਨ ਅਤੇ ਸਰੀਰ ਮਿਲ ਕੇ ਕਾਰਜ ਕਰਨ। ਜੇਕਰ ਦੋਵਾਂ ਵਿਚ ਭੇਦ ਪੈਦਾ ਹੋ ਜਾਵੇ ਤਾਂ ਕੋਈ ਕੰਮ ਸੁਚਾਰੂ ਰੂਪ ਵਿਚ ਸਿਰੇ ਨਹੀਂ ਚੜ੍ਹ ਸਕਦਾ। ਮਨੁੱਖ ਨੂੰ ਆਪਣੇ ਦੋਵੇਂ ਪੈਰਾਂ ਤੋਂ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ, ਜਿਹੜੇ ਮਿਲ ਕੇ ਕੰਮ ਕਰਦੇ ਅਤੇ ਇੱਕੋ ਦਿਸ਼ਾ ਵਿਚ ਚੱਲਦੇ ਹਨ ਅਤੇ ਮਨੁੱਖ ਨੂੰ ਹਰ ਪ੍ਰਕਾਰ ਦੀ ਮੰਜ਼ਿਲ ਤਕ ਪਹੁੰਚਣ ਵਿਚ ਸਹਾਇਤਾ ਕਰਦੇ ਹਨ। ਇੱਕ ਪੈਰ ਨਾਲ ਵੱਡੀਆਂ ਮੰਜ਼ਿਲਾਂ ਤੈਅ ਕਰਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ, ਏਸੇ ਲਈ ਦੋਵੇਂ ਪੈਰ ਮਨੁੱਖ ਦਾ ਪੈਂਡਾ ਤੈਅ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਇਹੋ ਜਿਹੀ ਇਕਸੁਰਤਾ ਮਨੁੱਖ ਦੇ ਜੀਵਨ ਵਿਚ ਪੈਦਾ ਹੋਣੀ ਚਾਹੀਦੀ ਹੈ।

ਸਰੀਰ ਨੂੰ ਸਹੀ ਦਿਸ਼ਾ ਵਿਚ ਚਲਾਉਣ ਲਈ ਮਨ ਅਤੇ ਬੁੱਧੀ ਦਾ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਦੋਵਾਂ ਵਿਚ ਹਮੇਸ਼ਾਂ ਦਵੈਤ ਭਾਵ ਬਣਿਆ ਰਹਿੰਦਾ ਹੈ। ਮਨ ਬੁਰਾਈ ਵੱਲ ਜਾਣਾ ਲੋਚਦਾ ਹੈ, ਪਰ ਬੁੱਧੀ ਉਸ ਨੂੰ ਇਸ ਦੇ ਮਾੜੇ ਨਤੀਜਿਆਂ ਪ੍ਰਤੀ ਸੁਚੇਤ ਕਰਦੀ

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

ਹੈ। ਮਨੁੱਖ ਮਨ ਪਿੱਛੇ ਵਧੇਰੇ ਲੱਗਦਾ ਹੈ ਅਤੇ ਕਈ ਵਾਰ ਸੋਚਣ ਦਾ ਕਾਰਜ ਉਸ ਸਮੇਂ ਕਰਦਾ ਹੈ ਜਦੋਂ ਨੁਕਸਾਨ ਹੋ ਜਾਂਦਾ ਹੈ। ਦੋਵਾਂ ਵਿਚ ਇਕਸੁਰਤਾ ਦੀ ਭਾਵਨਾ ਹੋਣੀ ਬਹੁਤ ਜ਼ਰੂਰੀ ਹੈ, ਤਾਂ ਹੀ ਮਨੁੱਖ ਦੀ ਦਿਸ਼ਾ ਅਤੇ ਦਸ਼ਾ ਸਹੀ ਅਤੇ ਸੁਚਾਰੂ ਰੂਪ ਵਿਚ ਪ੍ਰਗਟ ਹੋ ਸਕਦੀ ਹੈ। ਮਨ ਅਤੇ ਬੁੱਧੀ ਵਿਚ ਪੈਦਾ ਹੋਈ ਇਕਸੁਰਤਾ ਸਰੀਰਕ ਕਿਰਿਆਵਾਂ 'ਤੇ ਪ੍ਰਭਾਵ ਪਾ ਕੇ ਉਸ ਨੂੰ ਵਿਕਾਸ ਦੀ ਦਿਸ਼ਾ ਵੱਲ ਲੈ ਜਾਂਦੀ ਹੈ, ਪਰ ਜੇਕਰ ਇਨ੍ਹਾਂ ਵਿਚ ਵਿਰੋਧ ਪੈਦਾ ਹੋ ਜਾਵੇ ਤਾਂ ਮਨੁੱਖ ਨੂੰ ਵਿਕਾਰਾਂ ਦੇ ਮਾਰਗ 'ਤੇ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਮਨ ਅਤੇ ਸਰੀਰ ਦੀ ਇਕਸੁਰਤਾ ਦੇ ਮਹੱਤਵ 'ਤੇ ਜੋਰ ਦਿੰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

*ਜੀਅਹੁ ਨਿਰਮਲ ਬਾਹਰਹੁ ਨਿਰਮਲ॥*
*ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥*
*ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੯)*

**ਇਕਸੁਰਤਾ ਭੰਗ ਹੋਣ ਦੇ ਕਾਰਨ:** ਮਨੁੱਖ ਦੇ ਜੀਵਨ ਨਾਲ ਜੁੜਿਆ ਹੋਣ ਕਰਕੇ ਧਰਮ ਭਾਵਨਾਤਮਿਕ ਸਾਂਝ ਪੈਦਾ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਇਸ ਕਰਕੇ ਜਦੋਂ ਵੀ ਮਨੁੱਖ ਦੀ ਧਾਰਮਿਕ ਭਾਵਨਾ ਨੂੰ ਠੇਸ ਪੁੱਜਦੀ ਹੈ ਤਾਂ ਉਹ ਤਿੱਖੀ ਪ੍ਰਤਿਕਿਰਿਆ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਇਸ ਨਾਲ ਸਮਾਜ ਵਿਚ ਬੇਚੈਨੀ ਅਤੇ ਅਸ਼ਾਂਤੀ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਕ ਦੂਜੇ ਲਈ ਖ਼ੂਨ-ਪਸੀਨਾ ਇਕ ਕਰਨ ਵਾਲੇ ਨਜ਼ਦੀਕੀ ਵਿਅਕਤੀ ਧਰਮ ਦੇ ਨਾਂ 'ਤੇ ਇਕ ਦੂਜੇ ਨੂੰ ਜਾਨ ਤੋਂ ਮਾਰਨ ਲਈ ਉਤਾਵਲੇ ਹੋ ਜਾਂਦੇ ਹਨ। ਧਰਮ ਦੇ ਨਾਂ 'ਤੇ ਇਕ ਦੂਜੇ ਪ੍ਰਤੀ ਤਿੱਖੀ ਪ੍ਰਤਿਕਿਰਿਆ ਕਰਨ ਦਾ ਰੁਝਾਨ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਧਰਮ ਦੀ ਭਾਵਨਾ ਜੀਵਨ ਵਿੱਚੋਂ ਮਨਫ਼ੀ ਹੋ ਜਾਂਦੀ ਹੈ ਅਤੇ ਸੁਆਰਥ ਅਧੀਨ ਝੂਠ ਦਾ ਬੋਲਬਾਲਾ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਲੋਕਾਂ ਦੇ ਮਨ ਵਿੱਚੋਂ ਧਰਮ ਦੀ ਮਨਫ਼ੀ ਹੋਈ ਭਾਵਨਾ ਕਾਰਨ ਪੈਦਾ ਹੋਈ ਸਮਾਜਿਕ ਅਤੇ ਰਾਜਨੀਤਿਕ ਸਥਿਤੀ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਪੈਦਾ ਹੋਈ ਖਿੱਚੋਤਾਣ ਦਾ ਵਰਣਨ ਕਰਦੇ ਹੋਏ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

*ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।*
*ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।*
*ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।*
*ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।*

*ਖਟ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।*
*ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।*
*ਇਕਸਿ ਤੇ ਬਹੁ ਰੂਪਿ ਕਰਿ ਰੂਪਿ ਕੁਰੂਪੀ ਘਣੇ ਦਿਖਾਏ।*
*ਕਲਿਜੁਗਿ ਅੰਦਰਿ ਭਰਮਿ ਭੁਲਾਏ॥* *(ਵਾਰ ੧:੧੯)*

ਧਰਮ ਦੇ ਨਾਂ 'ਤੇ ਕੁੜੱਤਣ ਕਿਉਂ ਪੈਦਾ ਹੁੰਦੀ ਹੈ ਜਾਂ ਧਰਮ ਦੇ ਨਾਂ 'ਤੇ ਅਜਿਹੀਆਂ ਕਿਹੜੀਆਂ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਮਨੁੱਖਤਾ ਨੂੰ ਸਦੀਵ-ਕਾਲ ਲਈ ਇਕ-ਦੂਜੇ ਦਾ ਦੁਸ਼ਮਣ ਬਣਾ ਦਿੰਦੀਆਂ ਹਨ? ਇਸ ਦੇ ਕੁਝ ਇਕ ਪ੍ਰਮੁੱਖ ਕਾਰਨ ਇਸ ਤਰ੍ਹਾਂ ਦੇਖੇ ਜਾ ਸਕਦੇ ਹਨ:-

੧. ਹਰ ਇਕ ਵਿਅਕਤੀ ਧਰਮ ਨੂੰ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ। ਕਈ ਵਾਰੀ ਉਸ ਨੂੰ ਉਹੀ ਦ੍ਰਿਸ਼ਟੀਕੋਣ ਸਹੀ ਲੱਗਦਾ ਹੈ ਜਿਹੜਾ ਉਸ ਦੇ ਬਜ਼ੁਰਗਾਂ ਨੇ ਦੱਸਿਆ ਹੋਵੇ, ਉਸ ਦੀਆਂ ਭਾਵਨਾਵਾਂ ਦੀ ਪੂਰਤੀ ਕਰਦਾ ਹੋਵੇ, ਉਸ ਨੂੰ ਸਮਾਜਿਕ ਰੁਤਬਾ ਪ੍ਰਦਾਨ ਕਰਨ ਵਾਲਾ ਹੋਵੇ, ਉਸ ਨੂੰ ਸਮਾਜਿਕ ਆਦਰਸ਼ ਸਥਾਪਿਤ ਕਰਦਾ ਹੋਵੇ ਆਦਿ। ਇਹ ਜ਼ਰੂਰੀ ਨਹੀਂ ਕਿ ਇਕ ਵਿਅਕਤੀ ਦਾ ਧਾਰਮਿਕ ਦ੍ਰਿਸ਼ਟੀਕੋਣ ਦੂਜਿਆਂ ਲਈ ਵੀ ਸਹੀ ਹੋਵੇ। ਜਦੋਂ ਇਕ ਵਿਅਕਤੀ ਦੁਆਰਾ ਧਰਮ ਦਾ ਇਕ ਪਾਸਾ ਦੇਖਿਆ ਜਾਂਦਾ ਹੈ ਤਾਂ ਦੂਜਾ ਵਿਅਕਤੀ ਉਸ ਦਾ ਵਿਰੋਧ ਕਰ ਦਿੰਦਾ ਹੈ। ਇਸ ਨਾਲ ਧਾਰਮਿਕ ਵਿਰੋਧ ਦੀ ਭਾਵਨਾ ਪੈਦਾ ਹੋ ਜਾਂਦੀ ਹੈ।

੨. ਬਹੁਤ ਸਾਰੇ ਰਿਸ਼ੀਆਂ-ਮੁਨੀਆਂ, ਪੀਰਾਂ-ਪੈਗ਼ੰਬਰਾਂ ਨੇ ਧਰਮ ਨੂੰ ਆਪੋ-ਆਪਣੇ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਹੈ। ਸਮੂਹ ਧਾਰਮਿਕ ਆਗੂਆਂ ਦੁਆਰਾ ਪ੍ਰਗਟ ਕੀਤਾ ਧਰਮ ਦਾ ਸਰੂਪ ਉਨ੍ਹਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਪੈਰੋਕਾਰਾਂ ਦੇ ਹੱਥ ਆ ਜਾਂਦਾ ਹੈ। ਪੈਰੋਕਾਰ ਦਾ ਇਕ ਵੱਡਾ ਕੰਮ ਇਹ ਹੁੰਦਾ ਹੈ ਕਿ ਉਹ ਧਾਰਮਿਕ ਆਗੂ ਦੁਆਰਾ ਪੇਸ਼ ਕੀਤੇ ਧਰਮ ਦੇ ਸਰੂਪ ਦੇ ਨਾਲ-ਨਾਲ ਉਸ ਦੇ ਜੀਵਨ ਦੀਆਂ ਘਟਨਾਵਾਂ ਨੂੰ ਕ੍ਰਿਸ਼ਮਈ ਅੰਦਾਜ਼ ਵਿਚ ਪੇਸ਼ ਕਰਨ ਲੱਗ ਪੈਂਦੇ ਹਨ, ਜਿਹੜੀਆਂ ਕਿ ਧਾਰਮਿਕ ਆਗੂਆਂ ਦੀ ਸਿੱਖਿਆ ਦੇ ਅਨੁਕੂਲ ਨਹੀਂ ਹੁੰਦੀਆਂ। ਇਸ ਤਰ੍ਹਾਂ ਕਰਨ ਨਾਲ ਇਕ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਪੈਰੋਕਾਰ ਆਪਸ ਵਿਚ ਉਲਝ ਪੈਂਦੇ ਹਨ।

੩. ਧਰਮ ਦੇ ਪੈਰੋਕਾਰ ਆਪਣੇ ਧਾਰਮਿਕ ਆਗੂਆਂ ਦੀਆਂ ਸਿੱਖਿਆਵਾਂ ਨੂੰ ਪੇਸ਼ ਕਰਦੇ ਸਮੇਂ ਉਨ੍ਹਾਂ ਨੂੰ ਬਾਕੀ ਧਰਮਾਂ ਦੇ ਆਗੂਆਂ ਤੋਂ ਸ੍ਰੇਸ਼ਟ ਸਾਬਿਤ ਕਰਨ ਵਿਚ ਲੱਗ ਜਾਂਦੇ ਹਨ। ਇਸ ਨਾਲ ਸਮਾਜ ਵਿਚ ਭਾਈਚਾਰਕ ਸਾਂਝ ਨੂੰ ਸੱਟ ਵੱਜਦੀ ਹੈ ਅਤੇ ਇਕ ਧਰਮ ਨੂੰ ਮੰਨਣ ਵਾਲੇ ਲੋਕ ਦੂਜੇ ਧਰਮ ਦੇ ਲੋਕਾਂ ਦੇ ਸਦੀਵ-ਕਾਲ ਲਈ ਵਿਰੋਧੀ ਹੋ ਜਾਂਦੇ ਹਨ।

੪. ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਬਲਿਹਾਰੀ ਕੁਦਰਤਿ ਵਸਿਆ" ਅਤੇ "ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ" ਦੀਆਂ ਪੰਕਤੀਆਂ ਰਾਹੀਂ ਪਰਮਾਤਮਾ ਦੇ ਕੁਦਰਤ ਵਿਚ ਨਿਵਾਸ ਅਤੇ ਮਨੁੱਖ ਦੁਆਰਾ ਉਸ ਦੇ ਅਹਿਸਾਸ ਨੂੰ ਪ੍ਰਗਟ ਕੀਤਾ ਹੈ। ਗੁਰੂ ਸਾਹਿਬ ਦੀਆਂ ਇਹ ਪੰਕਤੀਆਂ ਮਨੁੱਖ ਦੀ ਕੁਦਰਤ ਨਾਲ

ਸਾਂਝ ਪਾਉਣ ਅਤੇ ਉਸ ਵਿੱਚੋਂ ਪਰਮਾਤਮਾ ਦੀ ਹੋਂਦ ਅਨੁਭਵ ਕਰ ਕੇ ਅਨੰਦ ਦੀ ਅਵਸਥਾ ਗ੍ਰਹਿਣ ਕਰਨ 'ਤੇ ਜ਼ੋਰ ਦਿੰਦੀਆਂ ਹਨ। ਪਰ ਮੌਜੂਦਾ ਸਮੇਂ ਵਿਚ ਅਸੀਂ ਕੁਦਰਤ ਦਾ ਜੋ ਹਾਲ ਕੀਤਾ ਹੈ, ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਵਿਕਾਸ ਦੀਆਂ ਬੁਲੰਦੀਆਂ ਤਕ ਪਹੁੰਚਣ ਲਈ ਅਸੀਂ ਕੁਦਰਤ ਦਾ ਜੰਗਲ ਤਬਾਹ ਕਰ ਕੇ ਕੰਕਰੀਟ ਦਾ ਜੰਗਲ ਉਸਾਰ ਲਿਆ ਹੈ। ਗਰਮੀ ਦੇ ਮੌਸਮ ਵਿਚ ਜਦੋਂ ਕੋਈ ਵਹੀਕਲ ਖੜਾ ਕਰਨਾ ਹੋਵੇ ਤਾਂ ਦਰੱਖ਼ਤ ਦੀ ਛਾਂ ਲੱਭਦੇ ਹਾਂ, ਜਿਸ ਨੂੰ ਸੰਭਾਲਣ ਜਾਂ ਪ੍ਰਫੁਲਿਤ ਕਰਨ ਦਾ ਅਸੀਂ ਕਦੀ ਯਤਨ ਨਹੀਂ ਕੀਤਾ। ਮਨੁੱਖ ਦੀ ਕੁਦਰਤ ਨਾਲ ਸਾਂਝ ਦੈਵੀ ਹੁਲਾਰੇ ਪ੍ਰਦਾਨ ਕਰਦੀ ਸੀ। ਦੁਨੀਆ ਦੇ ਵੱਡੇ-ਵੱਡੇ ਕਵੀ ਕਾਦਿਰ ਤੋਂ ਬਾਅਦ ਕੁਦਰਤ ਦੀ ਸੁੰਦਰਤਾ ਬਿਆਨ ਕੀਤੇ ਬਗ਼ੈਰ ਆਪਣੀ ਰਚਨਾ ਅਧੂਰੀ ਮੰਨਦੇ ਸਨ। ਵੇਦਾਂ ਅਤੇ ਹੋਰਨਾਂ ਹਿੰਦੂ ਧਰਮ ਗ੍ਰੰਥਾਂ ਵਿਚ ਅਗਨੀ, ਹਵਾ, ਪਾਣੀ, ਧਰਤੀ, ਅਕਾਸ਼ ਆਦਿ ਕੁਦਰਤੀ ਤੱਤਾਂ ਨੂੰ ਦੇਵਤਿਆਂ ਦੇ ਰੂਪ ਵਿਚ ਸਿਰਜਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ 'ਪਵਣ ਗੁਰੂ' ਅਤੇ 'ਪਾਣੀ ਪਿਤਾ' ਕਹਿ ਕੇ ਸਤਿਕਾਰਿਆ ਗਿਆ ਹੈ। ਕੁਦਰਤ ਨਾਲ ਸੰਵਾਦ ਅਤੇ ਸਾਂਝ ਮਨੁੱਖ ਨੂੰ ਅਨੰਦ ਪ੍ਰਦਾਨ ਕਰਦੀ ਹੈ, ਜਿਵੇਂ ਕਿ ਭਾਈ ਵੀਰ ਸਿੰਘ ਜੀ ਕਹਿੰਦੇ ਹਨ:

*ਵੈਰੀ ਨਾਗ! ਤੇਰਾ ਪਹਿਲਾ ਝਲਕਾ*
*ਜਦ ਅੱਖੀਆਂ ਵਿਚ ਵਜਦਾ।*
*ਕੁਦਰਤ ਦੇ ਕਾਦਰ ਦਾ ਜਲਵਾ*
*ਲੈ ਲੈਂਦਾ ਇਕ ਸਜਦਾ।* *(ਮਟਕ ਹੁਲਾਰੇ, ਵੈਰੀ ਨਾਗ)*

ਏਸੇ ਤਰ੍ਹਾਂ ਪ੍ਰੋ. ਪੂਰਨ ਸਿੰਘ ਕੁਦਰਤੀ ਨਜ਼ਾਰਿਆਂ ਦਾ ਵਿਖਿਆਨ ਕਰਦੇ ਹੋਏ ਕਹਿੰਦੇ ਹਨ:

*ਖਾੜ ਖਾੜ ਚਲਣ ਵਿਚ ਮੇਰੇ ਸੁਫ਼ਨਿਆਂ,*
*ਪੰਜਾਬ ਦੇ ਦਰਿਆ,*
*ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,*
*ਪਿਆਰਾ ਜਪੁ ਸਾਹਿਬ ਗਾਉਂਦੇ,*
*ਠੰਡੇ 'ਤੇ ਠਾਰਦੇ, ਪਿਆਰਦੇ।* *(ਖੁੱਲ੍ਹੇ ਮੈਦਾਨ, ਪੰਜਾਬ ਦੇ ਦਰਿਆ)*

ਕੁਦਰਤ ਨਾਲ ਪੈਦਾ ਹੋਇਆ ਸੰਵਾਦ ਮਨ ਵਿਚ ਸ਼ਾਂਤੀ, ਅਨੰਦ ਅਤੇ ਹੁਲਾਰਿਆਂ ਦਾ ਪ੍ਰਤੀਕ ਹੈ। ਗੁਰਬਾਣੀ ਅਤੇ ਸਮੁੱਚੇ ਸਿੱਖ ਸਾਹਿਤ ਵਿਚ ਕੁਦਰਤ ਦੀਆਂ ਘਟਨਾਵਾਂ ਅਤੇ ਵਸਤਾਂ ਰਾਹੀਂ ਮਨੁੱਖ ਨੂੰ ਸੁਚੱਜਾ ਜੀਵਨ ਬਸਰ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਕੁਦਰਤ ਦੇ ਨੇੜੇ ਰਹਿਣ ਵਾਲੇ ਮਨੁੱਖ ਗੁਰਬਾਣੀ ਦੇ ਸੰਦੇਸ਼ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰ ਕੇ ਅਨੰਦ ਦੀ ਪ੍ਰਾਪਤੀ ਕਰ ਸਕਦੇ ਹਨ। ਪਰ ਪੱਛਮੀਕਰਨ ਨੇ ਸਾਨੂੰ ਬਣਾਉਟੀ ਜੀਵਨ-ਜਾਚ ਸਿਖਾਈ ਹੈ ਅਤੇ ਅਸੀਂ ਉਸੇ ਨੂੰ ਜੀਵਨ ਦਾ ਅੰਤਿਮ ਸੱਚ ਮੰਨ ਕੇ ਉਸੇ ਵਿਚ ਗਲਤਾਨ ਹੋਣ ਵਿਚ ਮਾਣ ਮਹਿਸੂਸ ਕਰ ਰਹੇ ਹਾਂ। ਮਨੁੱਖ ਨੇ ਰੁੱਖ ਨੂੰ ਗਮਲੇ ਵਿਚ ਲਾ ਲਿਆ ਹੈ। ਜਿਵੇਂ

ਗਮਲੇ ਦਾ ਸਥਾਨ ਸਥਿਰ ਨਹੀਂ ਹੁੰਦਾ, ਉਸੇ ਤਰ੍ਹਾਂ ਮਨੁੱਖ ਦੇ ਮਨ ਵਿਚ ਵੀ ਭਟਕਣ ਬਣੀ ਰਹਿੰਦੀ ਹੈ। ਜਿਵੇਂ ਦਰਿਆ ਨਾਲਿਆਂ ਦਾ ਰੂਪ ਧਾਰਨ ਕਰ ਗਏ ਹਨ, ਉਸੇ ਤਰ੍ਹਾਂ ਸਾਡੀ ਸੋਚ ਵੀ ਸੌੜੀ ਹੋ ਗਈ ਹੈ। ਕੁਦਰਤ ਨਾਲ ਸਾਡਾ ਸੰਵਾਦ ਹੁਣ ਖਤਮ ਹੁੰਦਾ ਜਾ ਰਿਹਾ ਹੈ ਅਤੇ ਅਸੀਂ ਇਸ ਨੂੰ ਬਚਾਉਣ ਦੀ ਬਜਾਏ ਇਸ ਨੂੰ ਖਤਮ ਕਰਨ ਵਿਚ ਪੂਰਾ ਜ਼ੋਰ ਲਾ ਰਹੇ ਹਾਂ। ਨਿਰੰਤਰ ਵਧਦੀ ਅਬਾਦੀ ਅਤੇ ਕੁਦਰਤ ਦੇ ਨਜ਼ਾਰਿਆਂ ਦੀ ਘੱਟ ਰਹੀ ਹੋਂਦ ਨੇ ਮਨੁੱਖ ਦਾ ਜੀਵਨ ਨੀਰਸ ਬਣਾ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਕਸ਼ਮੀਰ ਨੂੰ ਧਰਤੀ ਦਾ ਸਵਰਗ ਸਿਰਫ਼ ਕਿਤਾਬਾਂ ਜਾਂ ਫ਼ਿਲਮਾਂ ਰਾਹੀਂ ਹੀ ਦਿਖਾਇਆ ਜਾਵੇਗਾ। ਆਰਜੀ ਤਰੀਕਿਆਂ ਨਾਲ ਸਰਦੀ ਅਤੇ ਗਰਮੀ ਪੈਦਾ ਕਰਨ ਦੇ ਵਸੀਲੇ ਖਰਚੀਲੇ 'ਤੇ ਸੀਮਤ ਹਨ। ਸੀਮਤ ਆਰਜੀ ਵਸੀਲਿਆਂ ਅਤੇ ਵਧਦੀਆਂ ਲੋੜਾਂ ਨੇ ਮਨੁੱਖਾਂ ਨੂੰ ਸੁਆਰਥੀ ਬਣਾਇਆ ਹੈ, ਜਿਸ ਨਾਲ ਖਿੱਚੋਤਾਣ ਅਤੇ ਬੇਈਮਾਨੀ ਦੀ ਭਾਵਨਾ ਪੈਦਾ ਹੋਈ ਹੈ। ਵਧਦੀਆਂ ਲੋੜਾਂ ਹਮੇਸ਼ਾਂ ਸਦਾਚਾਰਿਕ ਕਦਰਾਂ-ਕੀਮਤਾਂ ਵਿਚ ਰੁਕਾਵਟ ਪਾਉਂਦੀਆਂ ਹਨ। ਇਸ ਦੇਸ਼ ਦੇ ਹਰ ਇਕ ਚੋਣ ਦ੍ਰਿਸ਼ ਵਿਚ ਬਿਜਲੀ, ਪਾਣੀ, ਸੀਵਰੇਜ, ਸੜਕਾਂ ਆਦਿ ਮੁੱਢਲੀਆਂ ਲੋੜਾਂ ਹੀ ਭਾਰੂ ਹੁੰਦੀਆਂ ਹਨ ਅਤੇ ਸਮੂਹ ਰਾਜਨੀਤਕ ਪਾਰਟੀਆਂ ਇਨ੍ਹਾਂ ਦੀ ਪੂਰਤੀ ਲਈ ਵਚਨਬੱਧਤਾ ਦਰਸਾਉਂਦੀਆਂ ਹਨ। ਸਮਝ ਨਹੀਂ ਆਉਂਦੀ ਕਿ ਸੀਮਤ ਕੁਦਰਤੀ ਵਸੀਲਿਆਂ ਨੂੰ ਉਹ ਹਰ ਇਕ ਮਨੁੱਖ ਤਕ ਕਿਵੇਂ ਪਹੁੰਚਾ ਸਕਦੇ ਹਨ? ਇਹ ਅਜਿਹੇ ਮਸਲੇ ਹਨ ਜਿਹੜੇ ਸਮਾਜ ਵਿਚ ਬੇਚੈਨੀ ਦੀ ਭਾਵਨਾ ਪੈਦਾ ਕਰ ਦਿੰਦੇ ਹਨ।

੫. ਮਨੁੱਖ ਦੇ ਕੁਦਰਤ ਨਾਲ ਖ਼ਤਮ ਹੋਏ ਸੰਵਾਦ ਨੇ ਉਸ ਦੇ ਜੀਵਨ ਦੇ ਹਰ ਪਹਿਲੂ 'ਤੇ ਅਸਰ ਪਾਇਆ ਹੈ। ਕੁਦਰਤ ਦੀਆਂ ਘਟਨਾਵਾਂ ਮਨੁੱਖ ਨੂੰ ਸੁਚੱਜੀ ਜੀਵਨ-ਜਾਚ ਲਈ ਪ੍ਰੇਰਿਤ ਕਰਦੀਆਂ ਸਨ। ਕੀੜੀ ਨੂੰ ਨਿਮਰਤਾ, ਹਾਥੀ ਨੂੰ ਹੰਕਾਰ, ਲੂੰਬੜੀ ਨੂੰ ਮੱਕਾਰ ਆਦਿ ਚਿੰਨ੍ਹਾਂ ਰਾਹੀਂ ਸੰਬੋਧਨ ਕੀਤਾ ਜਾਂਦਾ ਹੈ। ਇਸ ਸੰਬੋਧਨ ਵਿੱਚੋਂ ਮਨੁੱਖ ਦਾ ਕੁਦਰਤ ਅਤੇ ਉਸ ਦੀਆਂ ਵਸਤਾਂ ਨਾਲ ਸਾਂਝ ਦਾ ਵਰਣਨ ਮਿਲਦਾ ਹੈ। ਮਨੁੱਖ ਦੀ ਕੁਦਰਤ ਨਾਲ ਸਾਂਝ ਟੁੱਟਣ ਕਰਕੇ ਉਸ ਦੀ ਦੂਜੇ ਮਨੁੱਖਾਂ ਨਾਲ ਸਾਂਝ ਵੀ ਸੀਮਤ ਹੋ ਗਈ ਹੈ। ਹੁਣ ਇੱਕ-ਦੂਜੇ ਕੋਲ ਜਾ ਕੇ ਦੁੱਖ-ਸੁੱਖ ਸਾਂਝੇ ਕਰਨ ਦੀ ਬਜਾਏ ਸੋਸ਼ਲ ਮੀਡੀਆ ਦਾ ਸਹਾਰਾ ਲਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਨ ਦੀਆਂ ਗੱਲਾਂ ਦੂਜਿਆਂ ਨਾਲ ਸਾਂਝੀਆਂ ਕਰਨ ਨਾਲ ਮਨੁੱਖ ਦੇ ਜੀਵਨ ਵਿਚੋਂ ਮਾਨਸਿਕ ਪ੍ਰੇਸ਼ਾਨੀਆਂ ਘੱਟ ਜਾਂਦੀਆਂ ਹਨ। ਏਸੇ ਕਰਕੇ ਕਿਹਾ ਜਾਂਦਾ ਹੈ ਕਿ ਦੁੱਖ ਸਾਂਝੇ ਕਰਨ ਨਾਲ ਘਟਦੇ ਹਨ ਅਤੇ ਖੁੱਸ਼ੀਆਂ ਵਧਦੀਆਂ ਹਨ। ਸੋਸ਼ਲ ਮੀਡੀਆ ਭਾਵੇਂ ਇਸ ਕਾਰਜ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ, ਪਰ ਇਸ ਰਾਹੀਂ ਸਮੂਹ ਗੱਲਾਂ ਦੂਜਿਆਂ ਨਾਲ ਸਾਂਝੀਆਂ ਨਹੀਂ ਕੀਤੀਆਂ ਜਾ ਸਕਦੀਆਂ। ਮਨੁੱਖਾਂ ਵਿਚ ਘਟ ਰਹੇ ਸੰਵਾਦ ਨੇ ਉਸ ਦੇ ਸਮਾਜਿਕ ਅਤੇ ਸਦਾਚਾਰਿਕ ਜੀਵਨ 'ਤੇ ਅਸਰ ਪਾਇਆ ਹੈ। ਮਨੁੱਖ ਦੀ ਆਦਰਸ਼ਵਾਦੀ ਸ਼ਖ਼ਸੀਅਤ ਨਿੱਜਵਾਦ ਦਾ ਰੂਪ

ਧਾਰਨ ਕਰ ਗਈ ਹੈ, ਜਿਸ ਵਿਚ ਮਨੁੱਖ ਦਾ ਆਪਣੇ ਤੋਂ ਛੋਟਿਆਂ ਲਈ ਪਿਆਰ ਅਤੇ ਵੱਡਿਆਂ ਦਾ ਸਤਿਕਾਰ ਮਨਫ਼ੀ ਹੋਇਆ ਹੈ। ਅਧਿਆਪਕ, ਧਾਰਮਿਕ ਅਤੇ ਸਮਾਜਿਕ ਆਗੂ ਕਿਸੇ ਸਮੇਂ ਸਮਾਜ ਵਿਚ ਸਤਿਕਾਰ ਦਾ ਪਾਤਰ ਮੰਨੇ ਜਾਂਦੇ ਸਨ, ਪਰ ਹੁਣ ਇਨ੍ਹਾਂ ਦੀ ਕਦਰ ਅਤੇ ਸਤਿਕਾਰ ਵਿੱਦਿਅਕ ਅਤੇ ਸਮਾਜਿਕ ਅਦਾਰਿਆਂ ਤਕ ਹੀ ਸਿਮਟ ਕੇ ਰਹਿ ਗਿਆ ਹੈ। ਅਧਿਆਪਕਾਂ ਦਾ ਸਤਿਕਾਰ ਵੀ ਦਿਖਾਵੇ-ਮਾਤਰ ਕੇਵਲ ਉਹੀ ਵਿਦਿਆਰਥੀ ਕਰਦੇ ਹਨ ਜਿਹੜੇ ਉਨ੍ਹਾਂ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਹਨ ਅਤੇ ਜਿਨ੍ਹਾਂ ਨੇ ਉਨ੍ਹਾਂ ਦੀ ਅਸੈਸਮੈਂਟ ਲਾਉਣੀ ਹੋਵੇ ਜਾਂ ਗ੍ਰੇਸ ਦੇ ਨੰਬਰ ਦੇਣੇ ਹੋਣ। ਅਜਿਹਾ ਨਹੀਂ ਕਿ ਸਮੂਹ ਵਿਦਿਆਰਥੀਆਂ ਨੂੰ ਇੱਕੋ ਸ਼੍ਰੇਣੀ ਵਿਚ ਰੱਖ ਕੇ ਦੇਖਿਆ ਜਾ ਸਕਦਾ ਹੈ। ਜਿੱਥੇ ਮਾਤਾ-ਪਿਤਾ ਜਾਂ ਹੋਰ ਵਡੇਰਿਆਂ ਦਾ ਬੱਚੇ ਦੇ ਮਨ 'ਤੇ ਪ੍ਰਭਾਵ ਹੁੰਦਾ ਹੈ, ਉੱਥੇ ਬੱਚੇ ਦੀ ਸ਼ਖ਼ਸੀਅਤ ਵਿਚ ਸਦਾਚਾਰ ਦੇ ਗੁਣ ਵੀ ਦੇਖੇ ਜਾ ਸਕਦੇ ਹਨ।

੬. ਅਸੀਂ ਹਮੇਸ਼ਾਂ ਗਲੋਬਲਾਇਜ਼ੇਸ਼ਨ ਦੀ ਗੱਲ ਕਰਦੇ ਹੋਏ ਕਹਿੰਦੇ ਹਾਂ ਕਿ ਸਮੁੱਚਾ ਜਗਤ ਇਕ ਪਿੰਡ ਬਣ ਗਿਆ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਜੇਕਰ ਇਹ ਕਿਹਾ ਜਾਵੇ ਕਿ ਇਹ ਸੰਸਾਰ ਇਕ ਪਿੰਡ (Global Village) ਦੀ ਬਜਾਏ ਇਕ ਮੰਡੀ (Global Market) ਬਣ ਗਿਆ ਹੈ। ਵਿਗਿਆਨ ਨੇ ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਦੀਆਂ ਆਵਾਜਾਈ 'ਤੇ ਸੰਚਾਰ-ਸਾਧਨਾਂ ਦੀਆਂ ਦੂਰੀਆਂ ਨੂੰ ਘਟਾਉਣ ਵਿਚ ਵਿਗਿਆਨ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਰ ਵਿਗਿਆਨ ਦਾ ਆਪਣਾ ਖੇਤਰ ਹੈ ਅਤੇ ਉਹ ਸੀਮਤ ਖੇਤਰ ਵਿਚ ਰਹਿ ਕੇ ਹੀ ਕਾਰਜ ਕਰ ਸਕਦਾ ਹੈ। ਮਨੁੱਖ ਦੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਵਿਚ ਵਿਗਿਆਨ ਦਾ ਮਹੱਤਵਪੂਰਨ ਯੋਗਦਾਨ ਹੈ, ਪਰ ਮਨੁੱਖ ਦੀਆਂ ਮਾਨਸਿਕ ਅਤੇ ਅਧਿਆਤਮਕ ਲੋੜਾਂ ਨੂੰ ਪੂਰਾ ਕਰਨ ਦਾ ਕਾਰਜ ਵਿਗਿਆਨ ਦੇ ਵੱਸ ਵਿਚ ਨਹੀਂ ਹੈ। ਜੀਵਨ ਵਿਚ ਮਹੱਵਪੂਰਨ ਭੂਮਿਕਾ ਨਿਭਾਉਣ ਵਾਲੀਆਂ ਇਨ੍ਹਾਂ ਲੋੜ੍ਹਾਂ ਦੀ ਪੂਰਤੀ ਦੀ ਅਣਹੋਂਦ ਵਿਚ ਬੇਚੈਨੀ ਪੈਦਾ ਹੋ ਜਾਂਦੀ ਹੈ।

੭. ਸਮਾਜ ਵਿਚ ਆਪਣੀ ਹੋਂਦ ਬਚਾਉਣ ਲਈ ਮਨੁੱਖ ਹਮੇਸ਼ਾਂ ਯਤਨਸ਼ੀਲ ਰਿਹਾ ਹੈ। ਜਦੋਂ ਉਹ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਦੂਜਿਆਂ ਦੀ ਹੋਂਦ ਨੂੰ ਖ਼ਤਰਾ ਖੜ੍ਹਾ ਕਰ ਦਿੰਦਾ ਹੈ। ਆਪਣੇ ਬਲ ਨਾਲ ਉਹ ਦੂਜਿਆਂ ਨੂੰ ਗ਼ੁਲਾਮ ਬਣਾਉਣ ਲਈ ਯਤਨ ਕਰਨੇ ਸ਼ੁਰੂ ਕਰ ਦਿੰਦਾ ਹੈ। ਮਨੁੱਖ ਦੀ ਇਹ ਬਿਰਤੀ ਆਦਿ ਕਾਲ ਤੋਂ ਦੇਖਣ ਨੂੰ ਮਿਲਦੀ ਹੈ। ਹਰ ਸਮੇਂ ਤੇ ਸਥਾਨ ਵਿਚ ਇਹ ਬਿਰਤੀ ਮਨੁੱਖ 'ਤੇ ਭਾਰੂ ਹੁੰਦੀ ਹੈ। ਸ਼ਕਤੀ ਪ੍ਰਾਪਤ ਕਰਨ ਅਤੇ ਦੂਜਿਆਂ ਨੂੰ ਆਪਣੇ ਅਧੀਨ ਕਰਨ ਦੇ ਢੰਗ-ਤਰੀਕੇ ਬਦਲ ਗਏ ਹਨ। ਕਿਸੇ ਸਮੇਂ ਧਰਮ ਇਸ ਕਾਰਜ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਸੀ, ਪਰ ਮੌਜੂਦਾ ਸਮੇਂ ਵਿਚ ਰਾਜਨੀਤਕ ਅਤੇ ਆਰਥਿਕ ਕਾਰਨ ਵੀ ਇਸ ਵਿਚ ਸ਼ਾਮਲ ਹੋ ਗਏ ਹਨ। ਬਲ ਦੀ

ਬਜਾਏ ਛਲ ਨਾਲ ਦੂਜਿਆਂ ਨੂੰ ਕਾਬੂ ਕਰਨ ਦੀ ਬਿਰਤੀ ਭਾਰੂ ਹੋ ਗਈ ਹੈ ਜਿਸ ਨੇ ਮਨੁੱਖੀ ਵਿਸ਼ਵਾਸ ਨੂੰ ਸੱਟ ਮਾਰੀ ਹੈ। ਸੁਆਰਥ ਅਧੀਨ ਨਜ਼ਦੀਕੀ ਦੋਸਤ ਅਤੇ ਰਿਸ਼ਤੇਦਾਰ ਵਿਸ਼ਵਾਸ ਤੋੜਨ ਅਤੇ ਦੌੜਨ ਵਿਚ ਸਮਾਂ ਨਹੀਂ ਗਵਾਉਂਦੇ। ਇਸ ਬਿਰਤੀ ਨੇ ਸਮਾਜਿਕ ਭਾਈਚਾਰੇ ਨੂੰ ਭਾਰੀ ਸੱਟ ਮਾਰੀ ਹੈ।

੮. ਜਦੋਂ ਕਿਸੇ ਬਹੁਗਿਣਤੀ ਸਮਾਜ, ਧਰਮ ਜਾਂ ਭਾਈਚਾਰੇ ਵਿਚ ਸ੍ਰੇਸ਼ਟਤਾ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਉਹ ਘੱਟਗਿਣਤੀਆਂ 'ਤੇ ਆਪਣੇ ਆਪ ਨੂੰ ਸਥਾਪਿਤ ਕਰਨ ਦਾ ਪੂਰਾ ਯਤਨ ਕਰਦਾ ਹੈ। ਉਨ੍ਹਾਂ ਨੂੰ ਘੱਟ-ਗਿਣਤੀ ਭਾਈਚਾਰੇ ਦੇ ਸਮੂਹ ਕਾਰ-ਵਿਹਾਰ ਨਿਗੂਣੇ ਤੇ ਆਪਣੇ ਸਰਬੋਤਮ ਜਾਪਦੇ ਹਨ। ਘੱਟ-ਗਿਣਤੀਆਂ ਨੂੰ ਜਦੋਂ ਬਹੁਗਿਣਤੀ ਭਾਈਚਾਰੇ ਦੀ ਇਸ ਭਾਵਨਾ ਦੀ ਸਮਝ ਪੈਂਦੀ ਹੈ ਤਾਂ ਉਹ ਪ੍ਰਤੀਕਿਰਿਆ ਕਰਦੇ ਹਨ। ਜਦੋਂ ਇਹ ਪ੍ਰਤੀਕਿਰਿਆ ਤੀਖਣ ਰੂਪ ਧਾਰਨ ਕਰ ਲਵੇ ਤਾਂ ਇਕਸੁਰਤਾ ਭੰਗ ਹੋਣ ਲੱਗਦੀ ਹੈ। ਘੱਟ-ਗਿਣਤੀਆਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਹੋਣ 'ਤੇ ਉਹ ਸੰਘਰਸ਼ ਕਰਨ ਅਤੇ ਟਕਰਾਉ ਦੇ ਮਾਰਗ 'ਤੇ ਚੱਲ ਪੈਂਦੇ ਹਨ।

੯. ਸਮਾਜਿਕ ਅਤੇ ਧਾਰਮਿਕ ਤੌਰ 'ਤੇ ਮਨੁੱਖ ਨੇ ਪਰਮਾਤਮਾ ਅਤੇ ਸਮਾਜ ਨਾਲ ਇਕਸੁਰਤਾ ਪੈਦਾ ਕਰਨੀ ਹੁੰਦੀ ਹੈ। ਜਦੋਂ ਪਰਮਾਤਮਾ ਦੀ ਬਜਾਏ ਕਿਸੇ ਹੋਰ ਸ਼ਕਤੀ ਵਿਚ ਵਿਸ਼ਵਾਸ ਪੈਦਾ ਹੋ ਜਾਵੇ ਤਾਂ ਮਨ ਵਿਚ ਉਸ ਸ਼ਕਤੀ ਨੂੰ ਦੂਜਿਆਂ 'ਤੇ ਸਥਾਪਿਤ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ, ਜਿਸ ਨਾਲ ਸਮਾਜ ਵਿਚ ਟਕਰਾਉ ਦੀ ਸੰਭਾਵਨਾ ਪੈਦਾ ਹੋ ਜਾਂਦੀ ਹੈ। ਏਸੇ ਤਰ੍ਹਾਂ ਸਮਾਜ ਵਿਚ ਰਹਿੰਦੇ ਹੋਏ ਜਦੋਂ ਪਰਮਾਰਥ ਤੋਂ ਦੂਰ ਮਨ ਪਦਾਰਥ ਦਾ ਮਾਰਗ ਧਾਰਨ ਕਰ ਲੈਂਦਾ ਹੈ ਤਾਂ ਕਾਮਨਾਵਾਂ ਅਤੇ ਲਾਲਸਾਵਾਂ ਪੈਦਾ ਹੁੰਦੀਆਂ ਹਨ। ਅਜਿਹਾ ਨਹੀਂ ਕਿ ਕਾਮਨਾਵਾਂ ਪੈਦਾ ਨਹੀਂ ਹੋਣੀਆਂ ਚਾਹੀਦੀਆਂ, ਪਰਮਾਤਮਾ ਦੀ ਬੰਦਗੀ ਅਤੇ ਸਮਾਜਿਕ ਪਰਉਪਕਾਰ ਦੇ ਕੰਮ ਵੀ ਕਾਮਨਾਵਾਂ ਦੇ ਅਧੀਨ ਹੀ ਕਾਰਜ ਕਰਦੇ ਹਨ। ਪਰ ਸੁਆਰਥ ਅਧੀਨ ਕਾਮਨਾਵਾਂ ਦੀ ਪੂਰਤੀ ਮਨੁੱਖੀ ਬਿਰਤੀ ਨੂੰ ਪਰਮਾਰਥ ਦੇ ਮਾਰਗ ਤੋਂ ਭਟਕਾ ਕੇ ਪਦਾਰਥ ਦੇ ਅਧੀਨ ਕਰ ਦਿੰਦੀ ਹੈ। ਮਨੁੱਖ ਦੀ ਇਹ ਬਿਰਤੀ ਉਸ ਨੂੰ ਬੇਈਮਾਨ, ਭ੍ਰਿਸ਼ਟਾਚਾਰ ਅਤੇ ਮਨਮੁਖਤਾਈ ਦੇ ਮਾਰਗ 'ਤੇ ਲੈ ਜਾਂਦੀ ਹੈ। ਸੁਆਰਥ ਅਧੀਨ ਕਾਰਜ ਕਰਨ ਵਾਲਾ ਮਨੁੱਖ ਦੂਜਿਆਂ ਤੋਂ ਟੁੱਟ ਜਾਂਦਾ ਹੈ ਅਤੇ ਕਈ ਵਾਰ ਪਰਵਾਰ ਅਤੇ ਸਮਾਜ ਵਿਚ ਅਰਾਜਕਤਾ ਪੈਦਾ ਕਰਨ ਦਾ ਕਾਰਜ ਕਰਦਾ ਹੈ।

**ਇਕਸੁਰਤਾ ਕਿਵੇਂ ਪੈਦਾ ਹੋਵੇ?** ਸਮਾਜ ਵਿਚ ਸਮਾਜਿਕ ਇਕਸੁਰਤਾ ਪੈਦਾ ਕਰਨ ਲਈ ਅਨੇਕਾਂ ਤੱਤ ਕਾਰਜ ਕਰਦੇ ਹਨ, ਪਰ ਧਰਮ ਉਨ੍ਹਾਂ ਵਿੱਚੋਂ ਸਭ ਤੋਂ ਵਧੇਰੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਧਰਮ ਨੂੰ ਸਹੀ ਰੂਪ ਵਿਚ ਕਿਵੇਂ ਸਮਝਿਆ ਜਾ ਸਕਦਾ ਹੈ ਜਾਂ ਧਰਮ ਦੀ ਸਹੀ ਭਾਵਨਾ ਕੀ ਹੈ ਅਤੇ ਉਸ ਦਾ ਸਹੀ ਪ੍ਰਗਟਾਵਾ ਕਿਵੇਂ ਸੰਭਵ ਹੈ? ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਰਮ ਦੀ ਜਿਹੜੀ ਪਰਿਭਾਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੀ ਹੈ, ਸਿੱਖ ਲਈ ਧਰਮ ਦੀ ਉਹੀ ਪਰਿਭਾਸ਼ਾ ਸਭ ਤੋਂ

ਸ੍ਰੇਸ਼ਟ ਹੈ। ਗੁਰੂ ਜੀ ਕਹਿੰਦੇ ਹਨ-

*ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬)*

ਧਰਮ ਦੀ ਇਸ ਪਰਿਭਾਸ਼ਾ ਰਾਹੀਂ ਗੁਰੂ ਜੀ ਮਨੁੱਖ ਨੂੰ ਇਕ ਪਾਸੇ ਪਰਮਾਤਮਾ ਨਾਲ ਜੁੜਨ ਅਤੇ ਦੂਜੇ ਪਾਸੇ ਅਜਿਹੇ ਕਾਰਜ ਕਰਨ ਦੀ ਪ੍ਰੇਰਨਾ ਕਰਦੇ ਹਨ ਜਿਨ੍ਹਾਂ ਵਿੱਚੋਂ ਸਦਾਚਾਰ ਦੀ ਭਾਵਨਾ ਪ੍ਰਫੁਲਿਤ ਹੁੰਦੀ ਹੋਵੇ। ਧਰਮ ਦੀ ਇਹ ਪਰਿਭਾਸ਼ਾ ਦੂਜੇ ਧਰਮਾਂ ਦੇ ਧਰਮ ਗ੍ਰੰਥਾਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ ਅਤੇ ਉਹ ਤਾਂ ਹੀ ਸਾਹਮਣੇ ਆ ਸਕਦੀ ਹੈ ਜੇਕਰ ਧਰਮ ਦੇ ਵਿਦਵਾਨ ਉਸ ਦਾ ਸਹੀ ਰੂਪ ਵਿਚ ਅਧਿਐਨ ਕਰ ਕੇ ਪਾਠਕਾਂ ਅਤੇ ਆਮ ਲੋਕਾਂ ਤਕ ਲੈ ਕੇ ਜਾਣ। ਧਰਮ ਗ੍ਰੰਥਾਂ ਦਾ ਨਿਰਪੱਖ ਅਤੇ ਸਮੇਂ ਤੇ ਸਥਾਨ ਦੀ ਦ੍ਰਿਸ਼ਟੀ ਤੋਂ ਉੱਪਰ ਉੱਠ ਕੇ ਕੀਤਾ ਗਿਆ ਅਧਿਐਨ ਧਰਮ ਦੀ ਸਹੀ ਭਾਵਨਾ ਨੂੰ ਪ੍ਰਗਟ ਕਰ ਸਕਦਾ ਹੈ। ਸਮੂਹ ਧਰਮਾਂ ਦੇ ਗ੍ਰੰਥਾਂ ਵਿਚ ਵੱਖ-ਵੱਖ ਸਮੇਂ ਕੀਤੀ ਗਈ ਧਰਮ ਦੀ ਵਿਆਖਿਆ ਨੂੰ ਸਹੀ ਰੂਪ ਵਿਚ ਸਮਝਣ ਨਾਲ ਇਹ ਸਮੱਸਿਆ ਹੱਲ ਹੋ ਸਕਦੀ ਹੈ।

ਸਮਾਜ ਨੂੰ ਸੁਚਾਰੂ ਰੂਪ ਵਿਚ ਚਲਾਉਣ ਅਤੇ ਅੱਗੇ ਵਧਾਉਣ ਵਿਚ ਸਮਾਜਿਕ ਇਕਸੁਰਤਾ ਦਾ ਮਹੱਤਵਪੂਰਨ ਯੋਗਦਾਨ ਹੈ। ਸਮਾਜ ਵਿਚ ਸਦਭਾਵਨਾ ਅਤੇ ਇਕਸੁਰਤਾ ਤਾਂ ਹੀ ਕਾਇਮ ਰਹਿ ਸਕਦੀ ਹੈ ਜੇਕਰ ਮਨੁੱਖੀ ਜੀਵਨ ਵਿਚ ਸੱਚਾਈ, ਇਮਾਨਦਾਰੀ, ਨਿਮਰਤਾ, ਸਹਿਨਸ਼ੀਲਤਾ ਆਦਿ ਸਦਗੁਣਾਂ ਦਾ ਵਿਕਾਸ ਹੋਵੇ। ਇੱਥੇ ਗੁਣਾਂ ਦੀ ਸਾਂਝ ਵਾਲੀਆਂ ਕੁਝ ਵਿਸ਼ੇਸ਼ਤਾਵਾਂ ਦੇਖਣ ਦਾ ਯਤਨ ਕੀਤਾ ਜਾ ਰਿਹਾ ਹੈ।

**੧. ਸਮਰਪਣ:** ਧਰਮ ਵਿਚ ਵਿਸ਼ਵਾਸ ਰੱਖਣ ਵਾਲਾ ਇਹ ਮੰਨਦਾ ਹੈ ਕਿ ਕੋਈ ਅਜਿਹੀ ਬਾਹਰੀ ਤਾਕਤ ਜਾਂ ਹਸਤੀ ਇਸ ਬ੍ਰਹਿਮੰਡ ਵਿਚ ਮੌਜੂਦ ਹੈ ਜਿਹੜੀ ਉਸ ਨੂੰ ਮੁਕਤੀ ਪ੍ਰਦਾਨ ਕਰਨ ਦੇ ਸਮਰੱਥ ਹੈ। ਉਸ ਅੱਗੇ ਸਮਰਪਣ ਕਰਨ ਨਾਲ ਸਮੂਹ ਸਮੱਸਿਆਵਾਂ ਦਾ ਹੱਲ ਸੰਭਵ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਪ੍ਰਭੂ ਪ੍ਰੇਮ ਪ੍ਰਾਪਤ ਕਰਨ ਦਾ ਮਾਰਗ ਸਮਝਾਉਂਦੇ ਹੋਏ ਦੱਸਦੇ ਹਨ ਕਿ ਪ੍ਰਭੂ ਦੀ ਭਾਵਨਾ ਅੱਗੇ ਸਮਰਪਣ ਕਰਨ ਨਾਲ ਸਮੂਹ ਕਾਰਜ ਸਫਲ ਹੋ ਜਾਂਦੇ ਹਨ:

*ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੧)*

ਸਮਰਪਣ ਵਿੱਚੋਂ ਇਕਸੁਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਸਮਰਪਣ ਕਰਨ ਦੀ ਭਾਵਨਾ ਮਨੁੱਖ ਦੀ ਇੱਛਾ 'ਤੇ ਨਿਰਭਰ ਕਰਦੀ ਹੈ। ਇੱਛਾ ਅਜਿਹੀ ਸ਼ਕਤੀ ਹੈ ਜਿਹੜੀ ਕਿ ਮਨੁੱਖੀ ਮਨ ਨੂੰ ਭਟਕਾ ਵੀ ਸਕਦੀ ਹੈ ਅਤੇ ਉਸ ਨੂੰ ਸਿੱਧੇ ਮਾਰਗ ਵੀ ਪਾ ਸਕਦੀ ਹੈ। ਇੱਛਾ ਸ਼ਕਤੀ ਨੂੰ ਸੀਮਤ ਕਰ ਕੇ ਕਾਬੂ ਵਿਚ ਲਿਆਉਣਾ ਇਕ ਵੱਡਾ ਅਤੇ ਔਖਾ ਕਾਰਜ ਹੈ, ਪਰ ਇਸ ਨੂੰ ਅਸੰਭਵ ਨਹੀਂ ਮੰਨਿਆ ਜਾ ਸਕਦਾ। ਗੁਰਬਾਣੀ

ਮਨੁੱਖ ਨੂੰ ਗੁਰੂ ਅੱਗੇ ਸਮਰਪਤ ਹੋਣ ਲਈ ਪ੍ਰੇਰਿਤ ਕਰਦੀ ਹੈ। ਇੱਥੇ ਇਹ ਧਿਆਨ ਦੇਣ ਦੀ ਲੋੜ ਹੈ ਕਿ ਸਮਰਪਣ ਮਨ ਨੇ ਹੋਣਾ ਹੈ, ਸਰੀਰ ਨੇ ਨਹੀਂ। ਜਦੋਂ ਮਨ ਗੁਰੂ ਪ੍ਰਤੀ ਸਮਰਪਿਤ ਹੋ ਗਿਆ ਤਾਂ ਸਰੀਰਿਕ ਕ੍ਰਿਆਵਾਂ ਵੀ ਆਪਣੇ ਆਪ ਹੀ ਦਿਸ਼ਾ ਗ੍ਰਹਿਣ ਕਰ ਲੈਂਦੀਆਂ ਹਨ। ਇਸ ਦਾ ਭਾਵ ਹੈ ਕਿ ਸਰੀਰ ਮਨ ਦੀਆਂ ਇੱਛਾਵਾਂ ਦੇ ਅਨੁਸਾਰ ਕਾਰਜ ਕਰਦਾ ਹੈ। ਜਿਵੇਂ ਕਿਸੇ ਵੱਡੀ ਮਸ਼ੀਨ ਨੂੰ ਕਾਬੂ ਕਰਨ ਲਈ ਉਸ ਦੇ ਧੁਰੇ ਨੂੰ ਕਾਬੂ ਕਰਨਾ ਜ਼ਰੂਰੀ ਹੁੰਦਾ ਹੈ, ਉਸੇ ਤਰ੍ਹਾਂ ਸਰੀਰ ਨੂੰ ਕਾਬੂ ਕਰਨ ਲਈ ਮਨ ਨੂੰ ਕਾਬੂ ਕਰਨਾ ਜ਼ਰੂਰੀ ਹੈ। ਮਨ ਨੂੰ ਕਾਬੂ ਕਰ ਕੇ ਮਨੁੱਖ ਔਖੇ ਤੋਂ ਔਖਾ ਕਾਰਜ ਕਰਨ ਲਈ ਤਿਆਰ ਹੋ ਜਾਂਦਾ ਹੈ, ਅਨੇਕਾਂ ਤਸੀਹੇ ਸਹਿਣ ਦੀ ਸ਼ਕਤੀ ਉਸ ਵਿਚ ਆ ਜਾਂਦੀ ਹੈ, ਦੁਨਿਆਵੀ ਦੁਖ ਉਸ ਨੂੰ ਨਿਰਾਸ਼ ਅਤੇ ਉਦਾਸ ਨਹੀਂ ਕਰਦੇ। ਮਨ ਵਿਚ ਪੈਦਾ ਹੋਈ ਨਿਰਾਸ਼ਾ ਤਾਕਤਵਰ ਅਤੇ ਉੱਚੀ-ਲੰਮੀ ਡੀਲ-ਡੌਲ ਵਾਲੇ ਮਨੁੱਖ ਨੂੰ ਵੀ ਕਮਜ਼ੋਰ ਕਰ ਦਿੰਦੀ ਹੈ ਅਤੇ ਇਸ ਤੋਂ ਉਲਟ ਪੈਦਾ ਹੋਈ ਸਥਿਤੀ ਕਮਜ਼ੋਰ ਦਿਖਾਈ ਦੇਣ ਵਾਲੇ ਮਨੁੱਖ ਦਾ ਮਨੋਬਲ ਇਤਨਾ ਉੱਚਾ ਕਰ ਦਿੰਦੀ ਹੈ ਕਿ ਉਹ ਔਖੇ ਤੋਂ ਔਖਾ ਕਾਰਜ ਕਰਨ ਵੇਲੇ ਵੀ ਜ਼ਰਾ ਜਿੰਨੀ ਘਬਰਾਹਟ ਨਹੀਂ ਦਿਖਾਉਂਦਾ ਬਲਕਿ ਕਾਰਜ ਦੀ ਸਫ਼ਲਤਾ ਤਕ ਨਿਰੰਤਰ ਯਤਨਸ਼ੀਲ ਰਹਿੰਦਾ ਹੈ। ਸਮਰਪਣ ਰਾਹੀਂ ਜੇਕਰ ਮਨੁੱਖੀ ਮਨ ਗੁਰੂ ਦੇ ਸ਼ਬਦ ਨਾਲ ਇਕਸੁਰਤਾ ਗ੍ਰਹਿਣ ਕਰ ਲਵੇ ਤਾਂ ਕੋਈ ਵੀ ਕਾਰਜ ਅਸੰਭਵ ਨਹੀਂ ਲੱਗਦਾ।

**੨. ਸਮਾਨਤਾ**: ਇਸ ਸਦਗੁਣ ਦੇ ਪ੍ਰਭਾਵ ਸਦਕਾ ਸਮੂਹ ਜੀਵਾਂ ਨੂੰ ਸਮਾਨਤਾ ਦੀ ਭਾਵਨਾ ਨਾਲ ਦੇਖਣ ਦੀ ਪ੍ਰੇਰਨਾ ਕੀਤੀ ਗਈ ਹੈ। ਹਿੰਦੂ ਧਰਮ ਦੇ ਸ਼ਤਪਥ ਬ੍ਰਾਹਮਣ ਗ੍ਰੰਥ ਵਿਚ ਸਮਾਨਤਾ ਨੂੰ ਭਾਈਚਾਰੇ ਦਾ ਹੀ ਦੂਜਾ ਰੂਪ ਮੰਨਿਆ ਗਿਆ ਹੈ। ਬੁੱਧ ਧਰਮ ਦੇ ਧਰਮ ਗ੍ਰੰਥ 'ਧਮਪਦ' ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ 'ਸਮਚਰਿਯਾ ਸਮਣੋ ਤਿ ਵੁੱਚਤਿ' ਭਾਵ ਕਿ ਜਿਹੜਾ ਸਮਾਨਤਾ ਦਾ ਆਚਰਨ ਕਰਦਾ ਹੈ, ਉਹੀ ਸ਼੍ਰਮਣ ਆਖਵਾਉਂਦਾ ਹੈ।

ਗੁਰਬਾਣੀ ਵਿਚ "ਏਕੁ ਪਿਤਾ ਏਕਸ ਕੇ ਹਮ ਬਾਰਿਕ", "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥" ਦੀ ਭਾਵਨਾ ਨੂੰ ਸਾਹਮਣੇ ਰੱਖ ਕੇ ਸਮੂਹ ਜੀਵਾਂ ਨਾਲ ਸਮਾਨਤਾ ਦਾ ਵਿਹਾਰ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਦੂਜਿਆਂ ਨੂੰ ਸਮਾਨਤਾ ਦੀ ਭਾਵਨਾ ਨਾਲ ਦੇਖਣ ਵਿੱਚੋਂ ਨਿਮਰਤਾ ਦਾ ਵਿਕਾਸ ਹੁੰਦਾ ਹੈ।

**ਚਲਦਾ. . .**

# 'ਸ਼ਬਦ ਗੁਰੂ' ਹੀ ਸ਼ਖ਼ਸੀ ਪੂਜਾ ਅਤੇ ਗ਼ੁਲਾਮੀ ਦਾ ਮੁਕਤੀਦਾਤਾ ਹੈ

*-ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਸਾਡੇ ਦੇਸ਼ ਵਿਚ ਹਾਲੇ ਵੀ ਧਾਰਮਿਕ ਆਸਥਾ ਦੀ ਬਿਨਾਂਅ 'ਤੇ ਅਗਿਆਨਤਾ ਵਸ ਦੇਹ ਦੀ ਪੂਜਾ ਅਤੇ ਕਾਫ਼ੀ ਹੱਦ ਤਕ ਗ਼ੁਲਾਮੀ ਸਵੀਕਾਰ ਕਰ ਲੈਣ ਦਾ ਰੁਝਾਨ ਪ੍ਰਬਲ ਹੈ। ਅਜਿਹੇ ਰੁਝਾਨ ਵਿੱਚੋਂ ਮਾਨਵਤਾ ਦੇ ਸ਼ੋਸ਼ਣ ਅਤੇ ਫ਼ਸਾਦਾਂ ਦੀਆਂ ਘਟਨਾਵਾਂ ਉਗਮਦੀਆਂ ਹਨ। ਪੰਜਾਬ ਵਿਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਇਸੇ ਰੋਸ਼ਨੀ ਵਿਚ ਦੇਖਿਆ ਜਾ ਸਕਦਾ ਹੈ। ਕਿਉਂਕਿ ਦੇਹਧਾਰੀ ਜਾਂ ਦੰਭ ਦੇ ਪਾਜ ਉਘਾੜਨ ਅਤੇ ਆਮ ਲੋਕਾਂ ਤੋਂ ਪੂਜਾ ਕਰਵਾਉਣ ਵਾਲੇ ਮਨੁੱਖਾਂ ਦੀ ਅਸਲੀਅਤ ਅਤੇ ਲੱਛਣਾਂ ਦੇ ਬਾਖੂਬ ਬਿਆਨ ਕਾਰਨ ਅਜਿਹੇ ਲੋਕਾਂ ਲਈ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਹਮੇਸ਼ਾਂ ਲਈ ਚੁਣੌਤੀ ਹਨ। ਤ੍ਰੈਕਾਲ ਦੀ ਅੰਦੇਸ਼ਤਾ ਰੱਖਣ ਵਾਲੇ ਗੁਰੂ ਸਾਹਿਬਾਨ ਅਜਿਹੇ ਵਾਤਾਵਰਨ ਨੂੰ ਬੁਝ ਚੁੱਕੇ ਸਨ ਅਤੇ ਉਨ੍ਹਾਂ ਦੀ ਦ੍ਰਿਸ਼ਟੀ ਸੀ ਕਿ ਜਿਸ ਧਰਮ ਦਾ ਉਦੇਸ਼ ਵਿਅਕਤੀਗਤ ਅਤੇ ਸਮਾਜਿਕ ਤੌਰ 'ਤੇ ਕਲਿਆਣਕਾਰੀ ਅਤੇ ਸਰਬੱਤ ਦੇ ਭਲੇ ਵਾਲਾ ਹੈ, ਉਸ ਦੇ ਨਾਂ 'ਤੇ ਦੇਹਧਾਰੀ ਮਨੁੱਖ ਪੂਜਯ ਬਣ ਕੇ ਸਦਾ ਲਈ ਲੋਕਾਈ ਨੂੰ ਗੁੰਮਰਾਹ ਕਰਨ ਦਾ ਹੀਆ ਨਾ ਕਰ ਸਕਣ। ਇਸ ਕਰਕੇ ਉਨ੍ਹਾਂ ਨੇ 'ਸ਼ਬਦ' ਨੂੰ ਗੁਰੂ ਥਾਪ ਕੇ ਜਿੱਥੇ ਸ਼ਬਦ-ਗਿਆਨ ਨੂੰ ਸਤਿਕਾਰਯੋਗ ਥਾਂ ਦਿੱਤੀ, ਉੱਥੇ ਇਕ ਇਸ਼ਟ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਪ੍ਰਦਾਨ ਕਰ ਕੇ ਹਮੇਸ਼ਾਂ ਲਈ 'ਸ਼ਖ਼ਸੀ ਪੂਜਾ' ਅਤੇ 'ਸ਼ਖ਼ਸੀ ਗ਼ੁਲਾਮੀ' ਤੋਂ ਨਿਜਾਤ ਦਿਵਾਉਣ ਦਾ ਮਹਾਨ ਪਰਉਪਕਾਰ ਕੀਤਾ।

ਸੰਸਾਰ ਦੇ ਧਰਮਾਂ ਵਿਚ ਸਿੱਖ ਧਰਮ ਦੇ ਮੌਲਿਕ ਅਤੇ ਨਿਵੇਕਲੇ ਸਿਧਾਂਤ, ਇਤਿਹਾਸਿਕ ਪੜਾਅ, ਮਰਯਾਦਾ ਅਤੇ ਪਰੰਪਰਾਵਾਂ ਹਨ। ਸਭ ਤੋਂ ਸਿਰਮੌਰ 'ਸ਼ਬਦ ਗੁਰੂ' ਦੇ ਸਿਧਾਂਤ ਨੂੰ ਰੂਪਮਾਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਜਾਂ ਗੁਰਤਾ ਦਾ ਸਿਧਾਂਤ ਹੈ। ਸਿੱਖਾਂ ਤੋਂ ਇਲਾਵਾ ਵਿਸ਼ਵ ਭਰ ਦੇ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਪੱਖੀ ਮਹਿਮਾ ਲਿਖਦਿਆਂ ਇਸ ਦੇ ਸੱਭਿਆਚਾਰਕ, ਦਾਰਸ਼ਨਿਕ, ਨੈਤਿਕ, ਸਾਹਿਤਕ, ਕਲਾਤਮਕ, ਸਮਾਜਿਕ, ਰਾਜਨੀਤਿਕ, ਸੰਗੀਤਿਕ, ਭਾਸ਼ਾਈ, ਵਿਆਕਰਨਿਕ, ਇਤਿਹਾਸਿਕ ਅਤੇ ਇਸ ਗ੍ਰੰਥ ਦੇ ਬ੍ਰਹਿਮੰਡੀ ਕਲਾਵੇ ਜਾਂ ਸਰਬੱਤ ਦੇ ਭਲੇ ਵਾਲੀ ਵਿਚਾਰਧਾਰਾ ਆਦਿ ਦੇ ਸਰੋਕਾਰਾਂ ਦੀ ਸਾਰਥਿਕਤਾ ਅਤੇ ਮਹੱਤਤਾ ਸੰਬੰਧੀ ਬਹੁਤ ਕੁਝ ਲਿਖਿਆ ਹੈ, ਲਿਖਿਆ ਜਾ ਰਿਹਾ ਹੈ ਅਤੇ ਲਿਖਿਆ ਜਾਂਦਾ ਰਹੇਗਾ। ਇਸ ਸੰਬੰਧੀ ਅਕਾਦਮਿਕ ਖੇਤਰ ਵਿਚ ਧਰਮ ਅਧਿਐਨ ਤੋਂ ਇਲਾਵਾ ਹੋਰ ਸਮਾਜਿਕ ਅਤੇ ਭਾਸ਼ਾ ਵਿਗਿਆਨਾਂ ਵਿਚ ਗਿਣਾਤਮਿਕ ਪੱਖੋਂ ਵੱਡੇ ਪੱਧਰ 'ਤੇ ਖੋਜ ਕਾਰਜ ਹੋ ਰਿਹਾ ਹੈ।

**ਸਹਾਇਕ ਪ੍ਰੋਫ਼ੈਸਰ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ, ਪਟਿਆਲਾ-੧੪੭੦੦੨; ਮੋ.੯੪੬੩੮-੬੧੩੧੯*

ਬਾਣੀਕਾਰਾਂ, ੧੪੩੦ ਪੰਨਿਆਂ, ੩੧ ਰਾਗਾਂ ਅਤੇ ਗੁਰਮੁਖੀ ਲਿਪੀ ਵਿਚ ਕਈ ਭਾਸ਼ਾਵਾਂ ਦੀ ਖਾਸੀਅਤ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿੱਥੇ ਬਤੌਰ 'ਗੁਰੂ' ਸਿੱਖ ਪੰਥ ਦੇ ਧੁਰੇ ਵਜੋਂ ਸੁਸ਼ੋਭਿਤ ਹਨ, ਉੱਥੇ ਬਤੌਰ ਧਾਰਮਿਕ ਗ੍ਰੰਥ ਵੀ ਵਿਭਿੰਨ ਪੱਖਾਂ (ਆਕਾਰ, ਵਿਸ਼ਾ-ਵਿਸਤਾਰ, ਭੇਦ-ਭਾਵ ਰਹਿਤ ਬਾਣੀਕਾਰ, ਲੋਕ ਭਾਸ਼ਾ ਆਦਿ) ਤੋਂ ਲਾਸਾਨੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਆਤਮਿਕ ਸ਼ਾਸਤਰ ਏਕਵਾਦੀ ਤੇ ਸਮਾਜ ਸ਼ਾਸਤਰ ਮਾਨਵਵਾਦੀ ਹੈ ਜੋ ਨਿਰਵਿਵਾਦ ਵਿਸ਼ਵ ਮਨੁੱਖ (Universal Man) ਦਾ ਸੁੰਦਰ ਆਧਾਰ ਬਣਨ ਦੀ ਪੂਰਨ-ਭਾਂਤ ਸਮਰੱਥਾ ਰੱਖਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ 'ਸਿਧ ਗੋਸਟਿ' ਵਿਚ *ਸਬਦੁ ਗੁਰੂ ਸੁਰਤਿ ਧੁਨਿ ਚੇਲਾ* ਦੇ ਵਾਕ ਨਾਲ ਜਿੱਥੇ ਸਮਕਾਲੀ ਭਾਰਤੀ ਦਰਸ਼ਨ ਦੇ ਪ੍ਰਤੀਨਿਧ ਵਿਦਵਾਨ ਯੋਗੀ ਜਾਂ ਸਿਧ ਪੁਰਸ਼ਾਂ ਨੂੰ ਅਧਿਆਤਮਿਕ ਖੇਤਰ ਵਿਚ 'ਸ਼ਬਦ ਗੁਰੂ' ਸਿਧਾਂਤ ਦੀ ਸ੍ਰੇਸ਼ਟਤਾ ਦਾ ਲੋਹਾ ਮਨਵਾਇਆ, ਉੱਥੇ 'ਗੁਰੂ ਮਾਨਿਓ ਗ੍ਰੰਥ' ਦੇ ਹੁਕਮ ਦੀ ਨੀਂਹ ਰੱਖੀ। ਭਾਰਤੀ ਦਰਸ਼ਨ ਵਿਚ 'ਸ਼ਬਦ' ਨੂੰ 'ਨਿਤ' ਕਿਹਾ ਗਿਆ ਹੈ ਅਤੇ 'ਸ਼ਬਦ ਬ੍ਰਹਮ' ਦੀ ਕਲਪਨਾ ਵੀ ਕੀਤੀ ਗਈ ਹੈ, ਪਰ ਅਧਿਆਤਮਿਕ ਸ਼ਬਦ ਨੂੰ ਗੁਰੂ ਸਥਾਪਿਤ ਕਰਨ ਦਾ ਕ੍ਰਿਸ਼ਮਾ ਗੁਰੂ ਸਾਹਿਬਾਨ ਦੇ ਹੀ ਹਿੱਸੇ ਆਇਆ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਪਹਿਲਾਂ 'ਪੋਥੀ' ਸ਼ਬਦ ਪ੍ਰਚਲਿਤ ਸੀ। *ਪੋਥੀ ਪਰਮੇਸਰ ਕਾ ਥਾਨੁ* ਦਾ ਗੁਰਵਾਕ ਪੋਥੀ ਰੂਪ ਵਿਚ ਵੀ ਇਸ ਵਿਚ ਅੰਕਿਤ ਬਾਣੀ ਦੇ ਇਲਾਹੀ, ਰੱਬੀ, ਅਗੰਮੀ, ਅੰਮ੍ਰਿਤ ਬਾਣੀ ਹੋਣ ਦੀ ਗਵਾਹੀ ਭਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਫੁਰਮਾਨ ਮਿਲਦੇ ਹਨ, ਜਿਨ੍ਹਾਂ ਵਿਚ ਗੁਰੂ ਨੂੰ ਪਰਿਭਾਸ਼ਿਤ ਕਰਦਿਆਂ ਗੁਰਬਾਣੀ, ਬਾਣੀ ਅਤੇ ਸ਼ਬਦ ਨੂੰ ਇੱਕੋ ਅਰਥ ਵਿਚ ਗੁਰੂ ਸਰੂਪ ਹੋਣ ਦਾ ਉਪਦੇਸ਼ ਦ੍ਰਿੜਾਇਆ ਗਿਆ ਹੈ। ਖ਼ੁਦ ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਉਪਰੰਤ ਪਾਲਕੀ ਵਿਚ ਸਵਾਰ ਕਰਵਾ ਕੇ ਅਦਬ-ਸਤਿਕਾਰ ਨਾਲ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਚ ਲੈ ਕੇ ਆਏ ਤਾਂ ਆਪ ਨੰਗੇ ਪੈਰੀਂ ਹੱਥੀਂ ਚੌਰ ਕਰ ਰਹੇ ਸਨ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਜੀ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਆਪ ਕੋਈ ਗੱਦੀ ਲਾ ਕੇ ਨਹੀਂ ਬੈਠੇ ਸਗੋਂ ਖੜ੍ਹੇ ਹੋ ਕੇ ਚੌਰ ਕਰਿਆ ਕਰਦੇ ਸਨ। ਦਸਮ ਗੁਰੂ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਹਿੱਤ ਜੋ ਕੁਝ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣਾ ਉਹ ਵੀ ਕਿਸੇ ਤੋਂ ਛੁਪਿਆ ਨਹੀਂ ਹੈ।

ਸਿੱਖ-ਪੰਥ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸ਼੍ਰੋਮਣੀ ਵਾਸਤਾ ਇਸ ਦੇ 'ਗੁਰੂ' ਹੋਣ ਨਾਲ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਕਾਸ਼ ਕਰਨ ਤੋਂ ਲੈ ਕੇ ਬਿਰਾਜਮਾਨ ਕਰਨ ਅਤੇ ਇਕ ਸਥਾਨ ਤੋਂ ਦੂਜੇ ਸਥਾਨ ਤਕ ਲੈ ਜਾਣ ਦੀ ਸਾਰੀ ਮਰਯਾਦਾ ਸਧਾਰਨ ਨਾ ਹੋ ਕੇ ਸ਼ਰਧਾ, ਸਤਿਕਾਰ ਅਤੇ ਪੂਰੀ ਠਾਠ-ਬਾਠ ਨਾਲ ਨਿਭਾਈ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਅਤੇ ਹਰ ਸ਼ਬਦ ਇਲਾਹੀ

ਹੈ। ਇਸੇ ਕਾਰਨ ਇਸ ਦੇ ਪਾਠ ਸੰਬੰਧੀ ਸ਼ੁੱਧ ਉਚਾਰਨ, ਵਿਸ਼ਰਾਮ ਦਾ ਵਿਸ਼ੇਸ਼ ਖ਼ਿਆਲ ਰੱਖਿਆ ਜਾਂਦਾ ਹੈ। ਗੁਰ-ਇਤਿਹਾਸ ਵਿਚ ਕਈ ਹਵਾਲੇ ਮਿਲਦੇ ਹਨ ਜਦ ਗੁਰੂ ਸਾਹਿਬਾਨ ਨੇ ਅਸ਼ੁੱਧ ਪਾਠ ਕਰਨ ਵਾਲਿਆਂ ਨੂੰ ਇਸ ਤੋਂ ਸੁਚੇਤ ਕਰਦਿਆਂ ਇਸ ਨੂੰ ਗੁਰੂ ਦੀ ਘੋਰ ਅਵੱਗਿਆ ਫੁਰਮਾਇਆ। ਵਿਚਾਰਧਾਰਕ ਪੱਧਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ ਪਰਮਾਤਮਾ ਦੀ ਏਕਤਾ ਤੇ ਸਰਬ-ਵਿਆਪਕਤਾ, ਉਸ ਦੇ ਸ੍ਰਿਸ਼ਟੀ ਕਰਤਾ-ਹਰਤਾ ਅਤੇ ਉਸ ਦੇ ਨਾਮ-ਵਡਿਆਈ ਦੀ ਸਰਵੋਤਮਤਾ ਹੈ। 'ਮੂਲ ਮੰਤਰ' ਵਿਚ ਪਰਮਾਤਮਾ ਦੇ ਸਰੂਪ ਤੇ ਉਕਤ ਵਿਸ਼ੇ ਦਾ ਵਰਣਨ ਹੈ। ਸਿੱਖ ਪੰਥ ਲਈ ਇਸ ਤੋਂ ਉੱਪਰ ਹੋਰ ਕੋਈ ਗਿਆਨ-ਸ੍ਰੋਤ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਮੁੱਚਾ ਗਿਆਨ ਹੀ ਅੰਤਿਮ ਹੈ। ਗੁਰਸਿੱਖਾਂ ਦੇ ਘਰਾਂ ਵਿਚ ਜਨਮ ਤੋਂ ਲੈ ਕੇ ਮੌਤ ਤਕ ਹਰ ਸੰਸਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਹਨੁਮਾਈ ਵਿਚ ਹੀ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਧਰਮ ਗ੍ਰੰਥ ਨਾ ਮੰਨ ਕੇ 'ਗੁਰੂ' ਮੰਨਣਾ ਸਭ ਤੋਂ ਵੱਧ ਅਤੇ ਬੇਮਿਸਾਲ ਸਰੋਕਾਰ ਹੈ। ਗੁਰ-ਇਤਿਹਾਸ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬਾਨ ਦੀ ਸਾਰੀ ਘਾਲ ਦਾ ਮੰਤਵ ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕਰ ਕੇ ਮਨੁੱਖਤਾ ਦੀ ਝੋਲੀ ਅਮੁੱਲ ਖ਼ਜ਼ਾਨੇ ਨਾਲ ਭਰਪੂਰ ਕਰਨਾ ਸੀ, ਜਦ ਕਿ ਕੋਈ ਵੀ ਪੀਰ-ਪੈਗ਼ੰਬਰ ਜਾਂ ਅਵਤਾਰ ਕੋਈ ਵੀ ਧਰਮ ਗ੍ਰੰਥ ਖ਼ੁਦ ਤਿਆਰ ਕਰ ਕੇ ਨਹੀਂ ਗਿਆ, ਬਾਅਦ ਵਿਚ ਵਿਚ ਉਨ੍ਹਾਂ ਦੇ ਮੁਰੀਦਾਂ ਵੱਲੋਂ ਮੌਜੂਦਾ ਰੂਪ ਵਿਚ ਲਿਆਂਦੇ ਗਏ ਹਨ। ਯੂਨਾਨੀ ਫ਼ਿਲਾਸਫ਼ਰਾਂ (ਫੀਥਾਗੋਰਸ, ਸੁਕਰਾਤ ਆਦਿ), ਸਾਮੀ ਧਰਮਾਂ (ਯਹੂਦੀ, ਈਸਾਈ ਅਤੇ ਇਸਲਾਮ) ਅਤੇ ਭਾਰਤੀ ਧਰਮਾਂ (ਹਿੰਦੂ, ਬੁੱਧ ਅਤੇ ਜੈਨ) ਦੇ ਪਵਿੱਤਰ ਵਚਨ ਅਤੇ ਗ੍ਰੰਥ ਬਾਅਦ ਵਿਚ ਲਿਖਤੀ ਰੂਪ 'ਚ ਲਿਆਂਦੇ ਗਏ। ਸਿੱਖ ਧਰਮ ਅਤੇ ਹੋਰ ਧਰਮਾਂ ਵਿਚ ਇਹ ਵੱਡਾ ਫ਼ਰਕ ਹੈ ਕਿ ਗੁਰਬਾਣੀ ਸਾਡੇ ਪਾਸ ਸ਼ੁੱਧ ਤੇ ਪ੍ਰਮਾਣਿਕ ਰੂਪ ਵਿਚ ਮੌਜੂਦ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਭਾਈ ਗੁਰਦਾਸ ਜੀ ਨੂੰ ਲਿਖਾਰੀ ਨਿਯਤ ਕਰ ਕੇ ਆਪਣੀ ਦੇਖ-ਰੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕੀਤਾ। 'ਬੰਸਾਵਲੀਨਾਮਾ' (ਭਾਈ ਕੇਸਰ ਸਿੰਘ) ਵਿਚ ਲਿਖਿਆ ਹੈ :

*ਬਚਨ ਕੀਤਾ: "ਭਾਈ ਗੁਰਦਾਸ, ਗੁਰੂ ਕੀ ਬਾਣੀ ਜੁਦਾ ਕਰੀਏ।*
*ਮੀਣੇ ਪਾਂਦੇ ਨੀ ਰਲਾ, ਸੋ ਵਿਚ ਰਲਾ ਨਾ ਧਰੀਏ।"*
*ਸੋ ਸਾਹਿਬ ਬਾਣੀ ਅਗੇ ਹੀ ਉਚਾਰ ਕਰਤ ਸੇ ਭਏ।*
*ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ ।੯੩।*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਸਾਹਿਬਾਨ ਦੀ ਬਾਣੀ, ਭਗਤ ਸਾਹਿਬਾਨ ਦੀ ਬਾਣੀ, ਭੱਟ ਸਾਹਿਬਾਨ ਦੀ ਬਾਣੀ ਅਤੇ ਕੁਝ ਸਿੱਖਾਂ ਦੀ ਬਾਣੀ ਦਾ ਸੰਕਲਨ ਕਰ ਕੇ ਬਾਣੀਕਾਰਾਂ ਤੇ ਰਾਗਾਂ ਅਨੁਸਾਰ ਬਾਣੀ ਤਰਤੀਬਵਾਰ ਅੰਕਿਤ ਕਰ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਥਮ ਬੀੜ ਤਿਆਰ ਕੀਤੀ। ਗੁਰੂ ਸਾਹਿਬਾਨ ਨੇ ਇਹ ਸਰਵੋਤਮ ਪਵਿੱਤਰ ਕਾਰਜ ਖ਼ੁਦ ਕੀਤਾ ਕਿ ਇਸ ਨੂੰ ਗੁਰੂ ਥਾਪਣਾ ਹੈ, ਤਾਂ ਜੋ

ਮਨੁੱਖ ਹਰ ਤਰ੍ਹਾਂ ਦੀ ਸ਼ਖ਼ਸੀ ਗ਼ੁਲਾਮੀ ਤੋਂ ਛੁਟਕਾਰਾ ਪਾ ਸਕੇ। ਆਮ ਤੌਰ 'ਤੇ ਰਾਜਸੀ ਗ਼ੁਲਾਮੀ ਤੋਂ ਛੁਟਕਾਰਾ ਤਾਂ ਪਾਇਆ ਜਾ ਸਕਦਾ ਹੈ, ਲੇਕਿਨ ਧਾਰਮਿਕ ਦੁਨੀਆ ਵਿਚ ਕਿਸੇ ਨਾ ਕਿਸੇ ਦੀ 'ਦਾਸਤਵ' (ਗ਼ੁਲਾਮੀ) ਪ੍ਰਵਾਨ ਕਰਨਾ ਜਾਇਜ਼ ਸਮਝਿਆ ਜਾਂਦਾ ਹੈ। ਗੁਰੂ ਸਾਹਿਬਾਨ ਦਾ ਮਨੁੱਖਤਾ 'ਤੇ ਪਰਉਪਾਕਰ ਹਿੱਤ ਦੈਵੀ ਮਿਸ਼ਨ ਸੀ ਕਿ ਮਨੁੱਖ ਸਿਵਾਇ ਪਰਮਾਤਮਾ ਦੇ ਕਿਸੇ ਹੋਰ ਦਾ ਗ਼ੁਲਾਮ ਨਾ ਹੋਵੇ, ਇਸੇ ਲਈ ਇਸ ਨੂੰ 'ਸਬਦ' ਜਾਂ 'ਬਾਣੀ' ਦੇ ਲੜ ਲਾਇਆ ਗਿਆ। ਸਪੱਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਥਾਪਿਤ ਕਰ ਕੇ ਧਾਰਮਿਕ ਸੁਤੰਤਰਤਾ ਲਈ ਇਕ ਨਿਵੇਕਲਾ ਕਾਰਜ ਰਚਾਇਆ, ਜਿਸ ਕਾਰਨ ਕਿਸੇ ਜਗਿਆਸੂ ਨੂੰ ਕਿਸੇ ਦੇਹਧਾਰੀ ਦਾ ਤਾਬੇਦਾਰ ਹੋਣ ਦੀ ਲੋੜ ਨਹੀਂ ਰਹਿ ਜਾਂਦੀ ਅਤੇ ਉਹ ਪ੍ਰਤੱਖ ਗੁਰੂ ਗੁਰਬਾਣੀ ਦੁਆਰਾ ਹੀ ਉੱਧਾਰ ਕਰ ਸਕਦਾ ਹੈ। ਰੂਹਾਨੀ ਗ੍ਰੰਥ ਜਾਂ ਰਚਨਾ ਨੂੰ ਸਤਿਗੁਰੂ ਸਥਾਪਿਤ ਕਰਨਾ ਮਨੁੱਖੀ ਸੱਭਿਅਤਾ ਵਿਚ ਇਕ ਅਦੁੱਤੀ ਕਾਰਜ ਸੀ, ਪਰ ਸਮੁੱਚੇ ਵਿਸ਼ਵ ਵਿਚ ਇਸ ਦਾ ਗੌਰਵ ਪੂਰੀ ਤਰ੍ਹਾਂ ਅਨੁਭਵ ਕਰਨ ਦੀ ਲੋੜ ਹੈ। ਗੁਰਮੁਖੀ, ਅਰਬੀ, ਫ਼ਾਰਸੀ, ਹਿੰਦੀ ਅਤੇ ਅੰਗਰੇਜ਼ੀ ਦੇ ਵਿਦਵਾਨਾਂ ਨੇ ਗੁਰੂ ਸਾਹਿਬਾਨ ਦੇ ਇਸ ਕਾਰਜ ਨੂੰ ਧਾਰਮਿਕ ਇਤਿਹਾਸ ਵਿਚ ਮਹਾਨ ਕਾਰਜ ਦਰਸਾਇਆ ਹੈ। ਜਿੱਥੇ ਸਮਕਾਲੀ ਵਿਦਵਾਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਪ੍ਰਦਾਨ ਕਰਨ ਦੇ ਅਮਲ ਦੀ ਗਵਾਹੀ ਭਰੀ ਹੈ, ਉੱਥੇ ਸਿੱਖ ਮਹਾਂਪੁਰਸ਼ਾਂ ਨੇ ਹੂਬਹੂ ਅਮਲ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਅਟੁੱਟ ਸ਼ਰਧਾ ਤੇ ਵਿਸ਼ਵਾਸ ਦਾ ਪ੍ਰਗਟਾਵਾ ਕੀਤਾ ਹੈ।

ਭਾਈ ਨੰਦ ਲਾਲ ਜੀ :

*–ਜੋ ਸਿੱਖ ਗੁਰ ਦਰਸਨ ਕੀ ਚਾਹਿ ਦਰਸਨ ਕਰੇ ਗ੍ਰੰਥ ਜੀ ਆਹਿ। (ਰਹਿਤਨਾਮਾ)*

ਪੰਡਿਤ ਨਿਹਾਲ ਸਿੰਘ ਜੀ ਲਾਹੌਰੀ:

*ਕਾਹੂੰ ਕੋ ਭਰੋਸੋ ਹੈ ਜਮੀਨ ਕੋ ਜਮਾਨੇ ਬੀਚ, ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ ਪੈ।*
*ਕਾਹੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ, ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈਂ ਕਾਜ ਪੈ।*
*ਕਾਹੂੰ ਕੋ ਭਰੋਸੋ ਦੇਵਬਾਨੀ ਅਰੁ ਪਾਰਸੀ ਕੋ, ਕਾਹੂੰ ਕੋ ਭਰੋਸੋ ਸੰਤਗੀਰੀ ਕੀ ਮਿਜਾਜ ਪੈ।*
*ਕਾਹੂੰ ਕੋ ਭਰੋਸੋ ਚਾਰੁ ਚਾਤਰੀ ਚਲਾਕੀ ਚੋਖ, ਮੋ ਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।*

ਬਾਬਾ ਰਾਮ ਸਿੰਘ ਨਾਮਧਾਰੀ :

*'ਹੋਰ ਭਾਈ ਦਸਾਂ ਪਾਤਸ਼ਾਹੀਆਂ ਤੇ ਪਿਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ, ਸੋ ਸਦਾ ਹੀ ਇਸਥਿਤ ਹੈ, ਹੋਰ ਗੁਰੂ ਕੋਈ ਨਹੀਂ। (ਹੁਕਮਨਾਮੇ, ਸੰਪਾ. ਭਾਈ ਟਹਿਲ ਸਿੰਘ)'*

ਸ਼ਬਦ ਗੁਰੂ ਦੀ ਅਸੀਮਤਾ ਤੇ ਅਨੰਤਤਾ ਦੇ ਮੁਕਾਬਲੇ ਦੇਹਧਾਰੀ ਜਾਂ ਦੰਭੀ ਕਿਸਮ ਦੇ ਲੋਕਾਂ ਦੇ ਧਾਰਮਿਕ ਦਿਖਾਵੇ ਹਮੇਸ਼ਾਂ ਤੋਂ ਚਰਚਾ ਦਾ ਵਿਸ਼ਾ ਹਨ, ਜਿਨ੍ਹਾਂ ਬਾਰੇ ਵਿਚਾਰ ਜ਼ਰੂਰੀ ਹੈ। ਅਧਿਆਤਮਿਕਤਾ ਇਕ ਪਰਾਸਰੀਰਿਕ ਅਨੁਭਵ ਹੈ, ਇੰਦ੍ਰਿਆਵੀ ਨਹੀਂ। ਇਸ ਅਨੁਭਵ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਪਹਿਲੀ ਸ਼ਰਤ ਦੇਹ ਦੀ ਅਹੰਤਾ (ਹਉਮੈਂ),

ਮਮਤਾ ਅਤੇ ਵਾਸ਼ਨਾਵਾਂ ਦਾ ਤਿਆਗ ਜ਼ਰੂਰੀ ਹੈ। ਸਰੀਰ ਬਿਨਸਨਹਾਰ ਤੇ ਆਤਮਾ ਅਮਰ ਦਾ ਬ੍ਰਹਿਮੰਡੀ ਸੱਚ ਅਧਿਆਤਮਿਕ ਪ੍ਰਾਪਤੀਆਂ ਲਈ ਦੇਹ ਦੀ ਸੀਮਾ ਅਤੇ ਆਤਮਾ ਦੀ ਅਸੀਮਤਾ ਨੂੰ ਜ਼ਾਹਰ ਕਰਦਾ ਹੈ। ਜਿਨ੍ਹਾਂ ਲੋਕਾਂ ਨੇ ਆਤਮਾ ਦਾ ਵਿਕਾਸ ਕਰਨਾ ਹੈ ਤੇ ਰੂਹਾਨੀਅਤ ਜਾਂ ਪਰਮਾਰਥ ਦੇ ਰਾਹ ’ਤੇ ਚੱਲਣਾ ਹੈ, ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਦੇਹ ਦੇ ਜੰਜਾਲ ਵਿੱਚੋਂ ਨਿਕਲਣ, ਦੇਹ-ਵਿਕਾਰਾਂ ਤੋਂ ਉੱਪਰ ਉੱਠਣ ਤਾਂ ਹੀ ਅਧਿਆਮਿਕਤਾ ਦੀਆਂ ਉਚਾਣਾਂ ਛੋਹੀਆਂ ਜਾ ਸਕਦੀਆਂ ਹਨ। ਨਵੇਂ ਧਰਮ ਦਾ ਪ੍ਰਪੰਚ ਰਚਾਉਣ ਵਾਲੇ ਦੰਭੀ ਲੋਕਾਂ ਆਤਮਾ ਦੀ ਥਾਂ ਦੇਹੀ ਦੀ ਦੁਹਾਈ ਜ਼ਿਆਦਾ ਮਚਾਈ ਹੋਈ ਹੈ ਆਮ ਲੋਕਾਂ ਨੂੰ ਦੇਹ ਨਾਲ ਜੋੜਨ ਦਾ ਕੋਈ ਮੌਕਾ ਨਹੀਂ ਖੁੰਝਾਉਂਦੇ, ਆਪਣੇ ਮਤਲਬ ਲਈ ਗੁਰਬਾਣੀ ਵਿੱਚੋਂ ‘ਗੁਰੂ ਦਰਸ਼ਨ’ ‘ਗੁਰੂ ਸੇਵਾ’ ਆਦਿ ਸੰਬੰਧੀ ਤੁਕਾਂ ਦੇ ਅਨਰਥ ਕਰਦੇ ਹੋਏ ਅਪ੍ਰਾਸੰਗਿਕ ਵਿਆਖਿਆ ਕਰਦੇ ਹਨ। ਉਨ੍ਹਾਂ ਦਾ ਪ੍ਰਚਾਰ ਹੈ ਕਿ ਦੇਹ ਹੀ ਸਭ ਕੁਝ ਹੈ ਅਤੇ ਦੇਹਧਾਰੀ ਹੀ ਰੂਹਾਨੀ ਰਾਹ ’ਤੇ ਆਪ ਚੱਲ ਸਕਦਾ ਹੈ ਤੇ ਲੋਕਾਂ ਨੂੰ ਤੋਰ ਸਕਦਾ ਹੈ। ਇਹ ਦੋ ਦ੍ਰਿਸ਼ਟੀਕੋਣ ਹਨ। ਪੁਰਾਤਨ ਕਾਲ ਤੋਂ ਆਤਮਾ ਨੂੰ ਦੇਹ ਨਾਲੋਂ ਉਚੇਰਾ ਮੰਨਿਆ ਗਿਆ ਹੈ, ਜਿਸ ਵਿਚ ਲੋਕ ਜੋਤ ਦੇ ਪੁਜਾਰੀ ਸਨ। ਜੋ ਲੋਕ ਆਤਮ ਮੰਡਲ ਵਿਚ ਪਹੁੰਚਣ ਦੀ ਸਮਰੱਥਾ ਨਹੀਂ ਰੱਖਦੇ, ਉਹ ਦੇਹ ਤੇ ਦੇਹਧਾਰੀ ਨੂੰ ਹੀ ਸਭ ਕੁਝ ਮੰਨ ਕੇ ਚੱਲਦੇ ਹਨ। ਆਤਮ ਪੁਜਾਰੀ ਹੋਣਾ ਸੂਖਮ ਕਾਰਜ ਹੈ ਅਤੇ ਸਰੀਰ ਦੇ ਪੁਜਾਰੀ ਹੋਣਾ ਸੌਖਾ ਤੇ ਮੋਟਾ-ਠੁਲ੍ਹਾ ਕੰਮ ਹੈ। ਜਿਵੇਂ ਪੁਰਾਤਨ ਲੋਕ ਬੁੱਤਪ੍ਰਸਤੀ ਵਿਚ ਫਸ ਗਏ ਸਨ, ਉਸ ਤਰ੍ਹਾਂ ਹੀ ਦੰਭੀ ਲੋਕ ਜਿਸਮਾਂ ਦੇ ਪੂਜ ਹੋ ਗਏ ਤੇ ਸਾਕਾਰ ਦੇਹਧਾਰੀ ਗੁਰੂ ਦਾ ਢੰਡੋਰਾ ਪਿਟ ਕੇ ਦਾਅਵਾ ਨਿਰੰਕਾਰ ਦਾ ਕਰਨ ਲੱਗ ਪਏ। ਦੇਹ ਭੂਗੋਲਿਕ (ਸਮੇਂ ਤੇ ਸਥਾਨ) ਹੱਦਬੰਦੀਆਂ ਦੀ ਕੈਦ ਵਿਚ ਹੈ, ਲੇਕਿਨ ‘ਸ਼ਬਦ’ ਇਨ੍ਹਾਂ ਤੋਂ ਪਰ੍ਹੇ ਹੈ। ਇਸੇ ਕਾਰਨ ਪਰਮਾਤਮਾ ਦੀ ਪ੍ਰਾਪਤੀ ਲਈ ਨਾ ਕੋਈ ਖਾਸ ਸਮਾਂ ਉੱਚਿਤ ਮੰਨਿਆ ਗਿਆ ਤੇ ਨਾ ਹੀ ਕੋਈ ਵਿਸ਼ੇਸ਼ ਸਥਾਨ ਦਰਸਾਇਆ ਗਿਆ ਹੈ। ਜਦੋਂ ਦੇਹਧਾਰੀ ਮੁਕਤੀਦਾਤਾ ਹੋਣ ਦਾ ਦਾਅਵਾ ਕਰਦਾ ਹੈ ਤਾਂ ਜਿਹੜਾ ਆਪ ਹੀ ਸਮੇਂ ਤੇ ਸਥਾਨ ਦੀ ਕੈਦ ਵਿਚ ਹੈ, ਉਹ ਮੁਕਤੀ ਕਿਵੇਂ ਦਿਵਾ ਸਕਦਾ ਹੈ ?

ਗੁਰੂ ਸਾਹਿਬਾਨ ਨੇ ਸਿਧਾਂਤਾਂ ਅਤੇ ਅਮਲਾਂ ਦੇ ਜ਼ਰੀਏ ਆਪਣੇ ਦੈਵੀ ਮਿਸ਼ਨ ਦਾ ੨੩੯ ਸਾਲ ਦਾ ਲੰਮਾ ਸਮਾਂ ਮਨੁੱਖਤਾ ਨੂੰ ‘ਸ਼ਬਦ ਗੁਰੂ’ ਦੇ ਪੈਰੋਕਾਰ ਬਣਾਉਣ ਦੇ ਮੰਤਵ ਲਈ ਲਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ *ਸਬਦੁ ਗੁਰੂ ਸੁਰਤਿ ਧੁਨਿ* ਚੇਲਾ ਦੇ ਇਲਾਹੀ ਹੋਕੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ ਕੇ ‘ਗੁਰੂ ਮਾਨਿਓ ਗ੍ਰੰਥ’ ਦੇ ਸੰਦੇਸ਼ ਨਾਲ ਮੁਕੰਮਲ ਸਰੂਪ ਪ੍ਰਦਾਨ ਕੀਤਾ ਗਿਆ। ਸੋ ਸਿੱਖ ਪੰਥ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਧਾਰਮਿਕ ਗ੍ਰੰਥ ਨਾ ਹੋ ਕੇ ਗੁਰੂ ਇਸ਼ਟ (ਰਹਿਬਰ) ਹੈ, ਪ੍ਰਗਟ ਗੁਰਾਂ ਕੀ ਦੇਹ ਹੈ। ‘ਦੇਹ’ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਧਾਰਮਿਕ ਗ੍ਰੰਥ ਤਕ ਸੀਮਿਤ ਰੱਖਣ ਤੋਂ ਵਰਜਣਾ ਅਤੇ ਗੁਰੂ ਅਤੇ ਗ੍ਰੰਥ ਵਿਚ ਅਭੇਦਤਾ ਦੇ ਪ੍ਰਗਟਾਵੇ ਹਿੱਤ ਹੈ। ਸੋ ਸਿੱਖ ਧਰਮ ਦਾ ‘ਗੁਰੂ ਗ੍ਰੰਥ’ ਦਾ ਸਦੀਵੀ ਵਾਸਤਾ ਧਾਰਮਿਕ ਸ਼ੋਸ਼ਣ ਅਤੇ ਸ਼ਖ਼ਸੀ ਗ਼ੁਲਾਮੀ ਤੋਂ ਇੱਕੋ-ਇਕ ਮੁਕਤੀ-ਮਾਰਗ ਹੈ। ■

# ਪੰਜ ਖੰਡ

*-ਪ੍ਰੋ. ਦਵਿੰਦਰ ਪਾਲ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਰਿਤ ਬਾਣੀਆਂ ਵਿੱਚੋਂ ਸ੍ਰੀ ਜਪੁ ਜੀ ਸਾਹਿਬ ਦਾ ਸਿੱਖ ਦਰਸ਼ਨ ਵਿਚ ਮੁਢਲਾ, ਕੇਂਦਰੀ ਅਤੇ ਮਹੱਤਵਪੂਰਨ ਸਥਾਨ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਇਹ ਬਾਣੀ ਵੱਖੋ-ਵੱਖ ਸਮੇਂ ਅਤੇ ਪ੍ਰਸਥਿਤੀਆਂ ਅਨੁਸਾਰ ਗੁਰੂ ਸਾਹਿਬ ਨੂੰ ਆਵੇਸ਼ ਹੋਈ, ਜਿਸ ਨੂੰ ਆਪ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖ ਕੇ ਸੁਰੱਖਿਅਤ ਕੀਤਾ। ਭਾਈ ਗੁਰਦਾਸ ਜੀ ਦੀ ਗਵਾਹੀ ਅਨੁਸਾਰ ਇਹ ਬਾਣੀ ਨਿੱਤਨੇਮ ਦਾ ਹਿੱਸਾ ਕਰਤਾਰਪੁਰ ਸਾਹਿਬ ਵਿਖੇ ਬਣ ਗਈ :

*ਫਿਰਿ ਬਾਬਾ ਆਇਆ ਕਰਤਾਰਪੁਰਿ...*
*ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।* *(ਵਾਰ ੧:੩੮)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਆਦਿ ਬੀੜ' ਦਾ ਸੰਪਾਦਨ (੧੬੦੧ ਈ.) ਅਰੰਭ ਕੀਤਾ ਤਾਂ ਜਪੁ ਬਾਣੀ ਨੂੰ ਉਨ੍ਹਾਂ ਨੇ ਸਭ ਤੋਂ ਮੁਢ ਵਿਚ ਰੱਖਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ (੧੬੯੯ ਈ.) ਸਮੇਂ, ਇਸ ਬਾਣੀ ਨੂੰ ਖੰਡੇ ਦੀ ਪਾਹੁਲ (ਅੰਮ੍ਰਿਤ) ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਪੰਜ ਬਾਣੀਆਂ ਦਾ ਹਿੱਸਾ ਬਣਾਇਆ। ਜਪੁ ਜੀ ਸਾਹਿਬ ਦੇ ਸਭ ਤੋਂ ਮੁਢ ਵਿਚ 'ਮੂਲ ਮੰਤ੍ਰ' ਹੈ। ਜਪੁ ਬਾਣੀ ਦੇ ਆਦਿ ਤੇ ਅੰਤ ਵਿਚ ੧-੧ ਸਲੋਕ ਸਮੇਤ ੩੮ ਪਉੜੀਆਂ ਹਨ। ਬਾਣੀ ਦਾ ਸਿਰਲੇਖ 'ਜਪੁ' ਹੈ, 'ਜੀ' ਅਤੇ 'ਸਾਹਿਬ' ਸਤਿਕਾਰ ਵਜੋਂ ਜੋੜੇ ਜਾਂਦੇ ਹਨ। ਇਸ ਬਾਣੀ ਦਾ ਵਿਸ਼ਾ ਮੁੱਖ ਰੂਪ ਵਿਚ ਪਰਮਸਤਿ, ਸਚਿਆਰ ਅਤੇ ਅਧਿਆਤਮਿਕ ਵਿਕਾਸ ਹੈ। ਇਨ੍ਹਾਂ ਵਿੱਚੋਂ ਅਧਿਆਤਮਿਕ ਵਿਕਾਸ ਦੀ ਸੰਖੇਪ ਵਿਚਾਰ ਹੇਠ ਦਿੱਤੇ ਅਨੁਸਾਰ ਹੈ :

ਆਤਮਿਕ ਯਾਤਰਾ (ਅਧਿਆਤਮਿਕ ਵਿਕਾਸ) ਦੇ ਪੜਾਵਾਂ ਦਾ ਜਿਸ ਤਰ੍ਹਾਂ ਦਾ ਵਿਸ਼ਾ ਜਪੁ ਜੀ ਵਿਚ ਮੌਜੂਦ ਹੈ, ਇਸ ਤਰ੍ਹਾਂ ਦਾ ਵਖਿਆਨ ਹੋਰ ਧਰਮਾਂ ਵਿਚ ਨਹੀਂ ਮਿਲਦਾ। ਵੇਦਾਂਤ ਯੋਗ ਆਦਿ ਭਾਰਤੀ ਗ੍ਰੰਥਾਂ ਵਿਚ ਪੰਜ ਖੰਡਾਂ ਨਾਲ ਮਿਲਦਾ-ਜੁਲਦਾ ਜੋ ਵਿਸ਼ਾ ਪ੍ਰਾਪਤ ਹੈ, ਉਸ ਨੂੰ ਅਸੀਂ ਦਾਰਸ਼ਨਿਕ ਰਚਨਾ ਮੰਨਦੇ ਹਾਂ, ਅਨੁਭਵ ਨਹੀਂ। ਸੂਫ਼ੀ ਤੇ ਈਸਾਈ ਮਤ ਦੇ ਲੇਖਕਾਂ ਨੇ ਰੂਹਾਨੀ ਸਫ਼ਰ ਦੀਆਂ ਮੰਜ਼ਿਲਾਂ ਦਾ ਬਹੁਤ ਵਿਸ਼ਲੇਸ਼ਣ ਪੇਸ਼ ਕੀਤਾ ਹੈ।

ਜਪੁ ਜੀ ਸਾਹਿਬ ਵਿਚ ਅਧਿਆਤਮਿਕ ਵਿਕਾਸ ਦਾ ਵਰਣਨ 'ਪੰਜ ਖੰਡਾਂ' ਦੇ ਰੂਪ ਵਿਚ ਕੀਤਾ ਗਿਆ ਹੈ। ਇਹ ਪੰਜ ਖੰਡ ਹਨ: ਧਰਮ ਖੰਡ, ਗਿਆਨ ਖੰਡ, ਸਰਮ

**ਧਾਰਮਿਕ ਅਧਿਆਪਕ, ਗੁਰੂ ਨਾਨਕ ਕਾਲਜ, ਮੋਗਾ- ੧੪੨੦੦੧; ਮੋ. +੯੧੯੯੧੫੯-੭੭੭੭੭*

ਖੰਡ, ਕਰਮ ਖੰਡ ਅਤੇ ਸਚ ਖੰਡਿ। ਇਨ੍ਹਾਂ ਦੀ ਹੇਠ ਲਿਖੇ ਅਨੁਸਾਰ ਵਿਚਾਰ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਂ ਆਤਮਿਕ ਵਿਕਾਸ ਦੇ ਪੜਾਵਾਂ ਦੇ ਨਾਵਾਂ ਨਾਲ ਇਕ ਸਾਂਝੀ ਸੰਗਿਆ 'ਖੰਡ' ਹੈ। ਕੋਸ਼ਾਂ ਅਨੁਸਾਰ 'ਖੰਡ' ਸ਼ਬਦ ਸੰਸਕ੍ਰਿਤ ਵਿੱਚੋਂ ਆਇਆ ਹੈ। ਇਸ ਦੇ ਅਰਥ: ਟੁੱਕੜਾ, ਭਾਗ, ਇਲਾਕਾ, ਸਥਾਨ, ਕਾਂਡ, ਭੂਮਿਕਾ, ਪੜਾਅ, ਪੱਧਰ, ਮੰਡਲ, ਦਰਜਾ, ਆਤਮ-ਅਵਸਥਾ ਆਦਿ ਕੀਤੇ ਗਏ ਹਨ। ਇਹ ਅਰਥ ਮਨੁੱਖੀ ਚੇਤਨਾ ਦੇ ਵਿਕਾਸ ਦੇ ਦਰਜਿਆਂ ਜਾਂ ਮੰਜ਼ਿਲਾਂ ਦੇ ਸੂਚਕ ਹਨ।

ਧਰਮ ਖੰਡ

'ਜਪੁ' ਜੀ ਵਿਚ ਆਏ ਪੰਜ ਖੰਡਾਂ 'ਚੋਂ ਇਹ ਸਭ ਤੋਂ ਪਹਿਲਾ ਖੰਡ ਹੈ। ਭਾਵੇਂ 'ਜਪੁ' ਜੀ ਦੀ ਚੌਂਤੀਵੀ ਪਉੜੀ ਵਿਚ ਧਰਮ ਖੰਡ ਦਾ ਨਾਂ ਨਹੀਂ ਆਇਆ ਪਰ ਪੈਂਤੀਵੀਂ ਪਉੜੀ ਦੀ ਪਹਿਲੀ ਤੁਕ ਤੋਂ ਸੂਚਨਾ ਮਿਲ ਜਾਂਦੀ ਹੈ ਕਿ ਉਪਰੋਕਤ (ਚੌਂਤੀਵੀਂ) ਪਉੜੀ ਵਿਚ ਧਰਮ ਖੰਡ ਦਾ ਹੀ ਵਰਣਨ ਹੋਇਆ ਹੈ। ਇਸ ਪਉੜੀ ਵਿਚ ਆਏ ਵਿਚਾਰ ਇਸ ਪ੍ਰਕਾਰ ਹਨ :

*ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥*
*ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵੀਚਾਰੁ॥*
*ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥*
*ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥*
*ਨਾਨਕ ਗਇਆ ਜਾਪੈ ਜਾਇ॥੩੪॥ ਧਰਮ ਖੰਡ ਕਾ ਏਹੋ ਧਰਮੁ॥. . .*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭)*

ਧਰਮ ਖੰਡ ਵਿਚ ਧਰਮ ਦਾ ਅਰਥ 'ਦੈਵੀ ਨਿਯਮ' ਤੋਂ ਹੈ। ਇੱਥੇ ਧਰਤੀ ਨੂੰ ਧਰਮਸਾਲ ਕਿਹਾ ਹੈ, ਕਿਉਂਕਿ ਧਰਤੀ ਧਰਮ ਦਾ ਘਰ ਹੈ। ਦੂਜੇ ਸ਼ਬਦਾਂ ਵਿਚ ਇਸ ਵਿਚ ਧਰਮ ਵਿਆਪਕ ਹੈ। ਇਹ ਧਰਮ ਉਹ ਨਿਯਮ ਹੈ ਜੋ ਕਾਲ ਦੇ ਸਭ ਅੰਗਾਂ 'ਰਾਤੀ ਰੁਤੀ ਥਿਤੀ ਵਾਰ' ਉੱਤੇ ਲਾਗੂ ਹੁੰਦਾ ਹੈ। ਆਤਮਿਕ ਵਿਕਾਸ ਦੇ ਉਥਾਨ ਦੀ ਇਸ ਪਹਿਲੀ ਅਵਸਥਾ ਵਿਚ ਮਨੁੱਖ ਨੂੰ ਇਸ ਬ੍ਰਹਿਮੰਡ 'ਚ ਵਰਤ ਰਹੀਆਂ ਅਨਿਕ-ਭਾਂਤੀ ਕ੍ਰਿਆਵਾਂ ਦੀ ਸੋਝੀ ਹੁੰਦੀ ਹੈ। ਰਾਤਾਂ, ਰੁੱਤਾਂ, ਥਿਤਾਂ, ਵਾਰਾਂ ਅਤੇ ਅਣਗਿਣਤ ਪੌਣ, ਪਾਣੀਆਂ, ਅਗਨੀਆਂ, ਆਕਾਸ਼ਾਂ, ਪਾਤਾਲਾਂ ਦੇ ਵਰਤਾਰੇ ਇਸ ਧਰਮ ਕਮਾਉਣ ਲਈ ਸਥਾਪਿਤ ਹੋਈ ਧਰਤੀ 'ਧਰਮਸਾਲ' ਬਾਰੇ ਗਿਆਨ ਹੁੰਦਾ ਹੈ।

ਧਰਮ ਖੰਡ ਦੀ ਇਸ ਪਉੜੀ ਵਿਚ ਕਾਰਨ-ਕਾਰਜ ਰੂਪੀ ਧਰਮ ਦਾ ਵੀ ਇਸ਼ਾਰਾ ਹੈ ਤੇ ਕਰਮ-ਫ਼ਲ ਰੂਪੀ ਧਰਮ ਦਾ ਵੀ। ਇਸ ਧਰਤੀ ਉੱਤੇ ਕਈ ਪ੍ਰਕਾਰੀ ਜੀਵਨ-ਜੁਗਤੀਆਂ, ਅਨਿਕ ਭਾਂਤੀ ਰੰਗਾਂ ਦੇ ਜੀਵ ਅਤੇ ਜੀਵ ਸੰਸਾਰ ਹਨ, ਜੋ ਕਰਮ ਨਿਯਮ ਵਿਚ ਬੱਝੇ ਹੋਏ ਹਨ। ਇਹ ਕਰਮ ਨਿਯਮ ਨਿਆਇਸ਼ੀਲ ਰੂਪ 'ਚ ਕ੍ਰਿਆਸ਼ੀਲ

ਹਨ, ਕਿਉਂਕਿ ਪਰਮਾਤਮਾ ਆਪ ਸੱਚਾ ਹੈ ਤੇ ਉਸ ਦਾ ਪ੍ਰਬੰਧ ਵੀ ਸੱਚਾ ਹੈ। ਇਸ ਪ੍ਰਬੰਧ ਉੱਪਰ ਨਦਰਿ ਕਰਮ ਦਾ ਨਿਯਮ ਲਾਗੂ ਹੁੰਦਾ ਹੈ। ਧਰਮ ਖੰਡ ਦੀ ਇਹ ਪਉੜੀ ਪਦਾਰਥਕ ਜਗਤ ਵਿਚ ਵਰਤ ਰਹੇ ਨਿਯਮਾਂ, ਇਸ ਦੇ ਵਿਭਿੰਨ ਜੀਵਾਂ ਤੇ ਮਨੁੱਖੀ ਕਿਰਿਆਵਾਂ ਦਾ ਦ੍ਰਿਸ਼ ਪੇਸ਼ ਕਰਦੀ ਹੈ।

ਭਾਰਤੀ ਪਰੰਪਰਾ ਨੇ ਧਰਮ, ਅਰਥ, ਕਾਮ ਤੇ ਮੋਖ ਦੀਆਂ ਕੀਮਤਾਂ ਦਾ ਦੋਹਰਾ ਵਿਧਾਨ ਘੜਿਆ ਸੀ। ਧਰਮ ਖੰਡ ਦੀ ਇਹ ਪਉੜੀ ਇਨ੍ਹਾਂ ਚਾਰ ਪਦਾਰਥਾਂ 'ਚੋਂ ਮਨੁੱਖ ਦੇ ਆਰਥਿਕ ਤੇ ਭਾਵੁਕ ਜੀਵਨ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ, ਇਨ੍ਹਾਂ 'ਤੇ ਧਰਮ ਦਾ ਪਹਿਰਾ ਸਥਾਪਿਤ ਕਰਦੀ ਹੈ। ਨੈਤਿਕ ਦ੍ਰਿਸ਼ਟੀ ਤੋਂ ਧਰਮ ਦਾ ਜੀਵਨ-ਕਰਤਵ ਦੀ ਪਾਲਨਾ ਦਾ ਜੀਵਨ ਹੈ, ਸਦਾਚਾਰ ਦਾ ਜੀਵਨ ਹੈ, ਸਮਾਜ-ਸੇਵਾ ਦਾ ਜੀਵਨ ਹੈ। 'ਸੱਚੇ ਦਰਬਾਰ' ਦਾ ਬਿੰਬ ਧਰਮ ਖੰਡ ਦੀ ਨੈਤਿਕ ਭਾਵਨਾ ਨੂੰ ਕਰਮਾਂ ਦੇ ਸੰਦਰਭ 'ਚ ਪ੍ਰਸਤੁਤ ਕਰਦਿਆਂ ਅਧਿਆਤਮਿਕ ਪੱਧਰ 'ਤੇ ਲੈ ਜਾਂਦਾ ਹੈ। ਇਹ ਨੈਤਿਕਤਾ ਤੇ ਆਤਮਿਕ ਚੇਤਨਤਾ ਦਾ ਸੁਖਾਵਾਂ ਸੁਮੇਲ ਹੈ। 'ਸੱਚ' ਦੀ ਯਾਤਰਾ 'ਤੇ ਤੁਰੇ ਸਾਧਕ ਲਈ ਧਰਮ ਖੰਡ ਪਹਿਲਾ ਤੇ ਆਵੱਸ਼ਕ ਪੜਾਅ ਹੈ।

ਗਿਆਨ ਖੰਡ

ਆਤਮਿਕ ਪ੍ਰਗਤੀ ਦੇ ਪਾਂਧੀ ਦੀ ਦੂਸਰੀ ਅਵਸਥਾ ਗਿਆਨ ਖੰਡ ਦੀ ਅਵਸਥਾ ਹੈ, ਜੋ ਦਾਰਸ਼ਨਿਕ ਦ੍ਰਿਸ਼ਟੀ ਤੋਂ ਵਿਸ਼ਵ ਦੀ ਬੇਅੰਤਤਾ ਅਤੇ ਨੈਤਿਕ ਦ੍ਰਿਸ਼ਟੀ ਤੋਂ ਮਨੁੱਖੀ ਚਿੰਤਨ ਦੀ ਵਿਸ਼ਾਲਤਾ ਦਾ ਅਰਥ ਨਿਸ਼ਚਿਤ ਕਰਦੀ ਹੈ। ਇਸ ਗਿਆਨ ਖੰਡ ਦੀ ਪਉੜੀ ਦਾ ਵਰਣਨ ਇਸ ਪ੍ਰਕਾਰ ਹੈ:

*ਧਰਮ ਖੰਡ ਕਾ ਏਹੋ ਧਰਮੁ॥*
*ਗਿਆਨ ਖੰਡ ਕਾ ਆਖਹੁ ਕਰਮੁ॥*
*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥*
*ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥*
*ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥*
*ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥*
*ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥*
*ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥*
*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥*
*ਗਿਆਨ ਖੰਡ ਮਹਿ ਗਿਆਨੁ ਪਰਚੰਡੁ॥*
*ਤਿਥੈ ਨਾਦ ਬਿਨੋਦ ਕੋਡ ਅਨੰਦੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭)*

ਗਿਆਨ ਖੰਡ ਦਾ ਸੰਕੇਤ ਪਹਿਲਾਂ ਇਸ (ਪੈਂਤੀਵੀਂ) ਪਉੜੀ ਵਿਚ ਆਇਆ

ਹੈ, ਦੂਸਰੀ ਵਾਰ ਇਹੋ ਸੰਕੇਤ ਅਗਲੇ ਸਰਮ ਖੰਡ ਵਾਲੀ ਪਉੜੀ ਦੇ ਅਰੰਭ ਵਿਚ ਵੀ ਆਇਆ ਹੈ। ਗਿਆਨ ਖੰਡ ਵਿਚ ਸਾਧਕ ਨੂੰ ਜਿਹੜਾ 'ਗਿਆਨ' ਪ੍ਰਾਪਤ ਹੁੰਦਾ ਹੈ, ਉਸ ਨੂੰ ਸ੍ਰਿਸ਼ਟੀ ਦੀ ਬੌਧਿਕ ਜਾਣਕਾਰੀ, ਇਲਮ ਜਾਂ ਵਾਕਫ਼ੀਅਤ ਦੇ ਅਰਥਾਂ 'ਚ ਲਿਆ ਜਾਂਦਾ ਹੈ। ਕਈ ਵਾਰ ਗਿਆਨ ਦਾ ਅਰਥ 'ਬ੍ਰਹਮ ਗਿਆਨ' ਵੀ ਸਵੀਕਾਰ ਕੀਤਾ ਜਾਂਦਾ ਹੈ।

ਬ੍ਰਹਿਮੰਡੀ ਵਰਤਾਰੇ ਵਿਚ ਵਰਤਦੇ ਅਗੰਮੀ 'ਹੁਕਮ' ਦੀ ਸੋਝੀ ਨਾਲ ਜਗਿਆਸੂ ਦੀ ਸੁਰਤਿ ਉੱਚੀ ਹੋ ਜਾਂਦੀ ਹੈ, ਜਿਸ ਨਾਲ ਉਸ ਨੂੰ ਬ੍ਰਹਿਮੰਡ ਦੀ ਬੇਅੰਤਤਾ ਦਾ ਗਿਆਨ ਹੁੰਦਾ ਹੈ। ਇਸ ਅਵਸਥਾ ਵਿਚ ਸਾਧਕ ਨੂੰ ਤੱਤਾਂ ਦੀ ਬੇਅੰਤਤਾ ਭਾਵ, ਪਵਣਾਂ, ਪਾਣੀਆਂ, ਅਗਨੀਆਂ, ਕਾਨ੍ਹ, ਮਹੇਸਾਂ, ਬ੍ਰਹਮਿਆਂ, ਉਨ੍ਹਾਂ ਦੁਆਰਾ ਅਨਿਕ ਰੂਪ-ਰੰਗਾਂ ਦੀ ਘੜੀ ਘਾੜਤ ਦੀ ਸੋਝੀ ਹੁੰਦੀ ਹੈ। ਇਸ ਅਵਸਥਾ ਵਿਚ ਸਾਧਕ ਨੂੰ ਅਨੇਕਾਂ ਹੀ ਇੰਦਰਾਂ, ਸੂਰਜਾਂ, ਚੰਦਰਮਾ, ਸਿਧ-ਨਾਥਾਂ, ਕਿੰਨੀਆਂ ਹੀ ਕਰਮ ਭੂਮੀਆਂ, ਕਿੰਨੇ ਹੀ ਧਰੂਵਾਂ, ਉਪ-ਮੰਡਲਾਂ-ਦੇਸਾਂ ਆਦਿ ਦਾ ਗਿਆਨ ਹੁੰਦਾ ਹੈ। ਪਹਿਲਾਂ ਸਾਧਕ ਨੂੰ ਸੀਮਤ ਜਿਹੇ ਜੀਵ-ਸੰਸਾਰ ਜਾਂ ਉਸ ਦੇ ਦੁਆਲੇ ਦੀ ਸੂਝ ਸੀ, ਪਰ ਹੁਣ ਆਤਮਿਕ ਵਿਕਾਸ ਦੇ ਇਸ ਪੜਾਅ 'ਤੇ ਸਾਧਕ ਨੂੰ ਕੇਵਲ ਬੇਅੰਤ ਜੀਵਾਂ, ਉਨ੍ਹਾਂ ਦੀਆਂ ਜਾਤੀਆਂ ਆਦਿ ਦਾ ਹੀ ਨਹੀਂ, ਬੇਅੰਤ ਜੀਵ-ਉਤਪਤੀ ਦੇ ਸੋਮਿਆਂ (ਖਾਣੀਆਂ) ਉਨ੍ਹਾਂ ਦੀਆਂ ਅਨੰਤ ਬੋਲ-ਬਾਣੀਆਂ, ਰਾਜਿਆਂ, ਪਾਤਸ਼ਾਹਾਂ ਬਾਰੇ ਵੀ ਪਤਾ ਚੱਲਦਾ ਹੈ। ਸਾਧਕ ਨੂੰ ਅਮੁੱਕ ਰਤਨਾਂ ਨਾਲ ਭਰੇ ਸਾਗਰਾਂ (ਬੇਅੰਤ ਪਦਾਰਥਾਂ ਦੀ ਹੋਂਦ) ਅਤੇ ਕਈ ਹੋਰ ਦੇਵ-ਦਾਨਵਾਂ, ਮੁਨੀ-ਜਨਾਂ ਦਾ ਗਿਆਨ ਵੀ ਹੁੰਦਾ ਹੈ। ਇਕ ਪਾਸੇ ਇਹ ਬ੍ਰਹਿਮੰਡੀ ਰਚਨਾ ਦੀਆਂ ਹੋਂਦ-ਹਸਤੀਆਂ ਦੇ ਅਮੁੱਕ ਪਾਸਾਰੇ ਦਾ ਚਿਤਰਨ ਹੈ, ਦੂਸਰੇ ਪਾਸੇ ਜੀਵ ਦੇ ਬੌਧਿਕ ਪ੍ਰਕਾਸ਼ ਦਾ ਉਲੇਖ ਹੈ। ਵਿਰਾਟ ਜਗਤ ਦੀ ਵਿਸ਼ਾਲਤਾ ਤੇ ਵਿਭਿੰਨਤਾ ਦਾ ਬੋਧ ਕਰਵਾਉਣ ਲਈ ਗੁਰੂ ਸਾਹਿਬ ਨੇ ਇਸ ਪਉੜੀ ਵਿਚ ਲਖ, ਅਸੰਖ, ਕੇਤੇ, ਕੇਤੀਆਂ ਦੇ ਸੰਕੇਤਾਂ ਦੀ ਵਰਤੋਂ ਕੀਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਖੰਡ ਦੇ ਵਰਣਨ ਵਿਚ ਸਾਧਕ ਦੀ ਦ੍ਰਿਸ਼ਟੀ ਵਿਚ ਪਰਿਵਰਤਨ ਉਜਾਗਰ ਕੀਤਾ ਹੈ। ਇਸ ਅਵਸਥਾ ਵਿਚ ਸਾਧਕ ਨੂੰ ਹਰੇਕ ਵਸਤ ਬੇਅੰਤ ਭਾਸਦੀ ਹੈ। ਵਾਸਤਵ ਵਿਚ ਹਰ ਵਸਤ ਹੈ ਤਾਂ ਬੇਅੰਤ ਹੀ ਪਰ ਜਦ ਦ੍ਰਿਸ਼ਟੀ 'ਤੇ ਅਗਿਆਨ ਦਾ ਪਰਦਾ ਪੈ ਜਾਵੇ ਤਾਂ ਉਸ ਦੀ ਬੇਅੰਤਤਾ ਲੁਕ ਜਾਂਦੀ ਹੈ। ਇਸ ਦੇ ਨਾਲ ਹੀ ਸਾਧਕ ਨੂੰ ਇਹ ਵੀ ਅਨੁਭਵ ਹੁੰਦਾ ਹੈ ਕਿ ਬੇਅੰਤ ਵਸਤਾਂ ਨੂੰ ਸਿਰਜਣ ਵਾਲਾ ਨਿਰੰਕਾਰ ਆਪ ਵੀ ਬੇਅੰਤ ਹੈ। ਗੁਰੂ ਸਾਹਿਬ ਨੇ ਗਿਆਨ ਖੰਡ ਦੇ ਵਰਣਨ ਨੂੰ ਪੈਂਤੀਵੀਂ ਪਉੜੀ ਤੋਂ ਉਪਰੰਤ ਛੱਤੀਵੀਂ ਪਉੜੀ 'ਚ ਜਾਰੀ ਰੱਖਦੇ ਹੋਏ ਇਸ ਦੀ ਦੂਜੀ ਤੁਕ ਵਿਚ 'ਨਾਦ ਬਿਨੋਦ ਕੋਡ' ਦੇ ਅਨੁਭਵ ਨੂੰ 'ਅਨੰਦ' ਨਾਲ ਸੰਬੰਧਿਤ ਕੀਤਾ ਹੈ। ਜਦ ਸਾਧਕ ਬੇਅੰਤਤਾ ਦੇ ਸਾਹਮਣੇ ਖੜ੍ਹਦਾ ਹੈ ਤਾਂ ਉਸ ਦਾ

ਪ੍ਰਤਿਕਰਮ ਸੁਭਾਵਿਕ ਹੀ ਅਨੰਦ ਦਾ ਹੁੰਦਾ ਹੈ। ਬੇਅੰਤਤਾ ਜਦੋਂ ਬਹੁਤ ਇਕਾਗਰ ਰੂਪ ਵਿਚ ਪੇਸ਼ ਹੋਵੇ ਤਾਂ ਸੁੰਦਰਤਾ ਦਾ ਪ੍ਰਭਾਵ ਦਿੰਦੀ ਹੈ।

ਜਿਨ੍ਹਾਂ ਨੂੰ ਕੁਦਰਤ ਵਿਚ ਵਿਆਪਕ ਕਰਤਾਰ ਦਾ ਅਨੁਭਵ ਹੁੰਦਾ ਹੈ, ਉਨ੍ਹਾਂ ਦੇ ਅੰਦਰ ਇਕ ਹੋਰ ਪ੍ਰਤਿਕਰਮ ਪ੍ਰੇਮਾ-ਭਗਤੀ ਦਾ ਵੀ ਜਾਗਦਾ ਹੈ। ਸਾਧਾਰਨ ਪ੍ਰੇਮੀ ਪ੍ਰਭੂ-ਪ੍ਰੀਤਮ ਦੀ ਸੁੰਦਰਤਾ ਦੀ ਖਿੱਚ ਖਾ ਕੇ ਉਸ ਨਾਲ ਪ੍ਰੇਮ ਦੇ ਰਿਸ਼ਤੇ ਵਿਚ ਜੁੜ ਜਾਂਦਾ ਹੈ। ਇਸੇ ਕਰਕੇ ਗਿਆਨ ਖੰਡ ਭਗਤੀ ਦੇ ਵਧੇਰੇ ਕਰਕੇ ਪੱਕਣ ਦੀ ਵੀ ਅਵਸਥਾ ਹੈ। ਗਿਆਨ ਖੰਡ ਦਾ ਗਿਆਨ ਕੇਵਲ ਮਾਤਰ ਕੁਦਰਤੀ ਅਮਲਾਂ ਦੀ ਸੂਚਨਾ ਨਹੀਂ ਰਹਿ ਜਾਂਦਾ, ਬਲਕਿ ਇਹ ਸਬਦ ਦੇ ਰਹੱਸਮਈ ਅਨੁਭਵ ਅਤੇ ਦਿੱਬ ਦ੍ਰਿਸ਼ਟੀ ਪੱਧਰ ਦਾ ਅਧਿਆਤਮਿਕ ਗਿਆਨ ਹੋ ਨਿੱਬੜਦਾ ਹੈ।

ਸਰਮ ਖੰਡ

ਖੰਡਾਂ ਦੀ ਤੀਸਰੀ ਅਵਸਥਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਰਮ ਖੰਡ' ਦਾ ਨਾਮ ਦਿੱਤਾ ਹੈ। ਕੋਸ਼ਾਂ ਅਨੁਸਾਰ ਸਰਮ ਦੇ ਅਰਥ ਹਨ: ਥਕੇਵਾਂ, ਜਤਨ, ਪੁਰਸ਼ਾਰਥ, ਮਿਹਨਤ, ਉੱਦਮ, ਘਾਲਣਾ, ਕਮਾਈ, ਲੱਜਾ, ਅਨੰਦ, ਖੁਸ਼ੀ ਆਦਿ। ਸਰਮ ਖੰਡ ਦੀ ਪਉੜੀ ਵਿਚ ਆਏ ਵਿਚਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ:

*ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥*
*ਤਾ ਕੀਆ ਗਲਾ ਕਥੀਆ ਨਾ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ॥*
*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

ਇਸ ਅਵਸਥਾ ਵਿਚ ਸਾਧਕ ਆਪਣੇ ਅੰਤਹਕਰਣ ਨੂੰ ਸੁੰਦਰ ਬਣਾਉਣ ਲਈ ਸਭ ਤੋਂ ਵੱਧ ਉੱਦਮ ਕਰਦਾ ਹੈ। ਅਧਿਆਤਮਿਕ ਵਿਕਾਸ ਦੇ ਇਸ ਤੀਜੇ ਪੜਾਅ ਉੱਤੇ ਮਨੁੱਖ ਦੀ ਦੁਨਿਆਵੀ, ਪਦਾਰਥਕ ਬਿਰਤੀ ਦਾ ਪਰਮਾਰਥੀਕਰਨ ਹੋ ਜਾਂਦਾ ਹੈ। ਆਤਮਿਕ ਵਿਕਾਸ ਦੀ ਦ੍ਰਿਸ਼ਟੀ ਤੋਂ ਸਰਮ ਖੰਡ ਉਸ ਉਚੇਰੀ ਚੇਤਨਾ ਦਾ ਲਖਾਇਕ ਹੈ, ਜਿੱਥੇ ਸਾਧਾਰਨ ਸੁਧ-ਬੁਧ ਨਵੇਂ ਸਿਰਿਓਂ ਘੜੀ ਜਾਂਦੀ ਹੈ। ਇਸ ਅਵਸਥਾ ਵਿਚ ਪੁੱਜਾ ਸਾਧਕ ਪਰਮ ਹਕੀਕਤ ਦੀ ਸੁੰਦਰਤਾ ਨੂੰ ਮਾਣਦਾ ਹੈ। ਉਹ ਬ੍ਰਹਮ ਅਤੇ ਬ੍ਰਹਿਮੰਡ ਦੀ ਇਕਸੁਰਤਾ ਦਾ ਵਿਸਮਾਦੀ ਅਨੁਭਵ ਲੈਂਦਾ ਹੈ। ਗਿਆਨ ਖੰਡ ਦੀ ਅਵਸਥਾ ਵਿਚ ਸਾਧਕ ਨੂੰ ਕੁਦਰਤ ਦੀ ਰੰਗ-ਰੰਗੀਲੀ ਏਕਤਾ ਦੀ ਸੋਝੀ ਹੋਈ ਸੀ। ਸਰਮ ਖੰਡ 'ਚ ਉਹ ਏਕਤਾ ਤੇ ਇਕਮਿਕਤਾ ਦਾ ਕਾਇਲ ਹੋ ਜਾਂਦਾ ਹੈ।

ਸਰਮ ਖੰਡ ਆਪੇ ਦੀ ਪਛਾਣ ਦਾ ਖੰਡ ਹੈ। ਸਾਧਕ ਨੂੰ ਆਪਣੀ ਅਪੂਰਨਤਾ ਦੀ ਸੋਝੀ ਪੂਰਨਤਾ ਦੀ ਤਾਂਘ ਪ੍ਰਬਲ ਕਰਦੀ ਹੈ। ਇਸ ਅਵਸਥਾ 'ਚ ਕੇਵਲ ਇੰਦ੍ਰੇ ਹੀ ਪਾਪ ਵੱਲ ਜਾਣੋਂ ਨਹੀਂ ਵਰਜੇ ਜਾਂਦੇ, ਸਗੋਂ ਮਨ ਵੀ ਨਿਰਮਲ ਕੀਤਾ ਜਾਂਦਾ ਹੈ।

ਸਰਮ ਖੰਡ ਦੀ ਅਵਸਥਾ ਆਕਾਰ ਤੋਂ ਅੱਗੇ ਨਿਰੰਕਾਰ ਤਕ ਪਹੁੰਚਣ ਦੀ

ਅਵਸਥਾ ਹੈ। ਇਸ ਖੰਡ ਦਾ ਸੰਬੰਧ ਘਾੜਤ ਨਾਲ ਹੈ, ਇਹ ਉੱਚ ਅੰਤਰੀਵ ਪਰਿਵਰਤਨ ਦੀ ਅਵਸਥਾ ਹੈ। ਇਸ ਘਾੜਤ ਦਾ ਸਰੂਪ ਨਿਵੇਕਲਾ ਤੇ ਅਨੁਪਮ ਹੈ ਅਤੇ ਇਸ ਅਵਸਥਾ ਨੂੰ ਕਥਿਆ ਨਹੀਂ ਜਾ ਸਕਦਾ। ਇਸ ਅਵਸਥਾ ਵਿਚ ਸੁਰਤ, ਮਤ, ਮਨ ਤੇ ਬੁੱਧੀ ਦਾ ਪੁਨਰ-ਨਿਰਮਾਣ ਹੁੰਦਾ ਹੈ। ਸਾਧਕ ਦੀ ਬਿਰਤੀ ਵਿਚ ਬਦਲਾਉ ਆ ਜਾਂਦਾ ਹੈ, ਉਸ ਦੀ ਸੋਚਣੀ ਚੰਗੇ, ਸਾਧੇ ਹੋਏ ਪੁਰਸ਼ਾਂ ਵਾਲੀ ਹੋ ਜਾਂਦੀ ਹੈ। ਸਰਮ ਖੰਡ ਦੇ ਅੰਤ ਤਕ ਪੁੱਜ ਕੇ ਸਾਧਕ ਹਉਮੈਂ ਤੋਂ ਨਿਵਿਰਤ ਹੋਣ ਲਈ ਤਿਆਰ ਹੋ ਜਾਂਦਾ ਹੈ। ਫਿਰ ਵੀ ਇਸ ਖੰਡ ਦੌਰਾਨ ਸਾਧਕ ਦੇ ਮਨ 'ਚ ਹਉਮੈਂ ਦੀ ਥੋੜੀ ਜਿਹੀ ਅੰਸ਼ ਰਹਿ ਜਾਂਦੀ ਹੈ। ਇਸੇ ਅੰਸ਼ ਨੂੰ ਕੱਢਣ ਲਈ ਸਾਧਕ ਨੂੰ ਕਸ਼ਟ ਸਹਿਣਾ ਪੈਂਦਾ ਹੈ। ਇਹ ਹਉਮੈਂ ਦੀ ਅੰਸ਼ ਸਭ ਤੋਂ ਮੁਸ਼ਕਿਲ ਨਿਕਲਦੀ ਹੈ। ਜਦ ਆਤਮ-ਸਮਰਪਣ ਸਿਖਰ 'ਤੇ ਪੁੱਜਦਾ ਹੈ ਤਾਂ ਇਹ ਅੰਸ਼ ਨਿਕਲਣ ਲਈ ਤਿਆਰ ਹੁੰਦੀ ਹੈ, ਪਰ ਇਹ ਨਿਕਲਦੀ ਤਦ ਹੈ ਜਦ ਨਿਰੰਕਾਰ ਦੀ ਮਿਹਰ ਹੁੰਦੀ ਹੈ। ਇਹ ਮਿਹਰ ਅਗਲੀ ਅਵਸਥਾ (ਕਰਮ ਖੰਡ) ਦੌਰਾਨ ਹੁੰਦੀ ਹੈ। ਸਰਮ ਖੰਡ ਦੇ ਅੰਤ ਤਕ ਸਾਧਕ ਕਰਮ ਖੰਡ ਦੇ ਦਰਵਾਜ਼ੇ ਤਕ ਪੁੱਜ ਚੁੱਕਾ ਹੁੰਦਾ ਹੈ। ਇਹ ਨਿਰੰਕਾਰ ਦੇ ਮਹਿਲ ਦੇ ਦਰਵਾਜ਼ੇ 'ਤੇ ਖੜ੍ਹਾ ਹੁੰਦਾ ਹੈ। ਜਦ ਮਿਹਰ ਦਾ ਦਰਵਾਜ਼ਾ ਖੁੱਲੇਗਾ, ਉਹ ਮਹਿਲ ਅੰਦਰ ਦਾਖ਼ਲ ਹੋਵੇਗਾ।

ਕਰਮ ਖੰਡ

ਧਰਮ, ਗਿਆਨ ਤੇ ਸਰਮ ਤੋਂ ਉਪਰੰਤ ਕਰਮ ਖੰਡ ਦੀ ਵਾਰੀ ਆਉਂਦੀ ਹੈ। ਕੋਸ਼ਾਂ ਅਨੁਸਾਰ ਕਰਮ ਦੇ ਅਰਥ ਹਨ: ਕੰਮ, ਮਜ਼ਦੂਰੀ, ਕਾਰਜ, ਫ਼ਰਜ਼, ਮਿਹਨਤ, ਕ੍ਰਿਪਾ, ਮਿਹਰ, ਬਖ਼ਸ਼ਿਸ਼ ਆਦਿ। ਇਸ ਪਉੜੀ 'ਚ ਆਏ ਵਿਚਾਰ ਇਸ ਪ੍ਰਕਾਰ ਹਨ :

*ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥*
*ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥*
*ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥*
*ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥*
*ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

ਵਿਦਵਾਨਾਂ ਦੀ ਬਹੁ-ਗਿਣਤੀ ਕਰਮ ਖੰਡ ਨੂੰ ਬਖਸ਼ਿਸ਼, ਨਦਰਿ, ਕਰਮ, ਦੈਵੀ ਮਿਹਰ ਦਾ ਖੰਡ ਮੰਨਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਮ ਖੰਡ ਵਿਚ ਸਾਧਕ ਦੇ ਮਨ ਅੰਦਰ ਰਾਮ (ਪਰਮਾਤਮਾ) ਜਾਂ 'ਸੱਚ' ਦੇ ਵੱਸ ਜਾਣ ਦੇ ਤੱਥ ਦਾ ਉਲੇਖ ਤਿੰਨ ਵਾਰ ਕੀਤਾ ਹੈ। ਇਸ ਤੋਂ ਜਾਪਦਾ ਹੈ ਕਿ ਇਸ ਖੰਡ ਦਾ ਸਭ ਤੋਂ ਮਹੱਤਵਪੂਰਨ ਪੱਖ ਦੈਵੀ ਹੋਂਦ ਦਾ ਸਾਧਕ ਦੀ ਚੇਤਨਾ ਵਿਚ ਪ੍ਰਧਾਨ ਹੋਣਾ ਹੈ। ਜਦ ਸਾਧਕ ਦੀ ਬਿਰਤੀ

ਪਰਮ ਪੁਰਖ ਨਾਲ ਪੂਰਨ ਰੂਪ 'ਚ ਜੁੜ ਜਾਂਦੀ ਹੈ ਤਾਂ ਉਹ ਪ੍ਰੇਮ, ਅਨੰਦ ਤੇ ਸ਼ਕਤੀ ਦੀਆਂ ਸਿਖਰਾਂ ਮਾਣਦਾ ਹੈ।

ਕਰਮ ਖੰਡ ਵਿਚ ਸਾਧਕ ਦੀ ਬਿਰਤੀ ਪੂਰਨ ਤੌਰ 'ਤੇ ਪੱਕਦੀ ਹੈ। ਉਸ ਨੂੰ ਹਰ ਸਮੇਂ ਦੈਵੀ ਦਰਸ਼ਨ ਹੁੰਦੇ ਰਹਿੰਦੇ ਹਨ। ਇਸ ਅਵਸਥਾ ਵਿਚ ਸਾਧਕ ਦੇ ਸਿਮਰਨ ਤੇ ਧਿਆਨ ਵਿਚ ਪਲ ਭਰ ਦੀ ਵੀ ਤੋਟ ਨਹੀਂ ਆਉਂਦੀ। ਇਹ ਨਿਰੋਲ ਨਿਰਾਕਾਰ ਦਾ ਖੰਡ ਹੈ। ਇੱਥੇ ਪਹੁੰਚੇ ਹੋਏ ਸਾਧਕ ਨੂੰ ਪਰਮਸਤਿ ਵਿਆਪਕ ਦਿੱਸਦਾ ਹੈ।

ਇਸ ਅਵਸਥਾ ਵਿਚ ਵਿਚਰਦਿਆਂ ਸਾਧਕ ਨਿੱਤ ਕਰਮ ਕਰਦਿਆਂ ਵੀ ਅਧਿਆਤਮਿਕ ਮੰਡਲਾਂ ਵਿਚ ਲਿਵਲੀਨ ਰਹਿੰਦਾ ਹੈ। ਉਸ ਨੂੰ ਹਰੇਕ ਥਾਂ ਹਰੇਕ ਜੀਵ 'ਚ ਇਕ ਨਿਰੰਕਾਰ ਹੀ ਦਿਖਾਈ ਦਿੰਦਾ ਹੈ। ਇਸ ਅਵਸਥਾ ਵਿਚ ਪਹੁੰਚੇ ਹੋਏ ਸਾਧਕ ਨੂੰ ਮਾਇਆ ਪੋਹ ਨਹੀਂ ਸਕਦੀ। ਇਸ ਅਵਸਥਾ ਵਿਚ ਪਹੁੰਚੇ ਹੋਏ ਸਾਧਕ ਨੂੰ 'ਭਗਤ' ਕਿਹਾ ਜਾਂਦਾ ਹੈ। ਭਗਤਾਂ ਦੀ ਕਰਮ-ਖੰਡੀ ਪ੍ਰਾਪਤੀ ਤਿੰਨ ਪ੍ਰਕਾਰ ਦੀ ਹੈ। ਕਰਮ ਦੇ ਪੱਖੋਂ ਉਹ 'ਜੋਧ ਮਹਾਬਲ ਸੂਰ' ਹਨ, ਜਗਤ 'ਚ ਮਹਾਨ ਕਾਰਨਾਮੇ ਕਰਦੇ ਹਨ ਤੇ ਆਪਣੀ ਆਤਮਿਕ ਸ਼ਕਤੀ ਦਾ ਸਬੂਤ ਦਿੰਦੇ ਹਨ। ਗਿਆਨ ਦੇ ਪੱਖੋਂ ਉਹ ਨਿਰੰਕਾਰ ਦੇ ਨਿੱਤ ਨਵੇਂ ਗੁਣਾਂ ਨੂੰ ਆਪਣੀ ਬੁੱਧੀ 'ਚ ਪ੍ਰਵੇਸ਼ ਹੁੰਦੇ ਪ੍ਰਤੀਤ ਕਰਦੇ ਰਹਿੰਦੇ ਹਨ। ਭਾਵੁਕ ਪੱਖੋਂ ਉਹ ਇਨ੍ਹਾਂ ਗੁਣਾਂ ਦੀ ਖਿੱਚ ਖਾ ਕੇ ਨਿਰੰਕਾਰ ਦੇ ਪ੍ਰੇਮ 'ਚ ਮਸਤ ਰਹਿੰਦੇ ਹਨ। ਇਹ ਤਿੰਨੇ ਪੱਖ ਕਰਮ ਖੰਡ ਵਿਚ ਹੀ ਵਿਕਸਿਤ ਹੁੰਦੇ ਹਨ। ਇਸ ਖੰਡ ਵਿਚ ਪਹੁੰਚ ਕੇ ਵੀ ਸਾਧਕ ਅੱਗੇ ਨੂੰ ਤਾਂਘਦਾ ਹੈ, ਉਹ ਹਾਲੇ ਵੀ ਪਾਂਧੀ ਹੀ ਹੈ।

ਸਚ ਖੰਡਿ (ਸੱਚ ਖੰਡ)

ਅਧਿਆਤਮਿਕ ਵਿਕਾਸ ਦੇ ਰਾਹ 'ਤੇ ਚੱਲ ਰਹੇ ਸਾਧਕ ਦੀ ਇਹ ਅਹਿਮ ਮੰਜ਼ਿਲ ਹੈ। ਕੋਸ਼ਾਂ ਅਨੁਸਾਰ ਸੱਚ ਦੇ ਅਰਥ ਹਨ: ਜੋ ਹੋਵੇ, ਵਜੂਦ, ਸਤ, ਯਥਾਰਥ, ਠੀਕ, ਇਕ ਰਸ ਰਹਿਣ ਵਾਲਾ, ਬ੍ਰਹਮ, ਹੋਂਦ ਵਾਲਾ, ਝੂਠ ਦਾ ਅਭਾਵ ਆਦਿ। ਇਸ ਖੰਡ ਵਿਚ ਆਏ ਵਿਚਾਰ ਹਨ:

*ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥*
*ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥*
*ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥੩੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

ਗੁਰੂ ਸਾਹਿਬ ਦੁਆਰਾ ਕਰਮ ਖੰਡ ਤੇ ਸਚ ਖੰਡਿ ਨਿਰੰਤਰ ਇੱਕੋ ਪਉੜੀ 'ਚ ਪ੍ਰਸਤੁਤ ਕੀਤੇ ਗਏ ਹਨ। ਇਸ ਖੰਡ ਨੂੰ ਗੁਰੂ ਸਾਹਿਬ ਨੇ 'ਨਿਰੰਕਾਰ' ਦੇ ਵਾਸੇ ਦਾ ਖੰਡ ਕਿਹਾ ਹੈ। ਇਸ ਖੰਡ ਦਾ ਵਾਸੀ ਸਰਬ-ਸ਼ਕਤੀਮਾਨ ਪ੍ਰਭੂ ਹੈ, ਜੋ ਬ੍ਰਹਿਮੰਡ ਦੀ

ਸਿਰਜਣਾ ਕਰ ਕੇ, ਇਸ ਦੇ ਖੰਡਾਂ ਨੂੰ ਕਿਰਪਾ ਦ੍ਰਿਸ਼ਟੀ ਨਾਲ ਨਿਹਾਰਦਾ ਹੈ ਤੇ ਅਨੰਦਿਤ ਹੁੰਦਾ ਹੈ। ਇਸ ਅਵਸਥਾ ਵਿਚ ਸਾਧਕ ਪ੍ਰਭੂ ਨਾਲ ਇਕ-ਸੁਰ ਹੋ ਜਾਂਦਾ ਹੈ। ਸਾਧਕ ਵੀ ਉਸ ਅਨੰਦ ਤੇ ਵਿਸਮਾਦ ਨੂੰ ਮਾਣਦਾ ਹੈ ਜੋ ਨਿਰੰਕਾਰ ਦਾ ਸਰਵ-ਉੱਚ ਲੱਛਣ ਹੈ।

ਸਚ ਖੰਡਿ ਵਿਚ ਮੁੜ ਗਿਆਨ ਖੰਡ ਦੀ ਤਰ੍ਹਾਂ ਸ੍ਰਿਸ਼ਟੀ ਦਾ ਸੰਖਿਪਤ ਰੂਪ 'ਚ ਉਲੇਖ ਆਇਆ ਹੈ। ਇਸ ਵਿਚ ਬੇਅੰਤ ਖੰਡਾਂ, ਮੰਡਲਾਂ, ਵਰਭੰਡਾਂ, ਲੋਕਾਂ ਤੇ ਵੰਨ-ਸੁਵੰਨੇ ਆਕਾਰਾਂ ਦੇ ਸਾਧਕ ਨੂੰ ਦਰਸ਼ਨ ਹੁੰਦੇ ਹਨ। ਸਚ ਖੰਡਿ ਵਿਚ ਆਕਾਰਾਂ ਦੇ ਨਾਲ ਨਿਰੰਕਾਰ ਵੀ ਹੈ। ਇੱਥੇ ਨਿਰੰਕਾਰ ਤੇ ਆਕਾਰਾਂ ਦਾ ਰਿਸ਼ਤਾ ਕਰਤਾਰ ਤੇ ਕਿਰਤ ਦਾ ਹੈ। ਨਿਰੰਕਾਰ ਆਕਾਰਾਂ ਨੂੰ 'ਕਰਿ ਕਰਿ' ਵੇਖਦਾ ਜਾਂ ਸੰਭਾਲਦਾ ਹੈ। ਜਦੋਂ ਸਾਧਕ ਚਾਰ ਅਵਸਥਾਵਾਂ ਨੂੰ ਪਾਰ ਕਰ ਕੇ ਪੰਜਵੀਂ 'ਚ ਪਹੁੰਚਦਾ ਹੈ ਤਾਂ ਉਹ ਪਿਛਲੀਆਂ ਅਵਸਥਾਵਾਂ ਦੇ ਅਸਰਾਂ ਨੂੰ ਵੀ ਮਾਣਦਾ ਹੈ। ਇਨ੍ਹਾਂ ਸਾਰੀਆਂ ਅਵਸਥਾਵਾਂ ਦਾ ਆਪਸ ਵਿਚ ਪਰਸਪਰ ਸੰਬੰਧ ਹੈ। ਇਸ ਅਵਸਥਾ ਵਿਚ ਸਾਧਕ ਨਿਰੋਲ ਭਾਣੇ ਵਿਚ ਵਿਚਰਦਾ ਹੁਕਮ ਦੀ ਕਾਰ ਕਮਾਉਂਦਾ ਹੈ। ਇਹ ਅਵਸਥਾ ਮਨੁੱਖ ਦੇ ਸੰਪੂਰਨ ਹੋਣ ਦੀ ਹੈ। ਇੱਥੇ ਪਹੁੰਚ ਕੇ ਜਲ ਤੇ ਤਰੰਗ (ਜੀਵ-ਪ੍ਰਭੂ) ਵਿਚ ਕੋਈ ਭੇਦ ਨਹੀਂ ਰਹਿੰਦਾ, ਸਭ ਨਿਰੰਕਾਰ ਸਰੂਪ ਹੀ ਹੋ ਜਾਂਦਾ ਹੈ। ਅਜਿਹੇ ਨਿਰੰਕਾਰ ਤੱਤ ਸਰੂਪ ਨੂੰ ਕਥਨ ਕਰਨਾ ਕਰੜਾ 'ਔਖਾ' ਹੈ।

ਸਾਰੰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਦੀ ਸਮੁੱਚੀ ਸੇਧ ਮਨੁੱਖ ਦਾ ਆਤਮਿਕ ਵਿਕਾਸ ਤੇ ਕਲਿਆਣ ਹੈ। ਸਮੁੱਚੇ ਰੂਪ 'ਚ ਗੁਰਬਾਣੀ ਮਨੁੱਖ ਨੂੰ ਸੰਬੋਧਿਤ ਹੈ, ਉਸ ਨੂੰ ਦੈਵੀ ਗੁਣਾਂ ਦੀ ਚੇਤਨਾ ਦੁਆਰਾ ਉਚੇਰੇ ਮੰਡਲਾਂ ਦਾ ਅਨੁਭਵ ਲੈਣ ਦੇ ਯੋਗ ਬਣਾਉਣਾ ਇਸ ਦਾ ਮੰਤਵ ਹੈ। ਜੀਵ ਸਥੂਲ ਤੋਂ ਸੂਖਮ, ਵਧੇਰੇ ਸੂਖਮ ਤੇ ਅਤਿਅੰਤ ਸੂਖਮ ਦੀ ਦਿਸ਼ਾ ਵੱਲ ਪ੍ਰਗਤੀ ਕਰੇ, ਉਹ ਪਦਾਰਥਕ-ਸਮਾਜਿਕ ਜਗਤ 'ਚ ਵਿਚਰਦਾ ਬੌਧਿਕ ਸਹਿਜਾਤਮਕ ਤੇ ਨੈਤਿਕ ਕੀਮਤਾਂ ਨਾਲ ਸਾਂਝ ਪਾਵੇ ਅਤੇ ਅਧਿਆਤਮਿਕਤਾ ਦੀਆਂ ਸਿਖਰਾਂ ਛੋਹ ਸਕੇ- ਇਹ ਮਨੋਰਥ ਬਾਣੀ- ਰਚਨਾ 'ਚ ਸਮੋਇਆ ਪ੍ਰਤੱਖ ਹੈ। ਇਹੋ ਹੀ ਉਪਦੇਸ਼ 'ਜਪੁਜੀ' ਦੇ ਪੰਜ ਖੰਡਾਂ 'ਚ ਵਿਦਮਾਨ ਹੈ। ਇਹ ਪੰਜੇ ਮੰਜ਼ਿਲਾਂ ਸਾਡੇ ਜੀਵਨ ਤਜ਼ਰਬੇ ਹਨ, ਜੀਵਨ ਵਿਚ ਪ੍ਰਾਪਤ ਕੀਤੀਆਂ ਜਾ ਸਕਣ ਵਾਲੀਆਂ ਹਾਲਤਾਂ ਹਨ। ਇਹ ਪਰਲੋਕ ਜਾਂ ਕਿਸੇ ਅਦ੍ਰਿਸ਼ਟ ਮੰਡਲ ਦੀਆਂ ਗੱਲਾਂ ਨਹੀਂ ਹਨ। ■

# ਲੰਗਰ ਸੇਵਾ ਤੇ ਪਰੰਪਰਾ

*-ਸ. ਦਿਲਜੀਤ ਸਿੰਘ**

*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*

'ਗੁਰੂ ਗ੍ਰੰਥ ਵਿਸ਼ਵ ਕੋਸ਼' ਦੇ ਕਰਤਾ ਡਾ. ਰਤਨ ਸਿੰਘ ਜੱਗੀ ਤੇ 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਫ਼ਾਰਸੀ ਮੂਲ ਦੇ 'ਲੰਗਰ' ਦੇ ਸ਼ਾਬਦਿਕ ਅਰਥ ਦਿੰਦਿਆਂ ਲਿਖਿਆ ਹੈ: "ਉਹ ਥਾਂ, ਜਿੱਥੇ ਗਰੀਬਾਂ/ਅਨਾਥਾਂ, ਭੁੱਖਿਆਂ ਅਤੇ ਲੋੜਵੰਦਾਂ ਨੂੰ ਅੰਨ ਦਾ ਦਾਨ ਮਿਲੇ।" ਮੰਨਿਆ ਜਾਂਦਾ ਹੈ ਕਿ ਫ਼ਾਰਸੀ ਪਰੰਪਰਾ ਦੇ ਇਸ ਸ਼ਬਦ ਦੀ ਵਰਤੋਂ ਸੂਫ਼ੀਆਂ ਦੇ ਡੇਰਿਆਂ ਉੱਤੇ ੧੨ਵੀਂ-੧੩ਵੀਂ ਸਦੀ ਵਿਚ ਵੰਡੇ ਜਾਂਦੇ ਭੋਜਨ ਲਈ ਹੋਣੀ ਸ਼ੁਰੂ ਹੋ ਗਈ ਸੀ।

ਸਿੱਖ ਧਰਮ ਵਿਚ ਇਸ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ, ਜਦੋਂ ਗੁਰੂ-ਅਨੁਯਾਈਆਂ ਨੇ ਕਈ ਸੰਗਤਾਂ ਸਥਾਪਿਤ ਕੀਤੀਆਂ ਅਤੇ ਉਨ੍ਹਾਂ ਵਿਚ ਭੋਜਨ ਵੰਡਣ ਦੀ ਵਿਵਸਥਾ ਕੀਤੀ। ਧਿਆਨ ਰਹੇ ਕਿ ਇਹ ਭੋਜਨ ਬਿਨਾਂ ਕਿਸੇ ਸਮਾਜਿਕ ਵਿੱਥ-ਵਿਤਕਰੇ, ਨਸਲ, ਜਾਤ, ਲਿੰਗ ਅਤੇ ਊਚ-ਨੀਚ ਦੇ ਇੱਕੋ ਪੰਕਤੀ ਵਿਚ ਬੈਠ ਕੇ ਖਾਣਾ (ਛਕਣਾ) ਹੁੰਦਾ ਸੀ। ਇਸ ਲਈ ਲੰਗਰ ਦੇ ਨਾਲ ਪੰਗਤ (ਪੰਕਤੀ) ਸ਼ਬਦ ਜੁੜ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ-ਜਿੱਥੇ ਆਪਣੇ ਧਰਮ ਦਾ ਪ੍ਰਚਾਰ ਕਰ ਕੇ ਸੰਗਤਾਂ ਬਣਾਈਆਂ, ਉੱਥੇ-ਉੱਥੇ ਲੰਗਰ ਚਲਾਉਣ ਦੀ ਤਾਕੀਦ ਕੀਤੀ , ਜਿਵੇਂ ਰਾਜਾ ਸ਼ਿਵਨਾਭ, ਭੂਮੀਆ ਚੋਰ, ਮਲਕ ਭਾਗੋ ਆਦਿ ਨੂੰ। ਕਰਤਾਰਪੁਰ ਸਾਹਿਬ ਵਿਚ ਗੁਰੂ ਜੀ ਨੇ ਆਪਣੀ ਖੇਤੀ ਦੀ ਉਪਜ ਵਿੱਚੋਂ ਇਹ ਪ੍ਰਥਾ ਚਲਾਈ ਦੱਸੀ ਜਾਂਦੀ ਹੈ। ਲੰਗਰ ਵਿਚ ਪਾਈ ਜਾਣ ਵਾਲੀ ਰਸਦ ਸਿੱਖਾਂ ਦੀ ਘਾਲ-ਕਮਾਈ ਜਾਂ ਦਸਾਂ ਨਹੁੰਆਂ ਦੀ ਕਿਰਤ ਵਿੱਚੋਂ ਖ਼ਰੀਦੀ ਜਾਂਦੀ ਸੀ। 'ਦਸਵੰਧ' ਲਈ ਕੱਢੀ ਰਕਮ ਜ਼ਿਆਦਾਤਰ ਲੰਗਰ ਉੱਤੇ ਹੀ ਖ਼ਰਚ ਕੀਤੀ ਜਾਂਦੀ ਹੈ। ਇਸ ਨੂੰ "ਗੁਰੂ ਕਾ ਲੰਗਰ" ਕਿਹਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪ੍ਰਥਾ ਦਾ ਬਹੁਤ ਵਿਕਾਸ ਕੀਤਾ । ਰਾਇ ਬਲਵੰਡ ਅਤੇ ਸਤਾ ਡੂਮ ਦੀ ਵਾਰ ਵਿਚ ਇਸ ਬਾਰੇ ਵਿਸਥਾਰ ਸਹਿਤ ਵਰਣਨ ਹੈ :

*ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੬-੬੭)*

ਮਾਤਾ ਖੀਵੀ ਜੀ ਦਾ ਲੰਗਰ ਵੀ ਵਿਸ਼ੇਸ਼ ਉੱਲੇਖਯੋਗ ਹੈ :

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*

*ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੮੧੪੮-੯੮੫੭੦

*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*

ਸ੍ਰੀ ਗੁਰੂ ਅਮਰਦਾਸ ਜੀ ਨੇ "ਪਹਿਲੇ ਪੰਗਤ ਪਾਛੇ ਸੰਗਤ" ਦਾ ਆਦੇਸ਼ ਦਿੱਤਾ ਹੋਇਆ ਸੀ। ਇੱਥੇ 'ਪੰਗਤ' ਸ਼ਬਦ ਦਾ ਸੰਬੰਧ ਪੰਕਤੀ ਵਿਚ ਬੈਠ ਕੇ ਲੰਗਰ ਛਕਣ ਨਾਲ ਹੈ। ਇਤਿਹਾਸ ਤੋਂ ਸਿੱਧ ਹੈ ਕਿ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਮਿਲਣ ਆਏ ਅਕਬਰ ਬਾਦਸ਼ਾਹ ਨੂੰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ। ਇਸ ਤਰ੍ਹਾਂ ਲੰਗਰ ਦੁਆਰਾ ਬਰਾਬਰਤਾ ਦਾ ਵਿਵਹਾਰਿਕ ਰੂਪ ਪੇਸ਼ ਕੀਤਾ ਜਾ ਸਕਿਆ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਲੰਗਰ ਲਈ ਭਾਈ ਜੇਠਾ (ਸ੍ਰੀ ਗੁਰੂ ਰਾਮਦਾਸ ਜੀ) ਜੰਗਲ ਵਿੱਚੋਂ ਲੱਕੜਾਂ ਚੁਣ ਕੇ ਲਿਆਉਂਦੇ ਰਹੇ। ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਨਾਲ ਜੋ ਸਿੱਖ ਧਰਮ ਦਾ ਕੇਂਦਰ ਬਣਿਆ, ਉੱਥੇ ਸਭ ਲਈ ਲੰਗਰ ਦੀ ਵਿਵਸਥਾ ਦਾ ਆਯੋਜਨ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਸਿੱਖ ਧਰਮ ਦਾ ਇਕ ਬੁਨਿਆਦੀ ਸਮਾਜਿਕ ਵਿਵਹਾਰ ਬਣਾ ਦਿੱਤਾ। ਇਸ ਤੋਂ ਬਾਅਦ ਵਕਤ ਨਾਲ ਸਿੱਖ-ਸੰਗਤ , ਗੁਰੂਧਾਮਾਂ, ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਹੁੰਦੀ ਗਈ, ਲੰਗਰ ਦੀ ਵਿਵਸਥਾ ਵੀ ਵਿਸਥਾਰ ਫੜਦੀ ਗਈ। ਇਸੇ ਪਰੰਪਰਾ ਨੂੰ ਹੋਰ ਪਕੇਰਾ ਕਰਨ ਲਈ ਵੱਖ-ਵੱਖ ਗੁਰੂ ਸਾਹਿਬਾਨ ਨੇ ਪੂਰਨ ਤੌਰ 'ਤੇ ਪਹਿਰਾ ਦਿੱਤਾ, ਜਿਸ ਦੀਆਂ ਅਨੇਕ ਹੀ ਮਿਸਾਲਾਂ ਇਤਿਹਾਸ ਵਿਚ ਹਨ। ਲੰਗਰ ਦੀ ਸੇਵਾ ਨਿਭਾਉਣ ਵਾਲੇ ਕਈ ਗੁਰੂ-ਸੇਵਕਾਂ ਅਤੇ ਕੁਝ ਪਿੰਡਾਂ ਦੇ ਨਾਮ ਵੀ ਇਤਿਹਾਸ ਵਿਚ ਮਿਲਦੇ ਹਨ।

ਭਾਈ ਲੰਗਾਹ ਵੀ ਪੱਟੀ ਪਰਗਨੇ ਦੇ ੮੪ ਪਿੰਡਾਂ ਦਾ ਚੌਧਰੀ ਸੀ। ਕਹਿੰਦੇ ਹਨ ਕਿ ਇਕ ਵਾਰ ਇਹ ਬਿਮਾਰ ਪੈ ਗਿਆ। ਹਰ ਪ੍ਰਕਾਰ ਦੇ ਯਤਨਾਂ ਅਤੇ ਸਖੀ ਸਰਵਰ ਦੀਆਂ ਮੰਨਤਾਂ ਦੇ ਬਾਵਜੂਦ ਇਹ ਠੀਕ ਨਾ ਹੋਇਆ। ਫਿਰ ਕਿਸੇ ਸਿੱਖ ਦੇ ਸੰਪਰਕ ਵਿਚ ਆਉਣ ਕਾਰਨ ਪਰਮਾਤਮਾ ਦੀ ਭਗਤੀ ਕੀਤੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸੰਚਾਲਿਤ ਧਰਮ ਵਿਚ ਵਿਸ਼ਵਾਸ ਪ੍ਰਗਟ ਕੀਤਾ। ਇਸ ਦੀ ਬੀਮਾਰੀ ਖ਼ਤਮ ਹੋ ਗਈ। ਜਦੋਂ ਉਹ ਪੂਰੀ ਤਰ੍ਹਾਂ ਠੀਕ ਹੋ ਗਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਲਈ ਸ੍ਰੀ ਅੰਮ੍ਰਿਤਸਰ ਆਇਆ। ਉਦੋਂ ਸਰੋਵਰ ਦੀ ਖੁਦਾਈ ਅਤੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਉਸਾਰੀ ਦਾ ਕੰਮ ਚੱਲ ਰਿਹਾ ਸੀ। ਉਸ ਨੇ ਇਸ ਮਹਾਨ ਕਾਰਜ ਵਿਚ ਸਰੀਰਿਕ ਅਤੇ ਮਾਇਕ ਦੋਹਾਂ ਤਰ੍ਹਾਂ ਦੀ ਸਮਰਪਿਤ ਭਾਵਨਾ ਨਾਲ ਸੇਵਾ ਕੀਤੀ। ਇਸ ਦੀ ਸੇਵਾ-ਭਾਵਨਾ ਨੂੰ ਮੁੱਖ ਰੱਖਦਿਆਂ ਗੁਰੂ ਜੀ ਨੇ ਇਸ ਨੂੰ ਆਪਣੇ ਇਲਾਕੇ ਦਾ ਮਸੰਦ ਥਾਪਿਆ। ਜਦੋਂ ਗੁਰੂ ਜੀ ਲਾਹੌਰ ਗਏ, ਤਾਂ ਉਨ੍ਹਾਂ ਦੇ ਨਾਲ ਗਏ ਪੰਜ ਸਿੱਖਾਂ ਵਿਚ ਇਹ ਵੀ ਸ਼ਾਮਲ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵੀ ਨਿਸ਼ਠਾਵਾਨ ਸੇਵਕ ਰਿਹਾ। ਇਹ ਤੇਗ ਦਾ ਵੀ ਬੜਾ ਧਨੀ ਸੀ। ਇਸ ਲਈ ਸ੍ਰੀ ਗੁਰੂ

ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਤਿਆਰ ਕੀਤੀ ਜਾ ਰਹੀ ਸੈਨਾ ਦੇ ਇਕ ਦਲ ਦਾ ਇਸ ਨੂੰ ਨਾਇਕ ਨਿਯੁਕਤ ਕੀਤਾ। ਜਦੋਂ ਛੇਵੇਂ ਗੁਰੂ ਸਾਹਿਬ ਲਾਹੌਰ ਗਏ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਲੀ ਥਾਂ ਉੱਤੇ ਇਕ ਸਮਾਰਕ ਬਣਵਾਇਆ ਅਤੇ ਉਸ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਇਸ ਨੂੰ ਸੌਂਪੀ। ਕਰੋੜਸਿੰਘੀਆ ਮਿਸਲ ਦਾ ਸ. ਬਘੇਲ ਸਿੰਘ ਇਸ ਦਾ ਵੰਸ਼ਜ ਸੀ। ਮਾਈ ਭਾਗੋ ਵੀ ਇਸ ਦੇ ਛੋਟੇ ਭਰਾ ਪੀਰੋ ਸ਼ਾਹ ਦੀ ਪੋਤੀ ਸੀ, ਜੋ ਚਾਲੀ ਮੁਕਤਿਆਂ ਨੂੰ ਦਸਮ ਗੁਰੂ ਤੋਂ ਬਖ਼ਸ਼ਵਾਉਣ ਲਈ ਖਿਦਰਾਣੇ ਦੀ ਢਾਬ ਪਾਸ ਪਹੁੰਚੀ। ਭਾਈ ਲੰਗਾਹ ਜੀ ਨੇ ਗੁਰੂ-ਘਰ ਵੱਲੋਂ ਚਲਾਈ ਲੰਗਰ ਪਰੰਪਰਾ ਨੂੰ ਕਾਇਮ ਰੱਖਿਆ।

ਸਾਹਿਬ ਸ੍ਰੀ ਗੁਰੂ ਗੋਬਿਦ ਸਿੰਘ ਜੀ ਦੇ ਸਮੇਂ ਭਾਈ ਪਰਸ਼ਾਦਾ ਸਿੰਘ ਅਤੇ ਮਾਈ ਵਲਟੋਹੀ ਹੋਏ ਹਨ। ਇਹ ਫ਼ਰੀਦਕੋਟ ਦੇ ਕੋਟਕਪੂਰਾ ਨਗਰ ਵਿਚ ਰਹਿੰਦੇ ਸਨ ਅਤੇ ਲੋਕਾਂ ਦੀ ਬਹੁਤ ਸੇਵਾ ਕਰਦੇ ਸਨ। ਇਸੇ ਕਰਕੇ ਲੋਕਾਂ ਨੇ ਆਦਰ ਵਜੋਂ ਇਸ ਜੋੜੇ ਨੂੰ ਲੰਗਰ ਨਾਲ ਸੰਬੰਧਿਤ ਨਾਂ ਪ੍ਰਦਾਨ ਕੀਤੇ। ਇਸ ਦੇ ਪੁੱਤਰ ਨੂੰ ਵੀ ਮਾਪਿਆਂ ਵਾਂਗ ਬਾਬਾ ਲੰਗਰ ਸਿੰਘ ਕਿਹਾ ਜਾਣ ਲੱਗਿਆ। ਇਸ ਨੇ ਮੁੱਢਲੀ ਧਾਰਮਿਕ ਵਿੱਦਿਆ ਸ੍ਰੀ ਅਨੰਦਪੁਰ ਸਾਹਿਬ ਵਿਚ ਭਾਈ ਕੇਸਰ ਸਿੰਘ ਤੋਂ ਪ੍ਰਾਪਤ ਕੀਤੀ ਅਤੇ ਫਿਰ ਹਰੀਕੇ ਕਲਾਂ ਪਿੰਡ ਵਿਚ ਆ ਕੇ ਵੱਸ ਗਿਆ, ਜੋ ਸ੍ਰੀ ਮੁਕਤਸਰ ਸਾਹਿਬ ਤੋਂ ਪੂਰਬ ਵਾਲੇ ਪਾਸੇ ੧੮ ਕਿ. ਮੀ. ਦੀ ਵਿੱਥ ਉੱਤੇ ਸਥਿਤ ਹੈ। ਇਸ ਨੇ ਪਿੰਡ ਵਿਚ ਸਿੱਖ ਧਰਮ-ਗ੍ਰੰਥਾਂ ਅਤੇ ਮਰਯਾਦਾ ਦਾ ਅਧਿਐਨ ਕਰਾਉਣ ਲਈ ਇਕ ਡੇਰਾ ਕਾਇਮ ਕੀਤਾ। ਇਸ ਨੇ ਹੀ ਖਿਦਰਾਣੇ ਦੀ ਢਾਬ ਨੇੜੇ ਲੜੇ ਗਏ ਯੁੱਧ ਵਾਲੀਆਂ ਥਾਵਾਂ ਦੀ ਨਿਸ਼ਾਨਦੇਹੀ ਕਰ ਕੇ ਉੱਥੇ ਸਮਾਰਕ ਬਣਵਾਏ ਅਤੇ ਸ੍ਰੀ ਮੁਕਤਸਰ ਸਾਹਿਬ ਵਿਚ ਮਾਘੀ ਦਾ ਮੇਲਾ ਰਚਾਉਣ ਦੀ ਪਰੰਪਰਾ ਦਾ ਉਦਘਾਟਨ ਕੀਤਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਲੰਗਰ-ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਉਨ੍ਹਾਂ ਅਨੁਸਾਰ ਤੇਗ ਦੇ ਨਾਲ ਨਾਲ ਦੇਗ (ਲੰਗਰ) ਵੀ ਚੱਲਣੀ ਚਾਹੀਦੀ ਹੈ, (ਦੇਗ ਤੇਗ ਜਗ ਮੈ ਦੋਊ ਚਲੈ)। ਸਿੱਖ-ਮਿਸਲਾਂ ਵੇਲੇ ਲੰਗਰ ਦੀ ਵਿਵਸਥਾ ਨੇ ਤੇਗ ਨੂੰ ਚੱਲਣ ਲਈ ਸਦਾ ਉਭਾਰੀ ਰੱਖਿਆ। ਬੁੱਢਾ ਦਲ ਦੇ ਮੁਖੀ, ਸਿੰਘ ਸਾਹਿਬ ਨਵਾਬ ਕਪੂਰ ਸਿੰਘ, ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ ਨੇ ਵੀ ਇਸ ਮਰਯਾਦਾ ਦਾ ਭਲੀ-ਭਾਂਤ ਸਤਿਕਾਰ ਕਾਇਮ ਰੱਖਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਗੁਰਦੁਆਰਾ ਸਾਹਿਬਾਨ ਦੇ ਨਾਮ ਜਾਗੀਰਾਂ ਲਗਵਾਈਆਂ। ਸਮੇਂ ਦੇ ਬੀਤਣ ਨਾਲ ਇਹ ਪ੍ਰਥਾ ਹੋਰ ਵਿਕਾਸ ਕਰਦੀ ਗਈ। ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਤੇ ਸੀਮਾਵਾਂ ਕਰਕੇ ਵੀ ਕਈ ਖੁੱਲ੍ਹਾਂ ਲਈਆਂ ਜਾ ਰਹੀਆਂ ਹਨ ਅਤੇ ਪੰਗਤ ਵਿਚ ਬੈਠਣ ਦੀ ਥਾਂ ਮੇਜ਼ਾਂ-ਕੁਰਸੀਆਂ ਉੱਤੇ ਬੈਠ ਕੇ ਲੰਗਰ ਛਕਣ ਦੀ ਗੱਲ ਤੁਰ ਪਈ ਹੈ। ਇਸ ਨਾਲ ਕਈ ਵਿਵਾਦ ਵੀ ਖੜ੍ਹੇ ਹੋ ਰਹੇ ਹਨ। ਇਸ ਸ਼ੋਭਾਸ਼ਾਲੀ ਅਤੇ ਗੌਰਵਮਈ ਪ੍ਰਥਾ ਨੂੰ ਸਹੀ ਅਤੇ ਮੌਲਿਕ ਭਾਵ ਇਸ ਦੇ ਅਸਲ ਪਰਿਪੇਖ ਨੂੰ ਕਾਇਮ ਰੱਖਣਾ ਸਮੇਂ ਦੀ ਮੰਗ ਹੈ। ■

# ਬੀਬੀ ਸੂਰਤੀ ਜੀ

*-ਸਿਮਰਜੀਤ ਸਿੰਘ**

ਪੰਜਾਬ ਦੇ ਜ਼ਿਲ੍ਹਾ ਅਤੇ ਤਹਿਸੀਲ ਮੋਗਾ ਦਾ ਪ੍ਰਸਿੱਧ ਪਿੰਡ ਹੈ- ਵੱਡਾ ਘਰ। ਮੋਗਾ ਨਗਰ ਤੋਂ ਇਹ ਪਿੰਡ ਲੱਗਭਗ ੨੦ ਕਿਲੋਮੀਟਰ ਦੱਖਣ-ਪੱਛਮ ਵਾਲੇ ਪਾਸੇ ਹੈ। ਰੇਲਵੇ ਸਟੇਸ਼ਨ ਡਗਰੂ ਤੋਂ ਸੱਤ ਮੀਲ ਦੱਖਣ-ਪੱਛਮ ਵੱਲ ਹੈ। ਇਸ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਵਿੱਤਰ ਚਰਨ ਪਾਏ ਸਨ। ਗੁਰੂ ਜੀ ਡਰੋਲੀ ਤੋਂ ਆ ਕੇ ਪੰਜ ਦਿਨ ਇਸ ਪਿੰਡ ਵਿਚ ਠਹਿਰੇ ਸਨ ਅਤੇ ਫਿਰ ਮਾਲਵਾ ਖੇਤਰ ਵਿਚ ਸਿੱਖੀ ਦੇ ਪ੍ਰਚਾਰ ਲਈ ਗਏ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਵਰਤਮਾਨ ਸੁੰਦਰ ਇਮਾਰਤ ਸੰਨ ੧੯੨੧ ਈ. ਵਿਚ ਉਸਾਰੀ ਗਈ ਸੀ। ਗੁਰੂ-ਘਰ ਦੇ ਪ੍ਰੇਮੀ ਬਾਬਾ ਆਕਲ ਜੀ ਵੱਡਾ ਘਰ ਪਿੰਡ ਦੇ ਵਸਨੀਕ ਸਨ। ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਆਪਣੀ ਰਚਨਾ ਵਿਚ ਜ਼ਿਕਰ ਕਰਦਿਆਂ ਦੱਸਦਾ ਹੈ ਕਿ ਬਾਬਾ ਆਕਲ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਤੋਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ ਸੀ। ਇਨ੍ਹਾਂ ਨੇ ਆਪਣੇ ਘਰ ਨੂੰ ਸਿੱਖੀ ਦਾ ਕੇਂਦਰ ਬਣਾਇਆ ਹੋਇਆ ਸੀ:-

*'ਵੱਡੇ ਘਰ' ਇਕ ਪਿੰਡ ਹੈ ਮਾਲਵੇ ਵਿਚ ਆਕਲ ਨਾਮ ਇੱਕ ਉਥੇ ਤ੍ਰਖਾਨ ਵੱਸੇ।*
*ਰਾਮਦਾਸ ਸਤਿਗੁਰੂ ਤੋਂ ਲਈ ਸਿੱਖੀ ਹਿਰਦੇ ਓਸ ਦੇ ਰੂਪ ਭਗਵਾਨ ਵੱਸੇ।*
*ਕਿਰਤ ਵਿਰਤ ਕਰ ਧਰਮ ਦੀ ਖਾਂਵਦਾ ਸੀ ਭਲਾ ਪੁਰਸ਼ ਹੋ ਦਿਲੋਂ ਨਿਰਮਾਣ ਵੱਸੇ।*
*ਆਏ ਗਏ ਦੀ ਕਰਦਾ ਸਦਾ ਸੇਵਾ ਸਾਧ ਸੰਤ ਓਹਦੇ ਘਰ ਆਨ ਵੱਸੇ।*
*ਸਤਿਸੰਗ ਦਾ ਰੱਖੇ ਪਰਵਾਹ ਜਾਰੀ ਸਤਿਨਾਮੁ ਵਿੱਚ ਓਹਦੀ ਜ਼ਬਾਨ ਵੱਸੇ।*
*ਮਾਯਾ ਵਿੱਚ ਉਦਾਸ ਪ੍ਰਕਾਸ਼ ਹਿਰਦੇ ਅਸਲੀ ਦੇਵਤਾ ਰੂਪ ਇਨਸਾਨ ਵੱਸੇ।*
*ਓਹਦੇ ਘਰਦੀ ਭੀ ਸਿੱਖੀ ਸਿਦਕ ਵਾਲੀ ਪਿੰਡ ਵਿਚ ਘਰ ਉਹ ਦਯਾਵਾਨ ਵੱਸੇ।*
*ਜਿਸ ਘਰ ਵਿੱਚ ਧਰਮ ਕਰਤਾਰ ਸਿੰਘਾ ਓਥੇ ਆਪ ਭਗਵਾਨ ਪਛਾਨ ਵੱਸੇ।*

*(ਸ੍ਰੀ ਖੜਗੇਸ਼ ਪ੍ਰਕਾਸ਼)*

ਬਾਬਾ ਆਕਲ ਜੀ ਨੇ ਪਿੰਡ ਦੇ ਬਾਹਰ ਇਕ ਬਹੁਤ ਵੱਡਾ ਵਾੜਾ ਵਲਿਆ ਹੋਇਆ ਸੀ। ਇਸ ਵਾੜੇ ਵਿਚ ਉਨ੍ਹਾਂ ਨੇ ਬਹੁਤ ਸਾਰੀਆਂ ਗਊਆਂ ਰੱਖੀਆਂ ਹੋਈਆਂ ਸਨ। ਉਹ ਇਨ੍ਹਾਂ ਦਾ ਦੁੱਧ ਇਕੱਠਾ ਕਰ ਕੇ ਲੋੜਵੰਦਾਂ ਨੂੰ ਛਕਾ ਕੇ ਖੁਸ਼ੀ ਪ੍ਰਾਪਤ ਕਰਿਆ ਕਰਦੇ ਸਨ। ਇਸ ਵਾੜੇ ਨੂੰ ਆਮ ਲੋਕ 'ਆਕਲ-ਵਾੜੀ' ਕਿਹਾ ਕਰਦੇ

*ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਸਨ। ਵਿਦਵਾਨਾਂ ਦਾ ਵਿਚਾਰ ਹੈ ਕਿ ਇਸ 'ਆਕਲ-ਵਾੜੀ' ਦਾ ਹੀ ਨਾਂ ਬਦਲ ਕੇ ਵੱਡਾ-ਘਰ ਮਸ਼ਹੂਰ ਹੋਇਆ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਭਾਈ ਆਕਲ ਜੀ ਦੀ ਸੇਵਾ-ਭਾਵਨਾ ਤੋਂ ਪ੍ਰਭਾਵਿਤ ਹੋ ਕੇ ਬਾਹਰੋਂ ਆਏ ਸਾਧੂ-ਫਕੀਰਾਂ ਨੇ 'ਆਕਲ-ਵਾੜੀ' ਨੂੰ 'ਵੱਡਾ-ਘਰ' ਕਹਿਣਾ ਸ਼ੁਰੂ ਦਿੱਤਾ। ਬਾਬਾ ਆਕਲ ਜੀ ਦੇ ਘਰ ੧੬੫੭-੫੮ ਬਿਕ੍ਰਮੀ ਨੂੰ ਸੁੰਦਰ ਪੁੱਤਰੀ ਦਾ ਜਨਮ ਹੋਇਆ, ਤਾਂ ਬਾਬਾ ਜੀ ਨੇ ਉਸ ਦਾ ਨਾਂ 'ਸੂਰਤੀ' ਰੱਖਿਆ। ਭਾਈ ਸੰਤੋਖ ਸਿੰਘ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਜ਼ਿਕਰ ਕਰਦੇ ਹਨ:-

*ਆਕਲ ਕਹਹਿਂ ਤਾਂਹਿ ਕੋ ਨਾਮੂ। ਮਨ ਕੋ ਗੁਰਮਤਿ ਮਹਿਂ ਬਿਸਰਾਮੂ।*
*ਤਿਸ ਕੇ ਗ੍ਰਿਹ ਨਿਪਜੀ ਇਕ ਕੰਨਯਾਂ। ਪੂਰਬ ਜਨਮ ਪੁੰਨ ਕੀ ਧੰਨਯਾ।*

ਬਾਬਾ ਆਕਲ ਜੀ ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਰਹੇ। ਬਾਬਾ ਜੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਗੁਰੂ ਜੀ ਪਾਸ ਸ਼ਰਧਾ ਨਾਲ ਭੇਟਾ ਲੈ ਕੇ ਜਾਂਦੇ ਅਤੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ। ਘਰੇਲੂ ਮਹੌਲ ਦਾ ਬੱਚੀ ਦੇ ਜੀਵਨ 'ਤੇ ਪ੍ਰਭਾਵ ਪੈਣਾ ਸੁਭਾਵਿਕ ਹੀ ਸੀ। ਬੀਬੀ ਸੂਰਤੀ ਜੀ ਪੂਰਨ ਨਿੱਤਨੇਮੀ ਬਣ ਗਏ। ਗੁਰਮਤਿ ਨੂੰ ਉਨ੍ਹਾਂ ਨੇ ਚੰਗੀ ਤਰ੍ਹਾਂ ਗ੍ਰਹਿਣ ਕਰ ਲਿਆ ਸੀ। ਉਹ ਹਰ ਸਮੇਂ ਗੁਰਬਾਣੀ ਦਾ ਅਭਿਆਸ ਕਰਦੇ ਅਤੇ ਗੁਰੂ ਸਾਹਿਬਾਨ ਦੀ ਸਿੱਖਿਆਵਾਂ ਨਾਲ ਜੁੜਨ ਦਾ ਯਤਨ ਕਰਦੇ ਰਹਿੰਦੇ ਸਨ। ਗੁਰਬਾਣੀ ਦੇ ਅਭਿਆਸ ਨਾਲ ਗੁਰਮਤਿ ਦੇ ਸੰਸਕਾਰ ਉਨ੍ਹਾਂ ਦੇ ਜੀਵਨ ਵਿਚ ਪ੍ਰਪੱਕ ਹੋ ਚੁੱਕੇ ਸਨ। ਉਹ ਆਪਣੇ ਪਰਵਾਰ ਨਾਲ ਗੁਰਮਤਿ ਅਨੁਸਾਰ ਸੇਵਾ ਵਿਚ ਰੁੱਝੇ ਰਹਿੰਦੇ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਡਰੋਲੀ ਪਿੰਡ ਤੋਂ ਚੱਲ ਕੇ ਸੈਨਾ ਸਮੇਤ ਘੋੜੇ 'ਤੇ ਸਵਾਰ ਹੋ 'ਵੱਡੇ ਘਰ' ਪਿੰਡ ਦੀ ਧਰਤੀ ਨੂੰ ਭਾਗ ਲਾਏ। ਗੁਰੂ ਜੀ ਨੇ ਇਸ ਪਿੰਡ ਵਿਚ ਪੰਜ ਦਿਨ ਨਿਵਾਸ ਕੀਤਾ। ਪਿੰਡ ਦੇ ਚੌਧਰੀ ਰਾਇ ਭਾਗਮੱਲ ਅਤੇ ਬਾਬਾ ਆਕਲ ਜੀ ਨੇ ਸੰਗਤ ਨਾਲ ਮਿਲ ਕੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ।

ਬਾਬਾ ਆਕਲ ਜੀ ਨੇ ਆਪਣੀ ਪੁੱਤਰੀ ਨੂੰ ਵਰ ਯੋਗ ਸਮਝ ਕੇ ਉਸ ਦੀ ਸ਼ਾਦੀ ਲਈ ਵਰ ਦੀ ਭਾਲ ਕਰਨ ਲਈ ਪ੍ਰੋਹਿਤ ਨੂੰ ਕਿਹਾ। ਪ੍ਰੋਹਿਤ ਨੇ ਬੀਬੀ ਸੂਰਤੀ ਜੀ ਲਈ ਤੁਕਲਾਨੀ ਦੇ ਵਸਨੀਕ ਬਾਬੇ ਸਾਦੇ ਦੇ ਪੋਤਰੇ ਭਾਈ ਸਾਧੂ ਜੀ ਨਾਲ ਰਿਸ਼ਤਾ ਪੱਕਾ ਕਰ ਦਿੱਤਾ। ਬਾਬਾ ਸਾਦੇ ਦਾ ਪਰਵਾਰ ਸੁਲਤਾਨ ਸਖੀ ਸਰਵਰ ਨੂੰ ਮੰਨਦਾ ਸੀ। ਸਖੀ ਸਰਵਰ ਇਕ ਮੁਸਲਮਾਨ ਪੀਰ ਸੀ, ਜਿਸ ਦਾ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸਤਿਕਾਰ ਕਰਦੇ ਸਨ। ਸਖੀ ਸਰਵਰ ਦੇ ਸੇਵਕ ਉਸ ਨੂੰ ਸਰਵਰੀ, ਸੁਲਤਾਨੀਆ, ਸਨਾਤਨ ਧਰਮ ਸਰਵਰੀਆ, ਸੇਵਲ ਸੁਲਤਾਨੀਆ, ਹਿੰਦੂ ਸੁਲਤਾਨੀ, ਸਖੀ ਸੇਵਕ, ਨਿਗਾਹੀਆ, ਸਰਵਰੀਆ ਸੁਲਤਾਨੀਆ, ਸਖੀ ਸਰਵਰ, ਸੁਲਤਾਨ

ਪੀਰ, ਸੇਵਕ ਸਖੀ ਸਰਵਰ, ਸਰਵਰ, ਸਾਂਗਰ, ਸੁਲਤਾਨ ਰਾਮ ਰਾਏ, ਲੱਖਦਾਤਾ, ਸਰਵਰ ਪੰਥੀ, ਰਾਮਦਾਸੀਆ ਸੁਲਤਾਨੀਆ, ਚੇਲਾ ਸੁਲਤਾਨ, ਨਿਗਾਹਾ ਪੀਰ, ਧੌਂਕਲਾ ਸੇਵਕ, ਖਵਾਜਾ ਸਰਵਰ ਆਦਿ ਨਾਂਵਾਂ ਨਾਲ ਵੀ ਯਾਦ ਕਰਦੇ ਹਨ। ਇਹ ਸਾਰੇ ਨਾਮ ਉਸ ਦੀ ਕਿਸੇ ਨਾ ਕਿਸੇ ਵਿਸ਼ੇਸ਼ਤਾ ਕਰਕੇ ਪ੍ਰਚਲਿਤ ਹੋਏ ਹਨ। ਨਿਗਾਹੇ ਪਿੰਡ ਦਾ ਵਾਸੀ ਹੋਣ ਕਾਰਨ ਉਸ ਨੂੰ ਨਿਗਾਹੀਆ, ਧੌਂਕਲ ਵਿਚ ਰਹਿਣ ਕਰਕੇ ਧੌਂਕਲ ਸੇਵਕ, ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਕਰਕੇ ਸੁਲਤਾਨ ਅਤੇ ਲੋਕਾਂ ਦੀ ਸਹਾਇਤਾ ਕਰਨ ਕਰਕੇ ਸਖੀ ਸਰਵਰ ਨਾਮ ਪ੍ਰਸਿੱਧ ਹੋਏ। ਇਸ ਦਾ ਪ੍ਰਚਾਰ ਕਰਨ ਵਾਲੇ ਪ੍ਰਚਾਰਕਾਂ ਨੂੰ 'ਭਰਾਈ' ਅਤੇ ਪੂਜਾ ਅਸਥਾਨਾਂ ਨੂੰ 'ਪੀਰਖਾਨਾ' ਕਿਹਾ ਜਾਂਦਾ ਹੈ। ਭਾਰਤ 'ਤੇ ਮੁਗ਼ਲ ਹਕੂਮਤ ਹੋਣ ਨਾਲ ਇਸਲਾਮ ਦਾ ਪ੍ਰਚਾਰ ਵੀ ਵਧ ਗਿਆ। ਹਿੰਦੂ ਮਤ ਵਿਚ ਆਈ ਗਿਰਾਵਟ ਅਤੇ ਇਸਲਾਮ ਦੇ ਪ੍ਰਚਾਰ ਕਾਰਨ ਬਹੁਤ ਸਾਰੇ ਭਾਰਤੀ ਇਸਲਾਮ ਦੇ ਪ੍ਰਭਾਵ ਹੇਠ ਜਾਣੇ ਸ਼ੁਰੂ ਹੋ ਗਏ, ਕਿਉਂਕਿ ਹਿੰਦੂ ਮਤ ਵਿਚ ਛੂਤ-ਛਾਤ ਅਤੇ ਜਾਤ-ਪਾਤ ਦਾ ਬਹੁਤ ਬੋਲਬਾਲਾ ਸੀ, ਇਸ ਕਾਰਨ ਹੇਠਲੇ ਵਰਗ ਦੇ ਲੋਕ ਪਸ਼ੂਆਂ ਤੋਂ ਵੀ ਬੁਰੀ ਜ਼ਿੰਦਗੀ ਬਤੀਤ ਕਰਨ ਲਈ ਮਜ਼ਬੂਰ ਸਨ। ਇਸਲਾਮੀ ਪ੍ਰਚਾਰਕਾਂ ਵੱਲੋਂ ਹਕੂਮਤ ਨੂੰ ਨਵੇਂ ਲੋਕਾਂ ਨੂੰ ਦੀਨ ਵਿਚ ਲਿਆਉਣ ਲਈ ਲਾਲਚ ਦੇਣ ਅਤੇ ਪੀਰਾਂ-ਫਕੀਰਾਂ ਨੂੰ ਪਿੰਡਾਂ ਦੇ ਅਨਪੜ੍ਹ ਲੋਕਾਂ ਦੇ ਦਿਲਾਂ 'ਤੇ ਪ੍ਰਭਾਵ ਪਾਉਣ ਲਈ ਤਰ੍ਹਾਂ-ਤਰ੍ਹਾਂ ਦੇ ਤਰੀਕੇ ਅਪਣਾਉਣ ਲਈ ਕਿਹਾ ਗਿਆ। ਇਸਲਾਮ ਦਾ ਪ੍ਰਭਾਵ ਕਾਇਮ ਕਰਨ ਵਿਚ ਹਾਕਮਾਂ ਦੀ ਨੀਤੀ ਬਹੁਤੀ ਕਾਰਗਰ ਸਿੱਧ ਨਹੀਂ ਹੋਈ, ਪਰ ਮੁਸਲਮਾਨ ਪੀਰਾਂ-ਫਕੀਰਾਂ ਨੇ ਪਿੰਡਾਂ ਦੇ ਲੋਕਾਂ ਨੂੰ ਪੂਰੀ ਤਰ੍ਹਾਂ ਆਪਣੀ ਗ੍ਰਿਫਤ ਵਿਚ ਲੈ ਲਿਆ। ਇਨ੍ਹਾਂ ਵਿੱਚੋਂ ਕੁਝ ਅਜਿਹੇ ਫਕੀਰਾਂ ਦਾ ਪ੍ਰਭਾਵ ਵੀ ਸਾਹਮਣੇ ਆਇਆ ਜਿਨ੍ਹਾਂ ਦੇ ਪੈਰੋਕਾਰਾਂ ਨੇ ਹਕੂਮਤ ਦੇ ਪ੍ਰਭਾਵ ਹੇਠ ਤੁਅੱਸਬੀ ਦੀ ਨੀਤੀ ਧਾਰਨ ਕਰ ਲਈ। ਸਖੀ ਸਰਵਰ ਇਨ੍ਹਾਂ ਵਿੱਚੋਂ ਇਕ ਸੀ ਜਿਸ ਦੇ ਪੈਰੋਕਾਰਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧੀ। ਇਨ੍ਹਾਂ ਪੈਰੋਕਾਰਾਂ ਵੱਲੋਂ ਸਾਰੀਆਂ ਕਾਰਵਾਈਆਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਗੁਰਮਤਿ ਤੋਂ ਉਲਟ ਕੀਤੀਆਂ ਜਾਂਦੀਆਂ ਸਨ। ਜਦੋਂ ਬਾਬਾ ਆਕਲ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਬੀਬੀ ਸੂਰਤੀ ਦਾ ਹੋਣ ਵਾਲਾ ਸਹੁਰਾ ਪਰਵਾਰ ਸਖੀ ਸਰਵਰੀਆ ਹੈ ਤਾਂ ਉਨ੍ਹਾਂ ਦੇ ਮਨ ਵਿਚ ਬਹੁਤ ਚਿੰਤਾ ਹੋਈ। ਉਹ ਆਪਣੀ ਪੁੱਤਰੀ ਦੇ ਭਵਿੱਖ ਪ੍ਰਤੀ ਸੋਚਣ ਲੱਗ ਪਏ ਅਤੇ ਆਪਣੀ ਬੱਚੀ ਦੇ ਸਿੱਖੀ ਸਿੱਦਕ ਦੀ ਦ੍ਰਿੜ੍ਹਤਾ ਲਈ ਅਕਾਲ ਪੁਰਖ ਅੱਗੇ ਅਰਦਾਸਾਂ ਕਰਨ ਲੱਗੇ। ਬਾਬਾ ਆਕਲ ਜੀ ਨੇ ਆਪਣੀ ਬੇਟੀ ਨੂੰ ਜੋ ਸਿੱਖਿਆ ਦਿੱਤੀ ਉਸ ਦਾ ਜ਼ਿਕਰ ਕਰਦਿਆਂ ਭਾਈ ਸੰਤੋਖ ਸਿੰਘ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਲਿਖਦੇ ਹਨ ਕਿ:

*ਅਪਨ ਸੁਤਾ ਸੋਂ ਸਕਲ ਬਖਾਨੀ। ਤੁਵ ਸਸੁਰਾਰ ਅਹੈ ਸੁਲਤਾਨੀ।*

*ਤੈਂ ਨਹਿਂ ਮਾਨਹੁ, ਕਹਿਹਂ ਕਦਾਈ। ਸਤਿਗੁਰ ਕੋ ਮਾਨਹੁ ਮਨ ਲਾਈ।*

ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਨੇ ਇਸ ਬਾਰੇ 'ਸ੍ਰੀ ਖੜਗੇਸ਼ ਪ੍ਰਕਾਸ਼' ਵਿਚ ਲਿਖਿਆ ਹੈ ਕਿ:

*ਸਭ ਕੁਝ ਕਰੀਂ ਉਹਨਾਂ ਨਾਲ ਮਿਲਕੇ ਚਿੱਤ ਸਿਖੀਓਂ ਸਰਵਰੀ ਨਹਿਂ ਡੁਲਾਈਂ ਬੇਟੀ।*
*ਰੱਖੀਂ ਯਾਦ ਸਤਿਗੁਰੂ ਦੀ ਚਿੱਤ ਅੰਦਰ ਗੁਰਬਾਣੀ ਨ ਮਨੋਂ ਭੁਲਾਈਂ ਬੇਟੀ।*

ਨਿਸ਼ਚਿਤ ਮਿਤੀ 'ਤੇ ਬੀਬੀ ਸੂਰਤੀ ਜੀ ਦਾ ਵਿਆਹ ਤੁਕਲਾਣੀ ਦੇ ਵਸਨੀਕ ਭਾਈ ਸਾਧੂ ਜੀ ਨਾਲ ਹੋ ਗਿਆ। ਵਿਆਹ ਤੋਂ ਉਪਰੰਤ ਬੀਬੀ ਸੂਰਤੀ ਜੀ ਨੂੰ ਡੋਲੀ ਵਿਚ ਬਿਠਾ ਕੇ ਵੱਡੇ ਘਰ ਤੋਂ ਤੁਕਲਾਣੀ ਲਈ ਰਵਾਨਾ ਕੀਤਾ ਗਿਆ। ਜਾਂਦੇ ਸਮੇਂ ਜਦੋਂ ਡੋਲੀ ਡਰੌਲੀ ਪਿੰਡ ਪਾਸ ਪਹੁੰਚੀ ਤਾਂ ਬੀਬੀ ਸੂਰਤੀ ਜੀ ਦੇ ਕੰਨਾਂ ਵਿਚ ਕੀਰਤਨ ਦੀ ਮਿੱਠੀ ਅਵਾਜ਼ ਪਈ। ਬੀਬੀ ਸੂਰਤੀ ਜੀ ਨੇ ਕਹਾਰਾਂ ਨੂੰ ਇਸ ਬਾਰੇ ਪਤਾ ਕਰਨ ਲਈ ਕਿਹਾ ਤਾਂ ਪਤਾ ਲੱਗਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਡਰੌਲੀ ਆਪਣੇ ਸਾਂਢੂ ਭਾਈ ਸਾਂਈ ਦਾਸ ਜੀ ਪਾਸ ਆਏ ਹੋਏ ਹਨ ਤੇ ਉਨ੍ਹਾਂ ਨੇ ਇੱਥੇ ਦੀਵਾਨ ਲਗਾਇਆ ਹੋਇਆ ਹੈ, ਉੱਥੋਂ ਹੀ ਕੀਰਤਨ ਦੀ ਸੁਰੀਲੀ ਅਵਾਜ਼ ਆ ਰਹੀ ਹੈ। ਕੀਰਤਨ ਦੀ ਅਵਾਜ਼ ਸੁਣ ਕੇ ਬੀਬੀ ਸੂਰਤੀ ਜੀ ਦਾ ਮਨ ਗੁਰੂ-ਚਰਨਾਂ ਵਿਚ ਜੁੜ ਗਿਆ। ਬਰਾਤ ਥੋੜੀ ਅੱਗੇ ਜਾ ਚੁੱਕੀ ਸੀ। ਕਹਾਰ ਡੋਲੀ ਨੂੰ ਚੁੱਕੀ ਹੌਲੀ-ਹੌਲੀ ਅੱਗੇ ਵਧ ਰਹੇ ਸਨ। ਅਚਾਨਕ ਬੀਬੀ ਸੂਰਤੀ ਜੀ ਦੇ ਮਨ ਵਿਚ ਖਿਆਲ ਆਇਆ ਕਿ ਸਹੁਰੇ ਘਰ ਜਾ ਕੇ ਤਾਂ ਸਾਰਾ ਜੀਵਨ ਸਖੀ ਸਰਵਰੀਆਂ ਵਿਚ ਹੀ ਗੁਜ਼ਰਨਾ ਹੈ ਕਿਉਂ ਨਾ ਜਾਂਦੀ ਵਾਰੀ ਗੁਰੂ ਜੀ ਦੇ ਦਰਸ਼ਨ ਕਰਦੀ ਜਾਵਾਂ। ਉਸ ਨੇ ਕਹਾਰਾਂ ਨੂੰ ਡੋਲੀ ਰੋਕਣ ਲਈ ਕਿਹਾ ਅਤੇ ਗੁਰੂ ਜੀ ਦੇ ਦਰਸ਼ਨਾਂ ਨੂੰ ਲੈ ਜਾਣ ਦੀ ਬੇਨਤੀ ਕੀਤੀ, ਪਰ ਕਹਾਰਾਂ ਨੇ ਉਸ ਦੀ ਗੱਲ ਨਾ ਮੰਨੀ। ਜਦੋਂ ਉਸ ਨੇ ਦੇਖਿਆ ਕਿ ਕਹਾਰਾਂ ਨੇ ਮੰਨਣਾ ਨਹੀਂ ਤਾਂ ਉਸ ਨੇ ਆਪਣੇ ਕੰਗਣ ਉਤਾਰ ਕੇ ਕਹਾਰਾਂ ਨੂੰ ਦੇ ਦਿੱਤੇ ਅਤੇ ਕਹਾਰ ਲਾਲਚ ਵਿਚ ਆ ਕੇ ਬੀਬੀ ਸੂਰਤੀ ਜੀ ਨੂੰ ਗੁਰੂ ਜੀ ਦੇ ਦਰਬਾਰ ਵਿਚ ਲੈ ਜਾਣ ਲਈ ਮੰਨ ਗਏ। ਗਿਆਨੀ ਗਿਆਨ ਸਿੰਘ 'ਇਤਿਹਾਸ ਰਿਆਸਤ ਬਾਗੜੀਆਂ' ਵਿਚ ਇਸ ਘਟਨਾ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ:

*ਜੇਕਰ ਅਬ ਨਹਿ ਦਰਸ਼ਨ ਥੈਹੈਂ। ਨੈਨ ਐਨ ਬਿਨ ਚੈਨ ਤ੍ਰਸੈਹੈਂ।*
*ਜਬ ਉਨ ਕੋ ਪੇਖਯੋ ਢਿਲ ਕਰਤੈ। ਕੰਗਣ ਦਯੋ ਉਤਾਰ ਨਿਜ ਕਰਤੈ।*

ਬੀਬੀ ਸੂਰਤੀ ਜੀ ਡੋਲੀ ਵਿੱਚੋਂ ਉਤਰ ਕੇ ਉਸ ਸਥਾਨ 'ਤੇ ਪਹੁੰਚ ਗਈ ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਦੀਵਾਨ ਲੱਗਾ ਹੋਇਆ ਸੀ। ਉਹ ਦੀਵਾਨ ਵਿਚ ਜਾ ਕੇ ਗੁਰੂ ਜੀ ਨੂੰ ਨਮਸਕਾਰ ਕਰ ਕੇ ਨੇੜੇ ਹੀ ਬੈਠ ਗਈ। ਆਸਾ ਕੀ ਵਾਰ ਦਾ ਦੀਵਾਨ ਸਮਾਪਤ ਹੋਣ ਤੋਂ ਬਾਅਦ ਗੁਰੂ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਦੀਵਾਨ ਵਿਚ

ਬੈਠੀ ਨਵ-ਵਿਆਹੀ ਕੰਨਿਆ ਬਾਰੇ ਪੁੱਛਿਆ। ਭਾਈ ਬਿਧੀ ਚੰਦ ਜੀ ਨੇ ਦੱਸਿਆ ਕਿ ਇਹ ਤਾਂ ਗੁਰੂ-ਘਰ ਦੇ ਅਨਿਨ ਸੇਵਕ ਭਾਈ ਆਕਲ ਜੀ ਦੀ ਪੁੱਤਰੀ, ਗੁਰੂ-ਘਰ ਦੀ ਸ਼ਰਧਾਲੂ ਅਤੇ ਗੁਰਮਤਿ ਦੀ ਪੱਕੀ ਧਾਰਨੀ ਹੈ। ਇਸ ਘਟਨਾ ਦਾ ਜ਼ਿਕਰ 'ਗੁਰ ਬਿਲਾਸ ਪਾਤਸ਼ਾਹੀ ੬' ਵਿਚ ਕੀਤਾ ਗਿਆ ਹੈ:

*ਚੌਪਈ॥ਆਸਾ ਵਾਰ ਭੋਗ ਜਬ ਪਾਯੋ। ਸ੍ਰੀ ਗੁਰ ਬੀਬੀ ਓਰ ਦਿਖਾਯੋ।*
*ਬਿਧੀਏ ਕੋ ਅਸ ਕਹਾ ਸੁਨਾਈ। ਪੂਛੋ ਬੀਬੀ ਕਹ ਤੇ ਆਈ॥੯੧॥*
*ਬਿਧੀਏ ਪੂਛ ਕਹੀ ਤਿਨ ਬਾਤਾ। ਦਰਸ ਹੇਤਿ ਆਈ ਜਗਨਾਥਾ।*
*ਬਿਧੀਏ ਬਾਤ ਗੁਰੂ ਸੋਂ ਗਾਈ। ਹੇ ਪ੍ਰਭ ਤੁਮਰੋ ਸਿੱਖ ਬਸਾਈ॥੯੨॥*
*ਦੋਹਰਾ॥ਗ੍ਰਿਹ ਵੱਡੇ ਤਿਹ ਨਾਮੁ ਹੈ ਆਕਲ ਜਾਤਿ ਤਖਾਨ।*
*ਤਾ ਕੀ ਸੁਤਾ ਪਛਾਨੀਏ ਗੁਰ ਕ੍ਰਿਪਾ ਨਿਧਾਨ॥੯੩॥*

ਬੀਬੀ ਸੂਰਤੀ ਜੀ ਨਵ-ਵਿਆਹੀ ਵਹੁਟੀ ਵਾਲੇ ਕੱਪੜਿਆਂ ਵਿਚ ਗੁਰੂ ਜੀ ਪਾਸ ਪਹੁੰਚੀ ਅਤੇ ਪੇਕਿਓਂ ਜੋ ਮਠਿਆਈ ਨਾਲ ਲੈ ਕੇ ਸਹੁਰੇ ਜਾ ਰਹੀ ਸੀ ਉਹ ਗੁਰੂ ਜੀ ਨੂੰ ਅਰਪਨ ਕਰ ਕੇ ਮੱਥਾ ਟੇਕਿਆ। ਗੁਰੂ ਜੀ ਦੇ ਪੁੱਛਣ 'ਤੇ ਬੀਬੀ ਸੂਰਤੀ ਜੀ ਨੇ ਸਾਰੀ ਕਹਾਣੀ ਦੱਸ ਦਿੱਤੀ ਕਿ ਉਹ ਗੁਰਮਤਿ ਦੀ ਪੱਕੀ ਧਾਰਨੀ ਹੈ, ਪਰ ਉਸ ਦਾ ਸਹੁਰਾ ਪਰਵਾਰ ਸਖੀ ਸਰਵਰ ਦਾ ਭਗਤ ਹੈ। ਗੁਰੂ ਜੀ ਨੇ ਬੀਬੀ ਸੂਰਤੀ ਜੀ ਨੂੰ ਅਸ਼ੀਰਵਾਦ ਦਿੰਦਿਆਂ ਉਸ ਦੇ ਗੁਰਮਤਿ ਵਿਚ ਪੱਕਾ ਹੋਣ ਦੀ ਪ੍ਰਸ਼ੰਸਾ ਕੀਤੀ। ਭਾਈ ਸੰਤੋਖ ਸਿੰਘ ਇਸ ਗੱਲ ਦਾ ਜ਼ਿਕਰ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਕਰਦੇ ਹਨ:

*ਸੁਨਿ ਪ੍ਰਸੰਨ ਗੁਰ ਬਾਕ ਬਖਾਨਾ। ਨਵੋਂ ਲੇਖ ਲਿਖਿਬੋ ਤੁਵ ਠਾਨਾ।*
*ਪਿਤਾ ਤੋਹਿ ਸਿਖ, ਸੋ ਤੋ ਤਰਯੋ। ਘਰ ਸਸੁਰਾਰ ਕ੍ਰਿਤਾਰਥ ਕਰਯੋ।*
*ਸਿੱਖੀ ਦਾਨ ਦੀਨ ਹਮ ਤੋਹੀ। ਅਧਿਕ ਸਿੱਖ ਸੁਤ ਤੇਰੋ ਹੋਹੀ।*
*ਪਤਿ ਭੀ ਸਿੱਖ ਹੋਇ ਹੈ ਭਲੇ। ਗੁਰ ਸਿੱਖੀ ਕੇ ਮਾਰਗ ਚਲੇ।*

ਜਦੋਂ ਬੀਬੀ ਸੂਰਤੀ ਜੀ ਦੀ ਡੋਲੀ ਕਾਫੀ ਦੇਰ ਬਰਾਤ ਨਾਲ ਨਾ ਰਲੀ, ਤਾਂ ਬੀਬੀ ਜੀ ਦੇ ਸਹੁਰਾ ਸਾਦਾ ਜੀ ਅਤੇ ਪਤੀ ਭਾਈ ਸਾਧੂ ਜੀ ਵੀ ਭਾਲ ਕਰਦੇ ਗੁਰੂ-ਦਰਬਾਰ ਪਾਸ ਆ ਗਏ। ਦੋਵੇਂ ਪਿਉ-ਪੁੱਤਰ ਬਹੁਤ ਪ੍ਰੇਸ਼ਾਨ ਸਨ ਕਿ ਬੀਬੀ ਸੂਰਤੀ ਜੀ ਨੇ ਬੜੀ ਅਵੱਗਿਆ ਕੀਤੀ ਹੈ ਜਿਸ ਕਾਰਨ ਸਾਡੇ 'ਤੇ ਸਖੀ ਸਰਵਰ ਦਾ ਕਰੋਪ ਹੋ ਜਾਵੇਗਾ। ਸਾਦਾ ਜੀ ਨੇ ਆਪਣੇ ਪੁੱਤਰ ਸਾਧੂ ਜੀ ਨੂੰ ਤਾੜਨਾ ਕੀਤੀ ਕਿ ਉਹ ਆਪਣੀ ਪਤਨੀ ਨੂੰ ਲਿਆ ਕੇ ਸਮਝਾਵੇ। ਇਸ ਘਟਨਾ ਦਾ ਜ਼ਿਕਰ ਕਰਦਿਆਂ ਭਾਈ ਸੰਤੋਖ ਸਿੰਘ ਨੇ 'ਸ੍ਰੀ ਗੁਰ ਸੂਰਜ ਪ੍ਰਤਾਪ ਗ੍ਰੰਥ' ਵਿਚ ਲਿਖਿਆ ਹੈ:

*ਕਰਹਿ ਕੋਪ ਸਰਵਰ ਸੁਲਤਾਨ। ਗੁਰ ਕੋ ਨਾਮ ਨ ਭੂਲਿ ਬਖਾਨਿ।*
*ਜਾਹੁ ਤੁਰਤ ਡੋਰੀ ਲੈ ਆਵਹੁ। ਸਨੇ ਸਨੇ ਤਿਸ ਕਰੁ ਸਮਝਾਵਹੁ।*

ਭਾਈ ਸਾਧੂ ਜੀ ਆਪਣੀ ਪਤਨੀ ਨੂੰ ਲੈਣ ਲਈ ਗੁਰੂ-ਦਰਬਾਰ ਵਿਚ ਪਹੁੰਚ ਗਏ। ਬੀਬੀ ਸੂਰਤੀ ਜੀ ਗੁਰੂ ਜੀ ਦੇ ਚਰਨਾਂ ਵਿਚ ਬੈਠੀ ਗੁਰੂ ਜੀ ਤੋਂ ਬਖ਼ਸ਼ਿਸ਼ ਪ੍ਰਾਪਤ ਕਰ ਰਹੀ ਸੀ। ਜਦੋਂ ਭਾਈ ਸਾਧੂ ਜੀ ਨੇ ਦੇਖਿਆ ਤਾਂ ਉਹ ਗੁੱਸੇ ਵਿਚ ਆ ਗਏ ਅਤੇ ਬੀਬੀ ਸੂਰਤੀ ਜੀ ਨੂੰ ਮਾਰਨ ਲਈ ਤਲਵਾਰ ਮਿਆਨ ਵਿੱਚੋਂ ਕੱਢ ਲਈ। ਗਿਆਨੀ ਗਿਆਨ ਸਿੰਘ 'ਇਤਿਹਾਸ ਰਿਆਸਤ ਬਾਗੜੀਆਂ' ਵਿਚ ਇਸ ਘਟਨਾ ਬਾਰੇ ਲਿਖਿਆ ਹੈ:

*ਮਮ ਘਰ ਕਦ ਬਸਹੈ ਇਹੁ ਨਾਰੀ। ਤਾਂ ਤੇ ਅਬਹੀ ਚਾਹੀਏ ਮਾਰੀ।*
*ਖੈਂਚ ਖੜਗ ਅਤਿ ਕ੍ਰੋਧ ਬਢੈ ਕੈ। ਗਇਓ ਤਹਾਂ ਜਹਿ ਬੈਠੀ ਜੈ ਕੈ।*
*ਮਾਰਨ ਹਿਤ ਇਨ ਖੱਗ ਉਭਾਰਯੋ। ਰਹਿਓ ਉਤੈ ਹੀ ਬਲ ਕਰ ਹਾਰਯੋ।*

ਪਰੰਤੂ ਜਦੋਂ ਭਾਈ ਸਾਧੂ ਜੀ ਦੀ ਨਜ਼ਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਮਿਲੀ ਤਾਂ ਉਹ ਇੱਕਦਮ ਸ਼ਾਂਤ ਹੋ ਗਏ। ਇਸ ਬਾਰੇ ਭਾਈ ਸੰਤੋਖ ਸਿੰਘ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਲਿਖਿਆ ਹੈ:

*ਰਿਸ ਕਰਿ ਗਯੋ ਹਟਾਵਨ ਜੋਇ। ਗੁਰ ਦਰਸ਼ਨ ਤੇ ਸੀਤਲ ਹੋਇ।*

ਇਸ ਘਟਨਾ ਬਾਰੇ 'ਗੁਰ ਬਿਲਾਸ ਪਾਤਸ਼ਾਹੀ-੬' ਵਿਚ ਜ਼ਿਕਰ ਹੈ ਕਿ:

*ਜਬੈ ਦਰਸ ਗੁਰ ਕਾ ਕੀਯੋ ਸਾਧੂ ਮਨ ਰਿਸ ਜਾਇ।*
*ਤਜੀ ਮਯਾਨ ਮਨਿ ਸ਼ਾਂਤਿ ਧਰਿ ਪਦ ਪੰਕਜ ਲਪਟਾਇ।*

ਗੁਰੂ ਜੀ ਦੇ ਦਰਸ਼ਨਾਂ ਦਾ ਭਾਈ ਸਾਧੂ ਜੀ ਦੇ ਮਨ 'ਤੇ ਬਹੁਤ ਅਸਰ ਹੋਇਆ। ਗੁਰੂ ਜੀ ਦੇ ਬਚਨਾਂ ਨਾਲ ਉਨ੍ਹਾਂ ਦਾ ਜੀਵਨ ਹੀ ਬਦਲ ਗਿਆ। ਉਹ ਗੁਰੂ ਜੀ ਦੇ ਚਰਨਾਂ ਵਿਚ ਢਹਿ ਕੇ ਆਪਣੀ ਭੁੱਲ ਦਾ ਪਛਤਾਵਾ ਕਰਨ ਲੱਗੇ ਅਤੇ ਗੁਰੂ ਜੀ ਤੋਂ ਸਿੱਖੀ ਦੀ ਦਾਤ ਪ੍ਰਾਪਤ ਕਰਨ ਲਈ ਅਰਜੋਈ ਕਰਨ ਲੱਗੇ। ਗੁਰੂ ਜੀ ਨੇ ਭਾਈ ਸਾਧੂ ਜੀ ਨੂੰ ਸਿੱਖੀ ਦੀ ਦਾਤ ਬਖ਼ਸ਼ਿਸ਼ ਕਰ ਕੇ ਸਿੱਖ ਸਜਾ ਲਿਆ। ਭਾਈ ਸਾਧੂ ਜੀ ਜਦੋਂ ਆਪਣੀ ਪਤਨੀ ਨਾਲ ਪਿੰਡ ਤੁਕਲਾਣੀ ਪਹੁੰਚੇ ਤਾਂ ਉਨ੍ਹਾਂ ਨੇ ਉਸੇ ਰਾਤ ਸਖੀ ਸਰਵਰ ਦੀ ਕਬਰ ਢਾਹ ਦਿੱਤੀ। ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਨੇ ਇਸ ਬਾਰੇ 'ਸ੍ਰੀ ਖੜਗੇਸ਼ ਪ੍ਰਕਾਸ਼' ਵਿਚ ਲਿਖਿਆ ਹੈ:

*ਭਿੱਜੀ ਰਾਤ, ਹੋਈ ਚੁੱਪ ਚਾਪ ਸਾਰੇ ਫੇਰ ਉਠਿਆ ਵੇਲਾ ਤਕਾਇ ਰਾਤੀਂ।*
*ਚੁੱਪ ਕੀਤਾ ਹੀ ਘਰ ਤੋਂ ਨਿਕਲ ਗਿਆ ਕਹੀ ਮੋਢੇ ਦੇ ਉਤੇ ਰਖਾਇ ਰਾਤੀਂ।*
*ਉਹ ਪੀਰ ਦਾ ਥੜ੍ਹਾ ਕਰਤਾਰ ਸਿੰਘਾ ਢਾਹ ਸਾਧੂ ਨੇ ਕੀਤਾ ਸਫਾਇ ਰਾਤੀਂ।*

ਬੀਬੀ ਸੂਰਤੀ ਜੀ ਅਤੇ ਭਾਈ ਸਾਧੂ ਜੀ ਸਾਲ ਵਿਚ ਦੋ ਵਾਰ ਗੁਰੂ ਜੀ ਦੇ ਦਰਬਾਰ ਵਿਚ ਜਾਂਦੇ ਅਤੇ ਸੰਗਤ ਦੀ ਸੇਵਾ ਕਰ ਕੇ ਆਤਮਿਕ ਅਨੰਦ ਪ੍ਰਾਪਤ ਕਰਦੇ। ਇਨ੍ਹਾਂ ਦੇ ਘਰ ਇਕ ਸੁੰਦਰ ਬਾਲਕ ਨੇ ਜਨਮ ਲਿਆ। ਬੀਬੀ ਸੂਰਤੀ ਜੀ ਆਪਣੇ ਪਤੀ ਨਾਲ ਬੱਚੇ ਨੂੰ ਲੈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ

ਸ੍ਰੀ ਅੰਮ੍ਰਿਤਸਰ ਪਹੁੰਚੇ ਅਤੇ ਪੁੱਤਰ ਦੀ ਦਾਤ ਪ੍ਰਾਪਤ ਹੋਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਗੁਰੂ ਜੀ ਨੇ ਬੱਚੇ ਦੀ ਸੁੰਦਰਤਾ ਨੂੰ ਦੇਖਦੇ ਹੋਏ ਬੱਚੇ ਦਾ ਨਾਂ ਰੂਪ ਚੰਦ ਰੱਖਿਆ। ਬੱਚਾ ਵੀ ਆਪਣੇ ਮਾਤਾ ਪਿਤਾ ਨਾਲ ਗੁਰੂ-ਘਰ ਵਿਚ ਆਉਂਦਾ ਹੋਇਆ ਗੁਰਮਤਿ ਦਾ ਪ੍ਰਭਾਵ ਧਾਰਨ ਕਰਦਾ ਗਿਆ। ਇਹੋ ਰੂਪ ਚੰਦ ਵੱਡਾ ਹੋ ਕਿ ਗੁਰਮਤਿ ਦਾ ਬਹੁਤ ਵੱਡਾ ਪ੍ਰਚਾਰਕ ਬਣਿਆ ਅਤੇ ਗੁਰੂ ਜੀ ਤੋਂ 'ਭਾਈ' ਦੀ ਉਪਾਧੀ ਨਾਲ ਅਨੇਕਾਂ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਇਨ੍ਹਾਂ ਦੇ ਨਾਂ 'ਤੇ ਹੀ ਭਾਈ ਰੂਪਾ ਪਿੰਡ ਆਬਾਦ ਕਰਵਾਇਆ। ਗੁਰੂ ਜੀ ਨੇ ਭਾਈ ਰੂਪਾ ਚੰਦ ਜੀ ਨੂੰ ਇਕ ਖੰਡਾ ਅਤੇ ਲੰਗਰ ਵਰਤਾਉਣ ਲਈ ਇਕ ਕੜਛਾ ਬਖ਼ਸ਼ਿਸ਼ ਕੀਤਾ। ਇਹ ਦੋਵੇਂ ਨਿਸ਼ਾਨੀਆਂ ਅੱਜ ਵੀ ਇਨ੍ਹਾਂ ਦੇ ਵੰਸ਼ਜ਼ਾਂ ਪਾਸ ਪਿੰਡ ਬਾਗੜੀਆਂ ਵਿਖੇ ਬੜੇ ਸਤਿਕਾਰ ਨਾਲ ਸੰਭਾਲੀਆਂ ਹੋਈਆਂ ਹਨ। ਅੱਗੇ ਚੱਲ ਕੇ ਬੀਬੀ ਸੂਰਤੀ ਜੀ ਦੇ ਵੰਸ਼ਜ਼ਾਂ ਨੇ ਸਿੱਖੀ ਵਿਚ ਮਹਾਨ ਕਾਰਜ ਕੀਤੇ ਅਤੇ ਇਹੋ ਪਰਵਾਰ 'ਭਾਈ ਕਿਆਂ' ਦੇ ਨਾਂ ਨਾਲ ਪ੍ਰਸਿੱਧ ਹੋਏ। ਭਾਈ ਰੂਪ ਚੰਦ ਜੀ ਦੇ ਪੁੱਤਰ ਭਾਈ ਪਰਮ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਰਹਿ ਕੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਭਾਈ ਪਰਮ ਸਿੰਘ ਜੀ ਦਾ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਦਿਹਾਂਤ ਹੋ ਗਿਆ ਅਤੇ ਭਾਈ ਧਰਮ ਸਿੰਘ ਜੀ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਵਾਪਸ ਪਿੰਡ ਆ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਧਰਮ ਸਿੰਘ ਜੀ ਨੂੰ ਵਿਦਾ ਕਰਨ ਵੇਲੇ ਇਕ ਗੁਰਬਾਣੀ ਦੀ ਪੋਥੀ, ਇਕ ਕਿਰਪਾਨ, ਇਕ ਛੋਟੀ ਕਿਰਪਾਨ ਅਤੇ ਇਕ ਛੋਟਾ ਖੰਡਾ ਬਖ਼ਸ਼ਿਸ਼ ਕੀਤਾ। ਇਨ੍ਹਾਂ ਵਿੱਚੋਂ ਕਿਰਪਾਨ ਜੀਂਦ ਦੇ ਮਹਾਰਾਜੇ ਪਾਸ ਸੰਗਰੂਰ ਅਤੇ ਬਾਕੀਆਂ ਦੀਆਂ ਪਵਿੱਤਰ ਨਿਸ਼ਾਨੀਆਂ ਉਨ੍ਹਾਂ ਦੇ ਵਾਰਸਾਂ ਪਾਸ ਹਨ। ਭਾਈ ਰੂਪ ਚੰਦ ਜੀ ਸਾਵਣ ਵਦੀ ੧, ਸੰਮਤ ੧੭੬੬ ਬਿਕ੍ਰਮੀ ਨੂੰ ਸਵਰਗ ਸਿਧਾਰ ਗਏ। ਜਿੱਥੇ ਉਨ੍ਹਾਂ ਦਾ ਅੰਤਮ ਸਸਕਾਰ ਕੀਤਾ ਗਿਆ, ਉੱਥੇ 'ਭਾਈ ਕੀ ਸਮਾਧ' ਨਾਂ ਦਾ ਪਿੰਡ ਆਬਾਦ ਹੋ ਗਿਆ ਹੈ। ਅੱਜਕਲ ਬੀਬੀ ਸੂਰਤੀ ਜੀ ਅਤੇ ਭਾਈ ਰੂਪ ਚੰਦ ਜੀ ਦੇ ਵੰਸ਼ਜ਼ ਪਿੰਡ ਭਾਈ ਰੂਪਾ, ਭਾਈ ਕੀ ਸਮਾਧ, ਨੇਹੀਆਂਬਲਾ ਫੱਟੀ, ਭਾਈ ਕੀ ਬਾਗੜੀਆਂ, ਭਾਈ ਕਾ ਦਿਆਲਪੁਰਾ ਆਦਿ ਪਿੰਡਾਂ ਵਿਚ ਅਬਾਦ ਹਨ। ■

# ਰਾਮ ਕਹਨ ਮਹਿ ਭੇਦੁ ਹੈ. . .

*-ਡਾ. ਚਮਕੌਰ ਸਿੰਘ**

ਵੱਖ-ਵੱਖ ਕੋਸ਼ਾਂ ਵਿਚ 'ਰਾਮ' ਦੇ ਸ਼ਬਦੀ/ਸੰਕਲਪੀ ਅਰਥ ਇਸ ਤਰ੍ਹਾਂ ਦਿੱਤੇ ਗਏ ਹਨ: ਸਭ ਥਾਂ ਰਮਿਆ ਹੋਣ ਵਾਲਾ, ਰਮਣੀਕ, ਸੁਹਾਵਨਾ, ਅਨੰਦਦਾਇਕ, ਪ੍ਰਸੰਨਤਾਦਾਇਕ, ਸੁੰਦਰ, ਪ੍ਰਿਯ, ਮਨੋਹਰ ਆਦਿ। ਗੁਰਬਾਣੀ ਦੇ ਪਾਵਨ-ਪਾਠ ਦੇ ਪ੍ਰਕਰਨਾਂ ਵਿਚ 'ਰਾਮ' ਮੁੱਖ ਰੂਪ ਵਿਚ ਦੋ ਪ੍ਰਸੰਗਾਂ ਵਿਚ ਪੇਸ਼ ਹੋਇਆ ਹੈ। ਵਧੇਰੇ ਪ੍ਰਕਰਨਾਂ ਵਿਚ ਇਹ ਪਾਰਬ੍ਰਹਮ ਦੀ ਪਰਮਹਸਤੀ ਦੇ ਅਰਥਾਂ ਦਾ ਲਖਾਇਕ ਹੈ ਜਦਕਿ ਕੁਝ ਕੁ ਪ੍ਰਕਰਨਾਂ ਵਿਚ ਇਹ ਰਾਮਾਇਣ ਦੇ ਨਾਇਕ ਸ੍ਰੀ ਰਾਮਚੰਦਰ ਦੇ ਅਰਥਾਂ ਦਾ ਬੋਧ ਕਰਾਉਂਦਾ ਹੈ। 'ਪਾਰਬ੍ਰਹਮ' ਦੇ ਅਰਥ ਵਿਚ ਇਹ ਰਾਮ, ਘਟ-ਘਟ ਦਾ ਵਾਸੀ ਹੈ ਅਤੇ ਕਣ-ਕਣ ਵਿਚ ਰਮ ਰਿਹਾ ਹੈ:

*-ਅਸੁਰ ਸਘਾਰਣ ਰਾਮੁ ਹਮਾਰਾ॥ ਘਟਿ ਘਟਿ ਰਮਈਆ ਰਾਮੁ ਪਿਆਰਾ॥*
*ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੮)*

*-ਤਿਥੈ ਜੋਧ ਮਹਾਬਲ ਸੂਰ॥*
*ਤਿਨ ਮਹਿ ਰਾਮੁ ਰਹਿਆ ਭਰਪੂਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮)*
*-ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੩)*

ਗੁਰਬਾਣੀ-ਪਾਠ ਦੇ ਨਿਮਨਲਿਖਤ ਪ੍ਰਕਰਨਾਂ ਵਿਚ 'ਰਾਮ' ਸ਼ਬਦ ਅਜੁੱਧਿਆ ਦੇ ਰਾਜਾ ਰਾਮਚੰਦਰ ਦੇ ਅਰਥਾਂ ਦਾ ਲਖਾਇਕ ਹੈ ਜਿਸ ਨਾਲ ਰਾਮਾਇਣ-ਕਥਾ ਦੇ ਪ੍ਰਸੰਗਾਰਥੀ ਪਰਿਪੇਖ ਜੁੜੇ ਹੋਏ ਹਨ :

*-ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੩-੫੪)*

*-ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥*
*ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥*
*ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥*
*ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

**ਡਾਇਰੈਕਟਰ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ, ਪਟਿਆਲਾ-੧੪੭੦੦੨; ਮੋ. +੯੧੯੪੧੭੯-੩੫੪੭੪, ੮੭੭੭੦-੭੭੭੨੫*

ਇਹ 'ਰਾਮ' ਦੇ ਅਰਥਾਂ ਦਾ ਉਹ ਪ੍ਰਸੰਗ ਹੈ ਜੋ ਰਾਮਾਇਣ ਦੀ ਕਥਾ ਰਾਹੀਂ ਲੋਕਾਂ ਵਿਚ ਚਰਚਿਤ ਸੀ ਅਤੇ ਜਿਸ ਵਿਚ ਰਾਮ-ਕਥਾ ਨਾਲ ਸੰਬੰਧਿਤ ਕਮਜ਼ੋਰ ਪੇਸ਼ਕਾਰੀਆਂ ਵੀ ਸੁਭਾਵਕ ਰੂਪ ਵਿਚ ਲੋਕ-ਮਾਨਸਿਕਤਾ ਵਿਚ ਪ੍ਰਵੇਸ਼ ਹੋ ਰਹੀਆਂ ਸਨ।

ਗੁਰਬਾਣੀ ਪ੍ਰਵਚਨ ਵਿਚ ਧਰਮ-ਸ਼ਾਸਤਰੀ ਚਿਹਨ 'ਰਾਮ' ਪਰਮਹਸਤੀ ਲਈ ਪੇਸ਼ ਹੋ ਕੇ ਪਰਮਾਰਥੀ ਮਹਾਂਦ੍ਰਿਸ਼ਟੀ ਨਾਲ ਸੰਚਿਤ ਹੁੰਦਾ ਹੈ ਅਤੇ ਸਪੱਸ਼ਟ ਤੌਰ 'ਤੇ ਸ੍ਰੀ ਰਾਮਚੰਦਰ ਦੇ ਅਰਥਾਂ ਨਾਲੋਂ ਨਿੱਖੜ ਕੇ ਸਾਹਮਣੇ ਆਉਂਦਾ ਹੈ। ਪਵਿੱਤਰ ਬਾਣੀ ਦੇ ਕੁਝ ਪ੍ਰਕਰਨਾਂ ਵਿਚ ਦੇਹਧਾਰੀ ਰਾਮ ਨੂੰ ਬਹੁਵਚਨੀ ਪੇਸ਼ਕਾਰੀ ਅਤੇ ਨਿਰੰਕਾਰੀ ਰਾਮ ਨੂੰ ਇਕਵਚਨੀ ਪੇਸ਼ਕਾਰੀ ਦੁਆਰਾ ਵੀ ਵੱਖੋ-ਵੱਖਰੇ ਅਰਥ ਗ੍ਰਹਿਣ ਕਰਦੇ ਦੇਖਿਆ ਜਾ ਸਕਦਾ ਹੈ :

*-ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥ (ਬਹੁਵਚਨ)*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੪)*

*-ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ॥ (ਇਕਵਚਨ)*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੧)*

ਇਸੇ ਤਰ੍ਹਾਂ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਦੇ ਅੰਤਰਗਤ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਇਕ ਸਲੋਕ ਵਿਚ 'ਰਾਮ' ਦੇ ਦੋਨੋਂ ਅਰਥ ਵਿਵੇਕਸ਼ੀਲਤਾ ਨਾਲ ਨਿੱਖੜ/ਨਿੱਖਰ ਕੇ ਪੇਸ਼ ਹੁੰਦੇ ਹਨ। ਇਸ ਪ੍ਰਕਰਨ ਵਿਚ ਗੁਰੂ ਨਾਨਕ ਸਾਹਿਬ ਅੰਦਾਜ਼ ਵਿਚ ਫੁਰਮਾਉਂਦੇ ਹਨ ਕਿ ਸੀਤਾ ਲਛਮਣ ਦੇ ਵਿਜੋਗ ਵਿਚ ਝੂਰਦੇ ਹੋਏ ਸ੍ਰੀ ਰਾਮਚੰਦਰ ਨੇ ਹਨੂੰਮਾਨ ਦੇ ਸਹਿਯੋਗ ਨਾਲ ਜੋ ਕੁਝ ਵੀ ਕੀਤਾ, ਉਹ ਅਸਚਰਜ ਕਾਰਜ ਨਿਰੰਕਾਰੀ ਰਾਮ ਦੀ ਕਿਰਪਾ ਨਾਲ ਹੀ ਸੰਭਵ ਹੋਏ। ਇਸ ਨੂੰ ਬੇਸਮਝ ਰਾਵਣ ਵੀ ਨਹੀਂ ਸਮਝ ਸਕਿਆ ਕਿ ਬੇਪਰਵਾਹ ਨਿਰੰਕਾਰੀ ਰਾਮ ਦੀ ਕਰਣੀ ਨੂੰ ਮੇਟਿਆ ਨਹੀਂ ਜਾ ਸਕਦਾ :

*ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ ॥*
*ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ ॥*
*ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ ॥*
*ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਮਾਨਵੀ ਸਮਝ ਦੀ ਸਮਰੱਥਾ ਤੋਂ ਪਰੇ, ਜੁਗਾਂ-ਜੁਗਾਂਤਰਾਂ ਤੋਂ ਸਦੀਵੀ ਹੋਂਦ ਦੇ ਮਾਲਕ ਨਿਰੰਕਾਰੀ ਰਾਮ ਨੂੰ ਗੁਰਬਾਣੀ ਵਿਚ ਅੰਗ-ਸੰਗ ਵਰਤਦਾ ਅਤੇ ਸਨੇਹੀ ਹਸਤੀ ਵਜੋਂ ਪ੍ਰਕਾਸ਼ਤ ਕੀਤਾ ਗਿਆ ਹੈ :

*-ਓਹੁ ਆਦਿ ਜੁਗਾਦੀ ਰਾਮ ਸਨੇਹੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੭-੨੮)*

*-ਓਹੁ ਅਲਖੁ ਨ ਲਖੀਐ ਕਹਹੁ ਕਾਇ॥*
*ਗੁਰਿ ਸੰਗਿ ਦਿਖਾਇਓ ਰਾਮ ਰਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੭੦)*

'ਰਾਮ' ਦੇ ਉਕਤ ਦੋਨੋਂ ਅਰਥ-ਭੇਦ ਦਰਸਾਉਣ ਵਾਲੀ ਸੁਰ ਭਗਤ ਬਾਣੀ ਦੇ ਪ੍ਰਕਰਨਾਂ ਵਿਚ ਵੀ ਸਪੱਸ਼ਟ ਸੁਣਾਈ ਦਿੰਦੀ ਹੈ:

*ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥*
*ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥੧੯੦॥*
*ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥*
*ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ ॥੧੯੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੪)*

ਭਗਤ ਕਬੀਰ ਜੀ ਫਰਮਾਉਂਦੇ ਹਨ ਕਿ ਰਾਮ ਦਾ ਜਾਪ ਕਰਨ ਵਿਚ ਇਕ ਰਹੱਸ ਹੈ, ਵਿਚਾਰਨਯੋਗ ਨੁਕਤਾ ਹੈ ਕਿ ਇਹ ਸ਼ਬਦ, ਹਰ ਕੋਈ ਦਸਰਥ ਦੇ ਪੁੱਤਰ ਲਈ ਵੀ ਵਰਤਦਾ ਹੈ ਅਤੇ ਇਹੀ ਸ਼ਬਦ ਕੁਦਰਤ ਦੀਆਂ ਅਦਭੁੱਤ ਖੇਡਾਂ ਦੇ ਸਿਰਜਣਹਾਰ ਲਈ ਵੀ ਵਰਤਿਆ ਜਾਂਦਾ ਹੈ। ਹੇ ਕਬੀਰ! ਤੂੰ ਹਰ ਥਾਂ ਰਮੇ ਹੋਏ (ਰਮਣੀਕ) ਰਾਮ ਦਾ ਜਪ ਸਿਮਰਨ ਕਰ ਪਰੰਤੂ ਜਪਦੇ ਸਮੇਂ ਇਹ ਬਿਬੇਕੀ ਸਮਝ ਬਣਾਈ ਰੱਖ ਕਿ ਇਕ ਰਾਮ ਤਾਂ ਸਾਰੀਆਂ ਵੰਨਸੁਵੰਨਤਾਵਾਂ/ਸਿਰਜਣਾਵਾਂ (ਅਨੇਕਤਾਵਾਂ) ਵਿਚ ਵਿਆਪਕ ਹੈ ਜਦਕਿ ਦੂਜਾ (ਰਾਮਚੰਦ੍ਰ) ਕੇਵਲ ਆਪਣੇ ਆਪ ਤਕ ਸਮਾਇਆ/ਸੀਮਤ ਹੈ।

ਇਸ ਤਰ੍ਹਾਂ ਗੁਰਬਾਣੀ-ਪ੍ਰਵਚਨ ਵਿਚ ਨਿਰਗੁਣ, ਨਿਰੰਕਾਰੀ ਤੇ ਸਰਬ-ਵਿਆਪਕ ਪਾਰਬ੍ਰਹਮ ਦੇ ਨਿਰੂਪਣ ਦੀ ਪ੍ਰਕਿਰਿਆ ਦੌਰਾਨ ਵਿਸ਼ਨੂੰ ਦੀ ਅਵਤਾਰ-ਪੂਜਾ ਨਾਲ ਜੁੜਿਆ ਭਾਰਤੀ ਧਰਮ-ਸ਼ਾਸਤਰੀ ਚਿਹਨ 'ਰਾਮ', ਬਹੁਪ੍ਰਕਾਰੀ ਗੁਣਾਂ/ਸਿਫਤਾਂ ਨੂੰ ਗ੍ਰਹਿਣ ਕਰਦੇ ਹੋਏ ਪੁਨਰ-ਪਰਿਭਾਸ਼ਤ ਹੁੰਦਾ ਹੈ ਅਤੇ ਘਟ-ਘਟ ਵਾਸੀ, ਸਿਰਜਣਹਾਰ ਕਰਤਾਰ ਲਈ ਨਵੇਂ ਅਰਥਾਂ ਵਿਚ ਪੇਸ਼ ਹੁੰਦਾ ਹੈ। ਸੰਕਲਪੀ ਅਰਥਾਂ ਅਤੇ ਰਾਮਾਇਣ ਕਥਾ ਦੇ ਪ੍ਰਸੰਗਾਰਥੀ ਸੰਦਰਭ ਤੋਂ ਮੁਕਤ ਹੋ ਕੇ ਪਰਮਾਰਥੀ ਮਹਾਂਦ੍ਰਿਸ਼ਟੀ ਨਾਲ ਸ਼ਰਸਾਰ, ਪੁਨਰ-ਪੇਸ਼ਕਾਰੀ ਦੀ ਇਹ ਗੁਰ-ਪਰਗਾਸੀ ਪ੍ਰਕਿਰਿਆ, 'ਰਾਮ' ਸ਼ਬਦ ਨੂੰ ਉਚੇਰੇ, ਗੌਰਵਸ਼ਾਲੀ ਅਤੇ ਉਦਾਤ ਅਰਥ ਪ੍ਰਦਾਨ ਕਰਦੀ ਹੈ। ■

# ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ

*-ਗਿਆਨੀ ਟਿੱਕਾ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਕਾਸ਼ ਧਾਰਨ ਕਰ ਕੇ ਜਿੱਥੇ ਸੰਸਾਰ ਦੀ ਰੂੜੀਵਾਦੀ ਸੋਚ ਨੂੰ ਬਦਲ ਕੇ ਰੱਖ ਦਿੱਤਾ, ਉੱਥੇ ਨਾਲ ਹੀ ਵਿਦਵਤਾ ਦੇ ਮਿਆਰ ਨੂੰ ਵੀ ਬੇਹੱਦ ਉਚਾਈ 'ਤੇ ਲੈ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਗੁਣੀ, ਵਿਦਵਾਨ ਤੇ ਸੂਝਵਾਨ ਲੋਕਾਂ ਦੀ ਵੱਡੀ ਜਮਾਤ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੀ ਸੀ, ਜਿਨ੍ਹਾਂ ਵਿੱਚੋਂ ਬਵਿੰਜਾ ਕਵੀ ਮੁੱਖ ਰੂਪ ਵਿਚ ਜਾਣੇ ਜਾਂਦੇ ਹਨ। ਇੰਨਾ ਕਵੀਆਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਗੁਰੂ ਜੀ ਵੱਲੋਂ ਪੂਰਾ ਮਾਣ-ਸਤਿਕਾਰ ਪ੍ਰਾਪਤ ਹੁੰਦਾ ਸੀ।

ਗੁਰੂ ਜੀ ਦੀ ਚਲਾਈ ਹੋਈ ਇਸ ਪਰੰਪਰਾ ਨੂੰ ਗੁਣੀ ਸੱਜਣਾਂ ਵੱਲੋਂ ਜਾਰੀ ਰੱਖਿਆ ਗਿਆ ਹੈ। ਇਸੇ ਪ੍ਰਣਾਲੀ ਵਿਚ ਭਾਈ ਸੰਤੋਖ ਸਿੰਘ ਜੀ ਦਾ ਨਾਂ ਵਿਸ਼ੇਸ਼ ਸਥਾਨ ਰੱਖਦਾ ਹੈ। ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦਾ ਜੀਵਨ ਪਵਿੱਤਰ, ਆਦਰਸ਼ਕ ਅਤੇ ਦਿਆਲੂ ਤੇ ਕਾਵਿ-ਮਈ ਹੋਣ ਕਰਕੇ ਸਭ ਦੇ ਮਨ ਉੱਤੇ ਗਹਿਰੀ ਛਾਪ ਛੱਡਦਾ ਹੈ। ਕਵੀ ਜੀ ਦੀ ਵਿਦਵਤਾ ਦਾ ਇਹ ਪ੍ਰਮਾਣ ਹੈ ਕਿ ਅੱਜ ਵੀ ਉਨ੍ਹਾਂ ਦੁਆਰਾ ਲਿਖਿਆ ਇਤਿਹਾਸ ਇਕ ਵੱਡੀ ਮਿਸਾਲ ਰੱਖਦਾ ਹੈ। ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਵਿਖੇ ਇਕ ਇਤਿਹਾਸਿਕ ਕਸਬਾ 'ਨੂਰ ਦੀ ਸਰਾਂ' ਹੈ, ਜਿੱਥੇ ਸ਼ਹੀਦ ਬਾਬਾ ਬੋਤਾ ਸਿੰਘ ਜੀ ਅਤੇ ਸ਼ਹੀਦ ਬਾਬਾ ਗਰਜਾ ਸਿੰਘ ਜੀ ਦਾ ਸ਼ਹੀਦੀ ਅਸਥਾਨ ਹੈ। ਸਮੇਂ ਦੇ ਜਾਲਮ ਨਵਾਬ ਜਕਰੀਆ ਖਾਨ ਨੂੰ ਵਹਿਮ ਹੋ ਗਿਆ ਸੀ ਕਿ ਪੰਜਾਬ 'ਚੋਂ ਸਿੱਖ ਖ਼ਤਮ ਹੋ ਗਏ ਹਨ। ਉਸ ਨੇ ਇਸ ਗੱਲ ਦਾ ਢੰਡੋਰਾ ਪਿੱਟਵਾ ਦਿੱਤਾ। ਇਨ੍ਹਾਂ ਗੁਰੂ-ਪਿਆਰਿਆਂ ਨੇ ਜ਼ਕਰੀਆ ਖਾਨ ਦੇ ਮਨ ਦਾ ਵਹਿਮ ਕੱਢਦਿਆਂ ਹੋਇਆਂ ਪਹਿਲਾ ਸਿੱਖ ਰਾਜ ਕਾਇਮ ਕੀਤਾ। ਇਨ੍ਹਾਂ ਦੋਵਾਂ ਬਹਾਦਰ ਸੂਰਮਿਆਂ ਨੇ 'ਸ਼ਾਹੀ ਮਾਰਗ' ਉੱਪਰ ਕਰ ਲਗਾ ਕੇ ਹੁਕਮ ਕੀਤਾ :

*"ਚਿੱਠੀ ਲਿਖੈ ਯੌਂ ਸਿੰਘ ਬੋਤਾ, ਹਥ ਹੈ ਸੋਟਾ, ਵਿਚ ਰਾਹ ਖੜੋਤਾ।*
*ਆਨਾ ਲਾਯਾ ਗੱਡੇ ਨੂੰ ਤੇ ਪੈਸਾ ਲਾਯਾ ਖੋਤਾ,*
*ਆਖੋ ਭਾਬੀ ਖਾਨੋਂ ਨੂੰ ਯੌਂ ਆਖੈ ਸਿੰਘ ਬੋਤਾ ॥"*

*(ਸ੍ਰੀ ਗੁਰ ਪੰਥ ਪ੍ਰਕਾਸ਼)*

ਅਖੀਰ ਜ਼ਕਰੀਆ ਖਾਨ ਦੀ ਫੌਜ ਨੇ ਇਨ੍ਹਾਂ ਦੋਵੇਂ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ।

*#938, Model Colony, Yamuna Nagar, Haryana- 135001; M. 8054533288

ਜੇਕਰ ਇਸ ਤੋਂ ਪਹਿਲਾਂ ਦਾ ਸਮਾਂ ਵੇਖੀਏ ਤਾਂ ਇਸ ਥਾਂ ਦੇ ਹਾਕਮ ਅਮੀਰਦੀਨ ਨੇ ਗੁਰੂ-ਘਰ (ਸ੍ਰੀ ਦਰਬਾਰ ਸਾਹਿਬ ਤਰਨ ਤਾਰਨ) ਲਈ ਬਣਾਈਆਂ ਇੱਟਾਂ ਜਬਰਨ ਚੁਕਵਾ ਲਈਆਂ ਸਨ। ਜਿਸ ਤੋਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ ਸੀ ਕਿ ਇਹ ਇੱਟਾਂ ਸਾਡੇ ਸਿੱਖ ਵਾਪਸ ਲੈ ਕੇ ਆਉਣਗੇ ਤੇ ਸਰੋਵਰ ਦੀ ਸੰਪੂਰਨਤਾ ਹੋਵੇਗੀ। ਗੁਰੂ ਜੀ ਦਾ ਕੀਤਾ ਬਚਨ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਬੁੱਧ ਸਿੰਘ ਨੇ ਪੂਰਾ ਕੀਤਾ। ਇਹ ਇਤਿਹਾਸਿਕ ਘਟਨਾਵਾਂ ਸਾਡੇ ਪੰਥ ਦੀ ਬਹਾਦਰੀ ਦੇ ਉਹ ਸ੍ਰੋਤ ਹਨ ਜਿਨ੍ਹਾਂ ਨੂੰ ਯਾਦ ਕਰਦਿਆਂ ਸਾਡੇ ਮਨ ਅੰਦਰ ਕੌਮੀ ਜਜ਼ਬਾ ਹਰਿਆ-ਭਰਿਆ ਰਹਿੰਦਾ ਹੈ।

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਦਾ ਜਨਮ ਇਸੇ ਕਸਬੇ 'ਨੂਰ ਦੀ ਸਰਾਂ' (ਜੋ ਕਿ ਤਰਨ ਤਾਰਨ ਤੋਂ ਝਬਾਲ ਵਾਲੇ ਪਾਸੇ ਚਾਰ ਮੀਲ 'ਤੇ ਹੈ) ਵਿਖੇ ਹੋਇਆ। ਕਵੀ ਜੀ ਦੇ ਪਿਤਾ ਜੀ ਦਾ ਨਾਂ ਭਾਈ ਦੇਵਾ ਸਿੰਘ ਜੀ ਅਤੇ ਮਾਤਾ ਜੀ ਦਾ ਨਾਂ ਬੀਬੀ ਰਜਾਦੀ (ਰਾਜਦੇਈ) ਸੀ। ਮਾਤਾ-ਪਿਤਾ ਦੋਨੋਂ ਹੀ ਗੁਰੂ-ਘਰ ਦੇ ਅਥਾਹ ਸ਼ਰਧਾਲੂ ਸਨ। ਇਸ ਕਰਕੇ ਕਵੀ ਜੀ ਨੂੰ ਗੁਰਸਿੱਖੀ ਦੇ ਮੁਢਲੇ ਗੁਣ ਘਰ ਤੋਂ ਹੀ ਪ੍ਰਾਪਤ ਹੋਏ। ਭਾਈ ਦੇਵਾ ਸਿੰਘ ਜੀ ਜਿੱਥੇ ਆਪ ਸਦਾਚਾਰੀ ਗੁਣੀ ਸਨ, ਉੱਥੇ ਨਾਲ ਹੀ ਚੰਗੇ ਵਿਦਵਾਨ ਵੀ ਸੀ। ਪਿਤਾ ਨੇ ਬਾਲਕ ਸੰਤੋਖ ਸਿੰਘ ਨੂੰ ਬਚਪਨ ਤੋਂ ਹੀ ਗੁਰੂ-ਘਰ ਦੀਆਂ ਸਾਖੀਆਂ/ਕਥਾਵਾਂ ਆਦਿ ਸੁਣਾ ਕੇ ਸਿੱਖੀ ਦਾ ਬੀਜ ਬੋਅ ਦਿੱਤਾ ਸੀ। ਦੂਜੇ ਪਾਸੇ ਮਾਤਾ ਜੀ ਦੀ ਸਿੱਖਿਆ ਦਾ ਵੀ ਕਵੀ ਜੀ ਦੇ ਮਨ 'ਤੇ ਬੜਾ ਪ੍ਰਭਾਵ ਪਿਆ।

ਪਿਤਾ ਦੇਵਾ ਸਿੰਘ ਜੀ ਦੀ ਤੀਬਰ ਇੱਛਾ ਸੀ ਕਿ ਮੇਰਾ ਪੁੱਤਰ ਵਿਦਵਾਨ ਬਣੇ। ਇਸ ਸੋਚ ਨੂੰ ਮੁੱਖ ਰੱਖ ਕੇ ਪਿਤਾ ਜੀ ਨੇ ਬਾਲਕ ਸੰਤੋਖ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਭਾਈ ਸੰਤ ਸਿੰਘ ਜੀ ਕੋਲ ਪੜ੍ਹਨ ਲਗਾ ਦਿੱਤਾ। ਭਾਈ ਸੰਤ ਸਿੰਘ ਜੀ ਉਸ ਵੇਲੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਚੰਗੇ ਵਿਦਵਾਨ ਸੀ। ਕਵੀ ਜੀ ਨੇ ਆਪਣੀ ਅਰੰਭਿਕ ਵਿੱਦਿਆ ਗਿਆਨੀਆਂ ਦੇ ਬੁੰਗੇ ਵਿਚ ਪ੍ਰਾਪਤ ਕੀਤੀ।

ਕਵੀ ਜੀ ਕਿਸ਼ੋਰ ਅਵਸਥਾ ਵਿਚ ਇਸੇ ਬੁੰਗੇ ਵਿਚ ਰਹਿਣ ਲੱਗ ਪਏ। ਕਵੀ ਜੀ ਪੰਦਰ੍ਹਾਂ ਵਰ੍ਹੇ ਆਪਣੇ ਵਿੱਦਿਆ-ਦਾਤੇ ਦੇ ਬੁੰਗੇ ਵਿਚ ਰਹਿ ਕੇ ਉਨ੍ਹਾਂ ਪਾਸੋਂ ਵਿੱਦਿਆ ਹਾਸਲ ਕਰਦੇ ਰਹੇ।

ਕਸਬਾ 'ਨੂਰ ਦੀ ਸਰਾਂ' ਦੇ ਪੁਰਾਣੇ ਬਜ਼ੁਰਗਾਂ ਦੇ ਅਨੁਸਾਰ ਥੋੜੇ ਹੀ ਸਮੇਂ ਵਿਚ ਕਵੀ ਜੀ ਕਵਿਤਾ ਰਚਨ ਦੇ ਚੰਗੇ ਜਾਣੂ ਹੋ ਗਏ। ਜੇਕਰ ਕੋਈ ਵਿਅਕਤੀ ਕਵੀ ਜੀ ਨੂੰ ਕੋਈ ਘਟਨਾ ਦੱਸਦਾ ਤਾਂ ਕਵੀ ਜੀ ਝੱਟ ਹੀ ਉਸ ਨੂੰ ਛੰਦ, ਚੌਪਈ ਆਦਿ ਵਿਚ ਰਚ ਦਿੰਦੇ। ਸ੍ਰੀ ਅੰਮ੍ਰਿਤਸਰ ਵਿਚ ਰਹਿ ਕੇ ਹੀ ਕਵੀ ਜੀ ਨੇ ਹਿੰਦੀ, ਬ੍ਰਜ ਤੇ ਸੰਸਕ੍ਰਿਤ ਆਦਿ ਤੋਂ ਇਲਾਵਾ ਕਾਵਯ ਗਿਆਨ ਤੇ ਗੁਰੂ-ਘਰ ਦੀ ਵਿੱਦਿਆ ਪ੍ਰਾਪਤ ਕੀਤੀ। ਜਿੱਥੇ ਕਵੀ ਜੀ ਆਪ ਵਿੱਦਿਆ ਪੜ੍ਹਨ ਦੀ ਰੁਚੀ ਰੱਖਦੇ, ਉੱਥੇ ਨਾਲ ਹੀ ਹੋਰਨਾਂ

ਵਿਦਿਆਰਥੀਆਂ ਨੂੰ ਵੀ ਵਿੱਦਿਆ ਪੜ੍ਹਾਉਂਦੇ ਸੀ।

ਕਵੀ ਜੀ ਸੰਮਤ ੧੮੭੦ ਬਿਕ੍ਰਮੀ ਨੂੰ ਬੂੜੀਆ ਨਗਰ (ਹਰਿਆਣਾ ਪ੍ਰਾਂਤ) ਵਿਖੇ ਆ ਗਏ ਅਤੇ ੧੮੮੦ ਬਿਕ੍ਰਮੀ ਤਕ ਉਨ੍ਹਾਂ ਇੱਥੇ ਨਿਵਾਸ ਕੀਤਾ। ਕਵੀ ਜੀ ਨੇ ਬੂੜੀਆ ਨਗਰ ਦੀ ਧਰਤੀ ਨੂੰ ਆਪਣਾ ਘਰ ਦੱਸਿਆ ਹੈ :

*"ਤਿਹ ਤੀਰ ਬੂੜੀਆ ਨਗਰ ਇਕ, ਕਵਿ ਨਿਕੇਤ ਲਖੀਐ ਤਹਾਂ*
*ਕਰਿ ਗ੍ਰੰਥ ਸਮਾਪਤਿ ਕੋ ਭਲੇ ਗੁਰ ਜਸ ਜਿਸ ਪਹਿ ਸੁਰ ਮਹਾਂ।"*

*(ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ, ਉਤਰਾਰਧ, ਅਧਿ: ੫੭)*

ਬੂੜੀਏ ਆ ਕੇ ਕਵੀ ਜੀ ਨੇ ਆਪਣੀ ਕਲਮ ਦੁਆਰਾ ਦੋ ਗ੍ਰੰਥਾਂ ਦੀ ਰਚਨਾ ਕੀਤੀ। ਬੂੜੀਆ ਨਗਰ ਦਾ ਪ੍ਰਬੰਧ ਭੰਗੀ ਮਿਸਲ ਦੇ ਸਰਦਾਰਾਂ ਦੇ ਕੋਲ ਸੀ। ਇਸ ਨਗਰ ਤੋਂ ਕਵੀ ਜੀ ਨੂੰ ਬੜੀ ਸਹਾਇਤਾ ਪ੍ਰਾਪਤ ਹੋਈ। ਕਵੀ ਜੀ ਨੇ ਆਪਣਾ ਘਰ ਬੂੜੀਏ ਨਗਰ ਵਿਚ ਹੀ ਬਣਾ ਲਿਆ ਸੀ। ਕਵੀ ਜੀ ਨੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ' ਅਤੇ 'ਨਾਮ ਕੋਸ਼' ਨਾਮ ਦਾ ਗ੍ਰੰਥ ਬੂੜੀਏ ਨਗਰ ਵਿਚ ਅਰੰਭ ਕੀਤਾ। ਜਿਨ੍ਹਾਂ ਵਿੱਚੋਂ 'ਗੁਰੂ ਨਾਨਕ ਪ੍ਰਕਾਸ਼ ਗ੍ਰੰਥ' ਦੀ ਸੰਪੂਰਨਤਾ ਬੂੜੀਏ ਨਗਰ ਵਿਚ ਹੀ ਹੋਈ। ਕਵੀ ਜੀ ਨਾ-ਕੇਵਲ ਗ੍ਰੰਥਾਂ ਦੀ ਰਚਨਾ ਕਰਦੇ, ਸਗੋਂ ਸੰਗਤ ਵਿਚ ਇਸ ਗ੍ਰੰਥ ਦੀ ਕਥਾ ਵੀ ਕਰਦੇ, ਜਿਸ ਤੋਂ ਬਹੁਤ ਸਾਰੇ ਜਗਿਆਸੂ ਕਵੀ ਜੀ ਦਾ ਸਤਿਕਾਰ ਕਰਦੇ ਸੀ। ਕਵੀ ਜੀ ਦੀ ਰਚਨਾਵਾਂ ਕੇਵਲ ਵਿਦਵਤਾ ਦੇ ਨਾਲ ਹੀ ਨਹੀਂ ਭਰੀਆਂ, ਸਗੋਂ ਆਤਮਿਕ ਅਨੰਦ ਸਹਿਤ ਭਰਪੂਰ ਹਨ। ਕਵੀ ਜੀ ਆਪ ਵੀ ਗੁਰਬਾਣੀ ਦੇ ਅਥਾਹ ਪ੍ਰੇਮੀ, ਨਿਸ਼ਚੇ ਦੇ ਧਾਰਨੀ ਸੀ। ਕਵੀ ਜੀ ਆਪ ਅੰਮ੍ਰਿਤ ਵੇਲੇ ਉੱਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਸੀਸ ਨਿਵਾ ਕੇ ਭੋਰ ਹੋਣ ਤਕ ਗੁਰਬਾਣੀ ਦਾ ਅਭਿਆਸ ਨਿਰੰਤਰ ਕਰਦੇ। ਕਵੀ ਜੀ ਦੀ ਕਲਮ ਦੁਆਰਾ ਰਚਿਤ ਛੰਦ ਅੱਜ ਕਾਵਿ-ਸ਼ੈਲੀ ਅਤੇ ਗੁਰੂ-ਘਰ ਦੀ ਅਥਾਹ ਸ਼ਰਧਾ ਦੇ ਪ੍ਰਤੀਕ ਬਣੇ ਹੋਏ ਹਨ। ਕਵੀ ਜੀ ਨੇ ਗੁਰ-ਇਤਿਹਾਸ ਦੀ ਅਰੰਭਤਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਗ੍ਰੰਥ ਸਾਹਿਬ ਜੀ ਦੇ ਮੂਲ ਮੰਗਲਾਚਰਨ ਨੂੰ ਕੇਂਦਰਿਤ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮੂਲ ਮੰਗਲ "ੴ ਸਤਿਗੁਰ ਪ੍ਰਸਾਦਿ" ਅਤੇ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮੂਲ ਮੰਗਲ "ਵਾਹਿਗੁਰੂ ਜੀ ਕੀ ਫ਼ਤਹਿ" ਹੈ। ਕਵੀ ਜੀ ਨੇ ਦੋਵਾਂ ਮੰਗਲਾਚਰਨਾਂ ਨੂੰ ਇੱਕੋ ਹੀ ਲੜੀ ਵਿਚ ਪਰੋ ਦਿੱਤਾ ਹੈ:

*ਏਕੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ।*
*ਵਾਹਿਗੁਰੂ ਜੀ ਕੀ ਫਤੇ ਵਿਘਨ ਵਿਨਾਸ਼ਨ ਸੋਇ ॥*

*(ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ, ਪੂਰਬਾਰਧ)*

ਕਵੀ ਜੀ ਦੀ ਕਲਮ ਦੀ ਇਹ ਰਚਨਾ ਜਿੱਥੇ ਕਾਵਿ ਵਿੱਦਿਆ ਦੀ ਸ਼ਾਹਕਾਰ

ਹੈ, ਉੱਥੇ ਕਵੀ ਜੀ ਦੀ ਅਗੰਮੀ ਉਤਸ਼ਾਹ ਦੀ ਵੀ ਝਲਕ ਪਾਉਂਦੀ ਹੈ। ਕਵੀ ਜੀ ਨੇ ਆਪਣੀ ਕਿਸੇ ਵੀ ਰਚਨਾ ਵਿਚ ਆਪਣੀ ਕਲਾ ਦਾ ਅਹੰਕਾਰ ਨਹੀਂ ਪ੍ਰਗਟਾਇਆ, ਸਗੋਂ ਹਰੇਕ ਰਚਨਾ ਵਿਚ ਅਕਾਲ ਪੁਰਖ ਨੂੰ ਹੀ ਸਿਹਰਾ ਦਿੱਤਾ ਹੈ, ਜਿਸ ਤੋਂ ਕਵੀ ਜੀ ਦੀ ਨਿਰਮਾਣਤਾ ਦਾ ਪਤਾ ਚਲਦਾ ਹੈ। ਕਵੀ ਜੀ ਜਦੋਂ ਵੀ ਕਿਸੇ ਕਾਵਿ ਰਚਨਾ ਦੀ ਅਰੰਭਤਾ ਕਰਦੇ ਤਾਂ ਪਹਿਲਾਂ ਗੁਰੂ ਸਾਹਿਬਾਨ ਜਾਂ ਵਾਹਿਗੁਰੂ ਨੂੰ ਸਮਰਪਿਤ 'ਮੰਗਲਾਚਰਨ' ਕਰਦੇ। ਕਵੀ ਜੀ ਦਾ ਵਿਆਹ ਬੂੜੀਏ ਨਗਰ ਵਿਚ ਰਹਿਣ ਸਮੇਂ ਹੀ ਹੋਇਆ। ਕਵੀ ਜੀ ਦੀ ਧਰਮ ਸੁਪਤਨੀ ਦਾ ਨਾਮ ਬੀਬੀ ਰਾਮ ਕੌਰ ਸੀ, ਜੋ ਜਗਾਧਰੀ ਦੇ ਰਹਿਣ ਵਾਲੇ ਸੀ। ਕਵੀ ਜੀ ਦਾ ਗੋਤ ਕਰੀਰ ਅਤੇ ਬੀਬੀ ਰਾਮ ਕੌਰ ਜੀ ਦਾ ਗੋਤ ਰੁਹੀਲੇ ਸੀ। ਕਰੀਰ ਗੋਤ ਵਾਲੇ ਰੁਹੀਲੇ ਗੋਤ ਵਾਲਿਆਂ ਨਾਲ ਵਰਤਦੇ ਨਹੀਂ ਸੀ। ਕਵੀ ਜੀ ਨੇ ਇਹ ਅੜ ਤੋੜ ਕੇ ਇਸ ਗੋਤ ਦੀ ਬੀਬੀ ਰਾਮ ਕੌਰ ਜੀ ਨਾਲ ਵਿਆਹ ਕੀਤਾ। ਉਪਰੰਤ ਕਵੀ ਜੀ ਨੇ ਪਟਿਆਲੇ ਨਿਵਾਸ ਕੀਤਾ। ਕਵੀ ਜੀ ਦੇ ਵੰਸ਼ਜ ਪਟਿਆਲੇ ਰਹਿੰਦੇ ਹਨ। ਕਵੀ ਜੀ ਨੇ ਸੰਮਤ ੧੮੮੦-੧੮੮੬ ਦਾ ਸਮਾਂ ਬੇਰੁਜ਼ਗਾਰੀ ਭਰਿਆ ਬਤੀਤ ਕੀਤਾ। ਕਵੀ ਜੀ ਨੇ ਲਿਖਿਆ ਹੈ:

*ਪਰਾਲਬਧ ਕਰ ਕਿਤਿ ਕਿਤਿ ਰਹੇ।*
*ਚਿਤ ਮਹਿਂ ਗੁਰ ਜਸੁ ਰਚਿਬੋ ਚਹੇ।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੫)*

ਦੋ ਸਾਲ ਦਾ ਇਹ ਸਮਾਂ ਕਵੀ ਜੀ ਨੇ ਪਟਿਆਲੇ ਰਹਿ ਕੇ ਬਤੀਤ ਕੀਤਾ। ਭਾਵੇਂ ਕਵੀ ਜੀ ਨੂੰ ਬੇਰੁਜ਼ਗਾਰੀ ਦਾ ਹੀ ਸਾਹਮਣਾ ਕਰਨਾ ਪਿਆ, ਪਰ ਫਿਰ ਵੀ ਉਨ੍ਹਾਂ ਨੇ ਪਠਨ ਤੇ ਪਾਠਨ ਦਾ ਕਾਰਜ ਨਾ ਛੱਡਿਆ। ਕਵੀ ਜੀ ਆਪਣੇ ਜੀਵਨ ਵਿਚ ਵਿਦਿਆਰਥੀਆਂ ਨੂੰ ਵਿੱਦਿਆ ਦੀ ਦਾਤ ਵੀ ਦਿੰਦੇ ਰਹੇ।

ਕਵੀ ਜੀ ਦੀਆਂ ਰਚਨਾਵਾਂ ਦਾ ਜ਼ਿਕਰ ਵਿਦਵਾਨ ਲੋਕਾਂ ਤੋਂ ਰਾਜਸੀ ਲੋਕਾਂ ਤਕ ਪਹੁੰਚਦਿਆਂ ਸਮਾਂ ਨਾ ਲੱਗਿਆ। ਕੈਥਲ-ਪਤੀ ਮਹਾਰਾਜ ਉਦਯ ਸਿੰਘ ਨੇ ਕਵੀ ਜੀ ਦੀ ਵਡਿਆਈ ਸੁਣੀ ਤਾਂ ਪਟਿਆਲਾ-ਪਤੀ ਮਹਾਰਾਜ ਕਰਮ ਸਿੰਘ ਤੋਂ ਕਵੀ ਜੀ ਨੂੰ ਮੰਗ ਲਿਆ। ਪਟਿਆਲਾ-ਪਤੀ ਨੇ ਖੁਸ਼ੀ-ਖੁਸ਼ੀ ਕਵੀ ਜੀ ਨੂੰ ਕੈਥਲ ਭੇਜ ਦਿੱਤਾ:

*ਉਦਯ ਸਿੰਘ ਬਡ ਭੂਪ ਬਹਾਦੁਰ।*
*ਕਵਿ ਬੁਲਾਇ ਰਾਖਯੋ ਢਿਗ ਸਾਦਰ।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਕਵੀ ਜੀ ਨੂੰ ਕੈਥਲ ਵਿਚ ਬੜਾ ਸਤਿਕਾਰ ਮਿਲਿਆ। ਰਾਜਾ ਉਦਯ ਸਿੰਘ ਆਪ ਦੀ ਕਵਿਤਾ ਦੇ ਬੜੇ ਕਦਰਦਾਨ ਸੀ। ਉਨ੍ਹਾਂ ਪਾਸ ਪਹਿਲਾਂ ਵੀ ਬਹੁਤ ਵਿਦਵਾਨ ਲੋਕਾਂ ਦੀ ਜਮਾਤ ਰਹਿੰਦੀ ਸੀ। ਕਵੀ ਜੀ ਨੂੰ ਇਸ ਸਭਾ ਵਿਚ ਕਾਫੀ ਮੁਸ਼ਕਲਾਂ ਦਾ

ਸਾਹਮਣਾ ਕਰਨਾ ਪਿਆ। ਸਾਰੀ ਸਭਾ ਵਿਚ ਕਵੀ ਜੀ ਦੇ ਆਉਣ ਤੋਂ ਈਰਖਾ ਹੋਣ ਲੱਗੀ। ਭਰਥਰੀ ਜੀ ਨੇ ਕਿਹਾ ਹੈ: 'ਬੋਧਾਰੋ ਮਤਸਰ ਗ੍ਰਸਤਾ' (ਭਾਵ-ਵਿਦਵਾਨ ਹੰਕਾਰੀ ਹੋ ਚੁੱਕੇ ਹਨ)। ਪਰ ਕਵੀ ਜੀ ਦੀ ਕਾਬਲੀਅਤ ਦੇ ਸਾਹਮਣੇ ਈਰਖਾ ਕਰਨ ਵਾਲਿਆਂ ਨੂੰ ਝੁਕਣਾ ਪਿਆ। ਹੌਲੀ-ਹੌਲੀ ਸਾਰੀ ਸਭਾ ਆਪ ਦੀ ਕਾਬਲੀਅਤ ਨੂੰ ਸਲਾਹੁਣ ਲੱਗ ਪਈ।

ਕਵੀ ਜੀ ਨੇ ਕੈਥਲ ਰਹਿੰਦਿਆਂ ਚਾਰ ਗ੍ਰੰਥਾਂ ਦੀ ਰਚਨਾ ਕੀਤੀ:

੧. ਗਰਬ ਗੰਜਨੀ ਸਟੀਕ
੨. ਬਾਲਮੀਕੀ ਰਾਮਾਇਣ
੩. ਆਤਮ ਪੁਰਾਣ ਟੀਕਾ
੪. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਇਨ੍ਹਾਂ ਚਾਰ ਗ੍ਰੰਥਾਂ ਦੀ ਰਚਨਾ ਵੀ ਆਪਣੇ ਆਪ ਵਿਚ ਸ਼ਾਹਕਾਰ ਹੈ। ਇਨ੍ਹਾਂ ਗ੍ਰੰਥਾਂ ਵਿਚ ਸਾਹਿਤਕ ਭਾਵ, ਬ੍ਰਿਤਾਂਤਕ ਭਾਵ ਤੇ ਅਧਿਆਤਮਿਕ ਭਾਵ ਵੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਉੱਤਮ ਰਚਨਾ ਦੇ ਸਾਰੇ ਗੁਣ ਕਵੀ ਜੀ ਦੀਆਂ ਰਚਨਾਵਾਂ 'ਚ ਵੇਖੇ ਜਾ ਸਕਦੇ ਹਨ। ਕਵੀ ਜੀ ਨੇ ਇਤਿਹਾਸ ਲਿਖਣ ਸਮੇਂ ਬੇਅੰਤ ਔਕੜਾਂ ਝੱਲੀਆਂ, ਪਰ ਕਦੇ ਵੀ ਪਿਛਾਂਹ ਨਹੀਂ ਹਟੇ। ਅੰਤਿਮ ਸਮੇਂ ਤਕ ਕਵੀ ਜੀ ਕੈਥਲ ਹੀ ਰਹਿੰਦੇ ਰਹੇ। ਉਹ ਜਦੋਂ ਵੀ ਸ੍ਰੀ ਅੰਮ੍ਰਿਤਸਰ ਆਉਂਦੇ ਤਾਂ ਗਿਆਨੀਆਂ ਦੇ ਬੁੰਗੇ ਵਿਚ ਹੀ ਠਹਿਰਦੇ। ਕਵੀ ਜੀ ਨੇ ਕੈਥਲ ਵਿਚ ਹੀ ਆਪਣੀ ਜੀਵਨ ਯਾਤਰਾ ਸੰਮਤ ੧੯੦੦ ਵਿਚ ਪੂਰਨ ਕੀਤੀ। ਕਵੀ ਜੀ ਜਿੱਥੇ ਇਕ ਗੁਰਸਿੱਖ ਸਨ, ਉੱਥੇ ਉੱਤਮ ਕਿਰਦਾਰ ਦੇ ਮਾਲਕ, ਵਿਦਵਾਨ ਅਤੇ ਨਿਰਬਾਣ ਵੀ ਸਨ। ਕਵੀ ਜੀ ਨੇ ਗੁਰ-ਇਤਿਹਾਸ ਨੂੰ ਇਕ ਜਿਲਦ ਵਿਚ ਇਕੱਤਰ ਕਰਨ ਦੀ ਵੱਡੀ ਸੇਵਾ ਕੀਤੀ। ਵਰਤਮਾਨ ਸਮੇਂ ਵਿਚ ਕਵੀ ਜੀ ਦੁਆਰਾ ਰਚਿਤ ਇਤਿਹਾਸ ਦੀ ਕਥਾ ਹਰੇਕ ਇਤਿਹਾਸਿਕ ਗੁਰ-ਅਸਥਾਨ 'ਤੇ ਹੁੰਦੀ ਹੈ। ਸੂਝਵਾਨ, ਜਗਿਆਸੂ ਕਵੀ ਜੀ ਦੀ ਕਲਮ ਤੋਂ ਸੇਧ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਗੁਰੂ-ਪੰਥ ਵੱਲ ਪ੍ਰੇਰਿਤ ਕਰਦੇ ਹਨ। ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦਾ ਨਾਂ ਸਦਾ ਹੀ ਯਾਦ ਰੱਖਿਆ ਜਾਵੇਗਾ। ■

# ਮੇਰੇ ਹਿੱਸੇ ਦਾ ਡਾਕਟਰ ਹਰਿਭਜਨ ਸਿੰਘ

*-ਸ. ਜੈਤੇਗ ਸਿੰਘ ਅਨੰਤ**

ਡਾ. ਹਰਿਭਜਨ ਸਿੰਘ ਪੰਜਾਬੀ ਦੇ ਉੱਘੇ ਵਿਦਵਾਨ, ਚਿੰਤਕ, ਆਲੋਚਕ, ਅਨੁਵਾਦਕ ਅਤੇ ਸਫ਼ਲ ਅਧਿਆਪਕ ਸਨ। ਉਹ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਹ ਇਕ ਬਹੁਪੱਖੀ, ਬਹੁਰੰਗੀ, ਬਹੁਪਰਤੀ ਅਤੇ ਸਰਬ-ਕਲਾ ਸੰਪੰਨ ਅਕਾਦਮੀਸ਼ਨ, ਦਿੱਲੀ ਪੰਜਾਬੀ ਸਮੀਖਿਆ ਸਕੂਲ ਦੇ ਬਾਨੀ ਸਨ। ਉਹ ਇਕ ਪ੍ਰਤਿਭਾਸ਼ਾਲੀ, ਰੌਸ਼ਨ-ਮੀਨਾਰ ਤੇ ਧਰੂ ਤਾਰੇ ਵਾਂਗ ਕੌਮਾਂਤਰੀ ਗਗਨ ਉੱਪਰ ਸਦਾ ਚਮਕਦੇ ਰਹੇ। ਉਨ੍ਹਾਂ ਸਮੁੱਚਾ ਜੀਵਨ ਔਕੜਾਂ, ਮੁਸ਼ਕਲਾਂ ਤੇ ਦੁਸ਼ਵਾਰੀਆਂ ਨਾਲ ਜੂਝਦਿਆਂ ਹੰਢਾਇਆ। ਡਾਕਟਰ ਸਾਹਿਬ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਫ਼ਾਰਸੀ ਭਾਸ਼ਾਵਾਂ ਦੇ ਗਿਆਤਾ ਸਨ, ਜਿਨ੍ਹਾਂ ਨੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿਚ ੧੦੦ ਤੋਂ ਵੱਧ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਹਨ। ਡਾ. ਹਰਿਭਜਨ ਸਿੰਘ ਹੁਰਾਂ ਨੇ ਪੰਜਾਬੀ ਸਾਹਿਤ ਸਮੀਖਿਆ ਉੱਪਰ ਅਜਿਹੇ ਹਸਤਾਖਰ ਦਰਜ ਕੀਤੇ ਕਿ ਆਪ ਨੂੰ ਆਧੁਨਿਕ ਪੰਜਾਬੀ ਸਾਹਿਤ ਆਲੋਚਨਾ ਦਾ ਥੰਮ ਆਖਿਆ ਜਾਣ ਲੱਗਿਆ। ਆਧੁਨਿਕ ਪੰਜਾਬੀ ਚਿੰਤਨ ਉੱਪਰ ਉਨ੍ਹਾਂ ਅਮਿੱਟ ਛਾਪ ਛੱਡੀ ਹੈ।

ਡਾਕਟਰ ਸਾਹਿਬ ਦੇ ਨੇੜਿਓਂ ਦਰਸ਼ਨ ਕਰਨ ਦਾ ਸੁਭਾਗ ਮੈਨੂੰ ਪਹਿਲੀ ਵਾਰ ਸੰਨ ੧੯੮੨-੮੩ ਵਿਚ ਰਾਜ ਭਵਨ ਚੰਡੀਗੜ੍ਹ ਵਿਖੇ ਹਰਿਆਣਾ ਸਾਹਿਤ ਅਕੈਡਮੀ ਵੱਲੋਂ ਕਰਵਾਏ ਗਏ ਇਕ ਸਨਮਾਨ ਸਮਾਰੋਹ ਵਿਚ ਪ੍ਰਾਪਤ ਹੋਇਆ। ਇਸ ਸਮਾਗਮ ਵਿਚ ਉਨ੍ਹਾਂ ਦੇ ਜਿਗਰੀ ਦੋਸਤ ਕਰਤਾਰ ਸਿੰਘ ਸੁਮੇਰ ਨੂੰ ਹਰਿਆਣਾ ਸਾਹਿਤ ਅਕੈਡਮੀ ਵੱਲੋਂ ਸਨਮਾਨਿਤ ਕੀਤਾ ਜਾਣਾ ਸੀ। ਇਸ ਸਮਾਗਮ ਵਿਚ ਪ੍ਰਸਿੱਧ ਕਹਾਣੀਕਾਰ ਪ੍ਰਿੰਸੀਪਲ ਸੁਜਾਨ ਸਿੰਘ ਵੀ ਗੁਰਦਾਸਪੁਰ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਸਨ। ਉਹ ਵੀ ਸੁਮੇਰ ਸਾਹਿਬ ਦੇ ਗੂੜ੍ਹੇ ਮਿੱਤਰ ਸਨ। ਇਸ ਸਮਾਰੋਹ ਦੌਰਾਨ ਹੀ ਕਰਤਾਰ ਸਿੰਘ ਸੁਮੇਰ ਹੁਰਾਂ, ਡਾ. ਹਰਿਭਜਨ ਸਿੰਘ ਨਾਲ ਮੇਰੀ ਰਸਮੀ ਮੁਲਾਕਾਤ ਕਰਵਾਈ।

ਇਸ ਤੋਂ ਪਹਿਲਾਂ ਜਦੋਂ ਸੰਨ ੧੯੭੬ ਵਿਚ ਜਨਵਰੀ ਦੇ ਮਹੀਨੇ ਮੈਨੂੰ ਪੰਜਾਬੀ ਸਾਹਿਤ ਦੇ ਪਿਤਾਮਾ ਡਾ. ਮੋਹਨ ਸਿੰਘ ਦੀਵਾਨਾ ਨਾਲ ਇਕ ਇੰਟਰਵਿਊ ਕਰਨ ਦਾ ਮੌਕਾ ਮਿਲਿਆ ਤਾਂ ਮੈਂ ਉਨ੍ਹਾਂ ਪਾਸੋਂ ਉਨ੍ਹਾਂ ਦੇ ਅਜਿਹੇ ਵਿਦਿਆਰਥੀਆਂ ਬਾਰੇ ਜਾਣਨਾ ਚਾਹਿਆ ਜਿਨ੍ਹਾਂ ਆਪੋ- ਆਪਣੇ ਖੇਤਰ ਵਿਚ ਸਿਖਰਾਂ ਛੋਹੀਆਂ ਅਤੇ ਬੁਲੰਦੀਆਂ ਦਰਜ ਕੀਤੀਆਂ ਸਨ, ਤਾਂ ਉਨ੍ਹਾਂ ਸਭ ਤੋਂ ਪਹਿਲਾਂ ਨਾਟਕਕਾਰ ਡਾ. ਹਰਚਰਨ ਸਿੰਘ, ਫਿਰ ਡਾ. ਗੁਲਵੰਤ ਸਿੰਘ ਤੇ ਫਿਰ ਡਾ. ਹਰਿਭਜਨ ਸਿੰਘ ਦਾ ਜ਼ਿਕਰ ਕੀਤਾ ਅਤੇ ਇਨ੍ਹਾਂ ਦੀ ਜ਼ਿੰਦਗੀ ਦੇ ਕੁਝ ਬਹੁਤ ਹੀ ਦਿਲਚਸਪ ਰਾਜ ਮੇਰੇ ਨਾਲ ਸਾਂਝੇ ਕੀਤੇ।

ਪੰਜਾਬੀ ਆਧੁਨਿਕ ਕਵਿਤਾ ਦੇ ਮੋਢੀ ਡਾ. ਹਰਿਭਜਨ ਸਿੰਘ ਨਾਲ ਦੂਜੀ ਵਾਰੀ ਵਿਸ਼ੇਸ਼ ਮੁਲਕਾਤ 'ਕੇਸ਼ਵ ਬਿਲਡਿੰਗ' ਕਰਨਾਲ ਵਿਖੇ ਕਰਤਾਰ ਸਿੰਘ ਸੁਮੇਰ ਦੇ ਗ੍ਰਿਹ

*ਕੈਨੇਡਾ, (ਬੀ. ਸੀ.) ਸੰਪਰਕ: +੧੭੭੮-੩੮੫-੮੧੪੧*

ਵਿਖੇ ਹੋਈ। ਜਦੋਂ ਮੈਂ ਅਚਾਨਕ ਸੁਮੇਰ ਸਾਹਿਬ ਦੇ ਘਰ ਕਰਨਾਲ ਪੁੱਜਿਆ ਤਾਂ ਉਨ੍ਹਾਂ ਦੀ ਖੁਸ਼ੀ ਸੱਤਵੇਂ ਅਸਮਾਨ 'ਤੇ ਸੀ ਕਿਉਂਕਿ ਸ਼ਾਮ ਵੇਲੇ ਡਾ. ਹਰਿਭਜਨ ਸਿੰਘ ਵੀ ਦਿੱਲੀ ਤੋਂ ਪੁੱਜ ਰਹੇ ਸਨ। ਉਨ੍ਹਾਂ ਪਹਿਲਾਂ ਹੀ ਇਕ ਕਵੀ ਦਰਬਾਰ ਅਤੇ ਰੰਗਾਰੰਗ ਮਹਿਫ਼ਿਲ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਜਿਸ ਵਿਚ ਕਰਨਾਲ ਦੇ ਕੁਝ ਚੋਣਵੇਂ ਸ਼ਾਇਰਾਂ ਨੂੰ ਵੀ ਸੱਦਿਆ ਹੋਇਆ ਸੀ।

ਸ਼ਾਮ ਨੂੰ ਡਾ. ਹਰਿਭਜਨ ਸਿੰਘ ਅਤੇ ਉਨ੍ਹਾਂ ਦੀ ਰਹਿ ਚੁੱਕੀ ਵਿਦਿਆਰਥਣ ਡਾ. ਮਹਿੰਦਰ ਕੌਰ (ਗਿੱਲ) (ਜੋ ਮਾਤਾ ਸੁੰਦਰੀ ਕਾਲਜ ਦੇ ਪ੍ਰਿੰਸੀਪਲ ਸਨ) ਪੁੱਜ ਗਏ। ਇਸ ਛੋਟੀ ਜਿਹੀ ਮਹਿਫ਼ਿਲ ਵਿਚ ਡਾ. ਹਰਿਭਜਨ ਸਿੰਘ ਨੇ ਆਪਣੀ ਕਵਿਤਾ ਦੇ ਵੱਖ-ਵੱਖ ਰੰਗਾਂ ਨੂੰ ਬਿਖੇਰਿਆ ਜਿਸ ਦੀ ਉਹ ਮਿਸਾਲ ਸਨ। ਉਨ੍ਹਾਂ ਦੀ ਕਵਿਤਾ ਵਿਚ ਵਧੇਰੇ ੧੯੮੪ ਦਾ ਦਰਦ ਸੀ। ਜਿਸ ਢੰਗ ਨਾਲ ਉਹ ਆਪਣੇ ਤਰਕਸ਼ 'ਚੋਂ ਇਕ ਤੋਂ ਬਾਦ ਇਕ ਕਵਿਤਾ ਰੂਪੀ ਤੀਰ ਸਰੋਤਿਆਂ ਦੀ ਵੱਖੀ ਵਿਚ ਮਾਰਦੇ ਅਤੇ ਉਨ੍ਹਾਂ ਦੇ ਦਿਲਾਂ ਨੂੰ ਜਿੱਤਦੇ, ਉਹ ਇਕ ਨਿਵੇਕਲਾ ਹੀ ਨਜ਼ਾਰਾ ਸੀ। ਉਨ੍ਹਾਂ ਦੀ ਪੇਸ਼ਕਾਰੀ ਦਾ ਅੰਦਾਜ਼ ਵਿਲੱਖਣ ਸੀ। ਦੇਰ ਰਾਤ ਤਕ ਚੱਲੇ ਇਸ ਕਵੀ ਦਰਬਾਰ ਨੂੰ ਸਾਰਿਆਂ ਰਲ ਕੇ ਮਾਣਿਆ। ਡਾ. ਹਰਿਭਜਨ ਸਿੰਘ ਹੁਰਾਂ ਦੇ ਸਾਹਮਣੇ ਬੈਠ ਕੇ ਉਨ੍ਹਾਂ ਦੀ ਕਵਿਤਾ ਦਾ ਜੋ ਅਨੰਦ ਲਿਆ, ਉਹ ਮੇਰੀ ਜ਼ਿੰਦਗੀ ਦੀ ਅਭੁੱਲ ਯਾਦ ਹੈ।

ਡਾਕਟਰ ਸਾਹਿਬ ਨਾਲ ਮੇਰੀ ਅੰਤਿਮ ਮੁਲਾਕਾਤ ਸੰਨ ੧੯੯੬-੯੭ ਵਿਚ 'ਆਈਫੈਕਸ ਗੈਲਰੀ' ਨਵੀਂ ਦਿੱਲੀ ਵਿਖੇ ਹੋਈ ਸੀ, ਜਿੱਥੇ ਨਾਮਵਰ ਕਲਾ-ਪ੍ਰੇਮੀ, ਕਲਾ-ਹਿਤੈਸ਼ੀ ਐਚ. ਐਸ. ਹਿਤਕਾਰੀ ਨੇ ਫੁਲਕਾਰੀਆਂ ਤੇ ਬਾਗ਼ ਦੀ ਪ੍ਰਦਰਸ਼ਨੀ ਲਾਈ ਹੋਈ ਸੀ। ਉਦਘਾਟਨ ਉਸ ਸਮੇਂ ਦੇ ਕੇਂਦਰੀ ਵਜ਼ੀਰ ਬਲਵੰਤ ਸਿੰਘ ਰਾਮੂੰਵਾਲੀਆ ਨੇ ਕਰਨਾ ਸੀ। ਹਿਤਕਾਰੀ ਹੁਰਾਂ ਮੈਨੂੰ ਵੀ ਇਸ ਸਮਾਰੋਹ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। ਮੇਰੀ ਉਸ ਸਮੇਂ ਖ਼ੁਸ਼ੀ ਦੀ ਹੱਦ ਨਾ ਰਹੀ ਜਦੋਂ ਡਾ. ਹਰਿਭਜਨ ਸਿੰਘ ਹੁਰਾਂ ਦੇ ਦਰਸ਼ਨ-ਦੀਦਾਰ ਹੋਏ। ਸਮਾਗਮ ਸਮਾਪਤ ਹੋਣ ਬਾਅਦ ਅਸੀਂ ਗੱਲਾਂ-ਬਾਤਾਂ ਕਰਦੇ ਹੋਏ ਬਾਹਰ ਲਾਅਨ ਵਿਚ ਆ ਗਏ। ਮੈਂ ਉਨ੍ਹਾਂ ਦੇ ਚਾਰ ਪੰਜ ਰੰਗਦਾਰ ਪੋਰਟਰੇਟ ਖਿੱਚੇ। ਇਹ ਉਨ੍ਹਾਂ ਨਾਲ ਮੇਰੇ ਅੰਤਿਮ ਅਤੇ ਯਾਦਗਾਰੀ ਪਲ ਸਨ। ਅਸੀਂ ਪੰਜਾਬੀ ਸਾਹਿਤ ਦੇ ਹਵਾਲੇ ਨਾਲ ਕੁਝ ਗੱਲਾਂ ਕੀਤੀਆਂ।

ਡਾ. ਹਰਿਭਜਨ ਸਿੰਘ ਨੂੰ ਉਨ੍ਹਾਂ ਦੇ ਜੀਵਨ ਤੇ ਰਚਨਾ 'ਤੇ ਆਧਾਰਿਤ ਦੇਸ਼-ਵਿਦੇਸ਼ਾਂ ਵਿਚ ਅਨੇਕਾਂ ਮਹੱਤਵਪੂਰਨ ਤੇ ਵੱਕਾਰੀ ਅਵਾਰਡਾਂ ਅਤੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਪਹਿਲਾ ਪੰਜਾਬ ਸਟੇਟ ਅਵਾਰਡ ੧੯੬੩ ਵਿਚ 'ਰਿਗਬਾਣੀ' 'ਤੇ ਮਿਲਿਆ। ਸੰਨ ੧੯੬੯ ਵਿਚ ਸਾਹਿਤ ਅਕੈਡਮੀ ਨਵੀਂ ਦਿੱਲੀ ਵੱਲੋਂ ਉਨ੍ਹਾਂ ਦੀ ਪੁਸਤਕ 'ਨਾ ਧੁੱਪੇ ਨਾ ਛਾਵੇਂ' ਨੂੰ ਇਨਾਮ ਪ੍ਰਾਪਤ ਹੋਇਆ। ਇਸੇ ਤਰ੍ਹਾਂ ਪੰਜਾਬ ਸਟੇਟ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ 'ਅਲਫ਼ ਦੁਪਹਿਰ' ਸੰਨ ੧੯੭੫ ਵਿਚ ਅਤੇ ਸੰਨ ੧੯੮੦ ਵਿਚ ਆਪ ਜੀ ਦੀ ਬਹੁ-ਚਰਚਿਤ ਅਨੁਵਾਦਿਤ ਪੁਸਤਕ 'ਲੈਨਿਨ ਨੈਣ ਨਕਸ਼' ਨੂੰ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਹਾਸਲ ਹੋਇਆ। ਇਸੇ ਤਰ੍ਹਾਂ ੧੯੮੨ ਵਿਚ ਪੰਜਾਬ ਸਟੇਟ ਪੁਰਸਕਾਰ

ਪਤਰਾਂਜਲੀ, ਮੱਥਾ ਦੀਵੇ ਵਾਲਾ ਨੂੰ ਮਿਲਿਆ। ਗਿਆਨੀ ਗੁਰਮੁਖ ਸਿੰਘ ਪੁਰਸਕਾਰ 'ਅਲਵਿਦਾ ਤੋਂ ਪਹਿਲਾਂ' ਨੂੰ ੧੯੮੪ ਵਿਚ ਮਿਲਿਆ। ਸੰਨ ੧੯੮੫ 'ਚ ਦਿੱਲੀ ਯੂਨੀਵਰਸਿਟੀ ਵੱਲੋਂ ਆਪ ਨੂੰ "ਪ੍ਰੋਫ਼ੈਸਰ ਆਫ਼ ਐਮੇਰੀਟਸ" ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਸਾਹਿਤ ਅਕਾਦਮੀ ਵੱਲੋਂ ੧੯੮੬ ਵਿਚ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਦਿੱਤਾ ਗਿਆ। ਸੰਨ ੧੯੮੭ ਵਿਚ ਸ਼੍ਰੋਮਣੀ ਅੰਤਰ-ਰਾਸ਼ਟਰੀ ਸਾਹਿਤਕਾਰ ਪੁਰਸਕਾਰ ਮਿਲਿਆ। ਸੰਨ ੧੯੮੭ ਵਿਚ ਹੀ ਲਖਨਊ ਵਿਚ ਯੂ.ਪੀ. ਹਿੰਦੀ ਸੰਮੇਲਨ ਪੁਰਸਕਾਰ ਨਾਲ ਨਿਵਾਜਿਆ ਗਿਆ। ਸੰਨ ੧੯੮੮ ਵਿਚ ਮੱਧ ਪ੍ਰਦੇਸ਼ ਦਾ ਸਰਬਉੱਚ ਵੱਕਾਰੀ 'ਕਬੀਰ ਪੁਰਸਕਾਰ' ਮਿਲਿਆ। ਇਸੇ ਤਰ੍ਹਾਂ ਸੰਨ ੧੯੯੪ ਵਿਚ ਬਿਰਲਾ ਫਾਊਂਡੇਸ਼ਨ ਨਵੀਂ ਦਿੱਲੀ ਵੱਲੋਂ 'ਸਰਸਵਤੀ ਪੁਰਸਕਾਰ' ਪ੍ਰਦਾਨ ਕੀਤਾ ਗਿਆ। ਸੰਨ ੧੯੯੮ ਵਿਚ ਸਾਹਿਤ ਅਕੈਡਮੀ ਨਵੀਂ ਦਿੱਲੀ ਵੱਲੋਂ ਉਨ੍ਹਾਂ ਨੂੰ ਫੈਲੋਸ਼ਿਪ ਦਿੱਤੀ ਗਈ। ਡਾਕਟਰ ਸਾਹਿਬ ਪੰਜਾਬੀ ਦੇ ਉਨ੍ਹਾਂ ਗਿਣਤੀ ਦੇ ਅਦੀਬਾਂ ਵਿੱਚੋਂ ਇਕ ਸਨ ਜਿਨ੍ਹਾਂ ਦੀ ਝੋਲੀ ਵਿਚ ਦੇਸ਼ ਦੇ ਸਭ ਤੋਂ ਵੱਕਾਰੀ ਅਤੇ ਮਹੱਤਵਪੂਰਨ ਅਵਾਰਡ ਪਏ।

ਉਨ੍ਹਾਂ ਦੇ ਸਾਹਿਤਕ ਜੀਵਨ 'ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਡਾ. ਹਰਿਭਜਨ ਸਿੰਘ ਜਿੱਥੇ ਕਮਾਲ ਦੇ ਅਲਬੇਲੇ ਕਵੀ ਅਤੇ ਵੱਡੇ ਆਲੋਚਕ ਸਨ, ਉੱਥੇ ਉਹ ਇਕ ਹਰਮਨ-ਪਿਆਰੇ ਅਧਿਆਪਕ ਅਤੇ ਨਿਗਰਾਨ ਵੀ ਸਨ। ਉਨ੍ਹਾਂ ਦੇ ਵਰਸੋਏ ਵਿਦਿਆਰਥੀ ਵੀ ਮੂਹਰਲੀ ਕਤਾਰ ਦੇ ਵਿਦਵਾਨਾਂ ਵਿਚ ਅਤੇ ਉੱਚੀਆਂ ਪਦਵੀਆਂ ਚ ਸ਼ੁਮਾਰ ਦਿਖਾਈ ਦਿੰਦੇ ਹਨ। ਜਿਨ੍ਹਾਂ ਵਿੱਚੋਂ ਵਰਣਨਯੋਗ ਹਨ - ਡਾ. ਅਤਰ ਸਿੰਘ, ਡਾ. ਸਤਿੰਦਰ ਸਿੰਘ (ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਡਾ. ਤਰਲੋਕ ਸਿੰਘ ਕੰਵਰ, ਡਾ. ਆਤਮਜੀਤ ਸਿੰਘ, ਡਾ. ਮਹਿੰਦਰ ਕੌਰ ਗਿੱਲ (ਪ੍ਰਿੰਸੀਪਲ ਮਾਤਾ ਸੁੰਦਰੀ ਕਾਲਜ ਨਵੀ ਦਿੱਲੀ), ਡਾ. ਮਨਜੀਤ ਸਿੰਘ, ਡਾ. ਜਗਬੀਰ ਸਿੰਘ, ਡਾ. ਏ. ਐਸ. ਪੂਨੀ, ਡਾ. ਗੁਰਚਰਨ ਸਿੰਘ, ਡਾ. ਸਤਿੰਦਰ ਸਿੰਘ ਨੂਰ, ਡਾ. ਦਵਿੰਦਰ ਕੌਰ ਯੂ.ਕੇ., ਡਾ. ਓ.ਪੀ. ਕੋਹਲੀ (ਗਵਰਨਰ ਗੁਜਰਾਤ ਸਟੇਟ), ਡਾ. ਜਸਪਾਲ ਸਿੰਘ (ਸਾਬਕਾ ਰਾਜਦੂਤ ਅਤੇ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ)। ਉਨ੍ਹਾਂ ਦੀ ਨਿਗਰਾਨੀ ਹੇਠ ੩੦ ਤੋਂ ਵੱਧ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ, ਭਾਸ਼ਾਵਾਂ ਵਿਚ ਖੋਜ ਕਾਰਜ ਕਰ ਕੇ ਡਾਕਟਰੇਟ ਦੀਆਂ ਪਦਵੀਆਂ ਹਾਸਲ ਕੀਤੀਆਂ।

ਪੰਜਾਬੀ ਸਾਹਿਤ ਦੇ ਚਮਕਦੇ ਸਿਤਾਰੇ ਡਾ. ਹਰਿਭਜਨ ਸਿੰਘ ਭਾਵੇਂ ਸਰੀਰਿਕ ਪੱਖੋਂ ੨੧ ਅਕਤੂਬਰ, ੨੦੦੨ ਨੂੰ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ ਹਨ, ਪਰ ਉਨ੍ਹਾਂ ਪੰਜਾਬੀ ਸਾਹਿਤ ਨੂੰ ਜਿੰਨਾ ਮਾਲੋਮਾਲ ਕੀਤਾ ਹੈ, ਉਸ ਅਨੁਸਾਰ ਉਹ ਸਦੀਆਂ ਤੀਕ ਜਿਉਂਦੇ ਰਹਿਣਗੇ। ਉਨ੍ਹਾਂ ਦੀਆਂ ਪੁਸਤਕਾਂ, ਰਚਨਾਵਾਂ ਹਮੇਸ਼ਾ ਸਾਡਾ ਮਾਰਗ-ਦਰਸ਼ਨ ਕਰਦੀਆਂ ਰਹਿਣਗੀਆਂ ਅਤੇ ਸਾਡੇ ਅੰਗ-ਸੰਗ ਰਹਿ ਕੇ ਪ੍ਰੇਰਨਾ-ਸਰੋਤ ਬਣਦੀਆਂ ਰਹਿਣਗੀਆਂ।

ਕਿਸੇ ਸ਼ਾਇਰ ਨੇ ਕਿਹਾ ਹੈ :

*ਹਜਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ।*
*ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।*

■

# ਗੁਰਦੁਆਰਾ ਸ਼ਹੀਦ ਬੁੰਗਾ, ਬਰਜ਼ਲਾ-ਬਾਗਾਤ, ਸ੍ਰੀਨਗਰ

*-ਡਾ. ਜਸਬੀਰ ਸਿੰਘ ਸਰਨਾ**

ਗੁਰਦੁਆਰਾ ਸ਼ਹੀਦ ਬੁੰਗਾ, ਬਰਜ਼ਲਾ-ਬਾਗਾਤ, ਸ੍ਰੀਨਗਰ, ਕਸ਼ਮੀਰ ਵਿਖੇ ਸਥਿਤ ਹੈ। ਇਸ ਇਤਿਹਾਸਿਕ ਗੁਰਦੁਆਰਾ ਸਾਹਿਬ ਬਾਰੇ ਕੁਝ ਸੋਮਿਆਂ ਵਿਚ ਨਾ-ਮਾਤਰ ਜ਼ਿਕਰ ਆਇਆ ਹੈ। 'ਦੁੱਧ ਗੰਗਾ' ਨਦੀ ਦੇ ਕੰਢੇ ਡੋਗਰਾ ਫੌਜਾਂ ਹੱਥੋਂ ਕਸ਼ਮੀਰ ਤੇ ਪੰਜਾਬ ਦੇ ਸਿੱਖ ਫੌਜੀ ਮਾਰੇ ਗਏ ਸਨ। ੧੨ ਜੂਨ, ੧੮੪੧ ਈ. ਵਿਚ ਇੱਥੇ ਹੀ ਉਨ੍ਹਾਂ ਸਿੱਖ ਫੌਜੀਆਂ ਦਾ ਅੰਤਮ ਸਸਕਾਰ ਕੀਤਾ ਗਿਆ ਸੀ। ਉਨ੍ਹਾਂ ਸ਼ਹੀਦ ਫੌਜੀਆਂ ਦੀ ਯਾਦ ਵਿਚ ਹੀ 'ਸ਼ਹੀਦ ਬੁੰਗਾ' ਉਸਾਰਿਆ ਗਿਆ ਸੀ। ਇੱਥੇ ਤਕਰੀਬਨ ੬੦੦ ਸਿੱਖ ਫੌਜੀ ਸ਼ਹੀਦ ਹੋਏ ਸਨ। ੬੦੦ ਸਿੰਘਾਂ ਦੇ ਅੰਗੀਠੇ 'ਤੇ ਹੀ ਇੱਕ ਥੜ੍ਹਾ ਉਸਾਰਿਆ ਗਿਆ ਸੀ ਅਤੇ ਬਾਅਦ ਵਿਚ ਇਸੇ ਥਾਂ 'ਤੇ ਗੁਰਦੁਆਰਾ ਸ਼ਹੀਦ ਬੁੰਗਾ ਬਣਾਇਆ ਗਿਆ ਸੀ।

ਭਾਈ ਅਮੀਰ ਸਿੰਘ ਨੇ ਹੀ ਆਪਣੇ ਭਰਾਵਾਂ ਦੀ ਯਾਦਗਾਰ ਵਾਸਤੇ ਅੰਗੀਠੇ ਵਾਲੀ ਥਾਂ 'ਤੇ ਥੜ੍ਹਾ ਕਾਇਮ ਕੀਤਾ ਸੀ। ਭਾਈ ਅਮੀਰ ਸਿੰਘ ਇੱਥੇ ਹੀ ਸੇਵਾ ਕਰਦੇ ਰਹੇ। ਭਾਈ ਅਮੀਰ ਸਿੰਘ ਅਕਾਲੀ, ਸ਼ਹੀਦ ਸਿੰਘਾਂ ਵਿੱਚੋਂ ਸਨ ਜੋ ਕਿ ਪਿੰਡ ਖੁਸ਼ਿਆਲਪੁਰਾ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਦੇ ਰਹਿਣ ਵਾਲੇ ਸਨ। ਜਦੋਂ ਮਹਾਰਾਜਾ ਸ਼ੇਰ ਸਿੰਘ (ਸਪੁੱਤਰ ਮਹਾਰਾਜਾ ਰਣਜੀਤ ਸਿੰਘ) ਸ੍ਰੀਨਗਰ ਆਏ ਤਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ ਬਹੁਤ ਜ਼ਮੀਨ ਲਗਾਈ ਅਤੇ ਸੰਗਤ ਦੇ ਠਹਿਰਨ ਵਾਸਤੇ ਪੱਕੀਆਂ ਰਸਦਾਂ ਲਗਾਈਆਂ ਸਨ। ਬਾਅਦ ਵਿਚ ਡੋਗਰਾ ਮਹਾਰਾਜਾ ਗੁਲਾਬ ਸਿੰਘ ਨੇ ਸਾਰੀਆਂ ਜ਼ਮੀਨਾਂ, ਜਾਗੀਰਾਂ ਤੇ ਰਸਦਾਂ ਜ਼ਬਤ ਕਰ ਲਈਆਂ ਸਨ। ਭਾਈ ਨੱਥਾ ਸਿੰਘ ਦਾ ਜਨਮ ਭਾਈ ਅਮੀਰ ਸਿੰਘ ਦੇ ਘਰ ਇਸੇ ਥਾਂ 'ਤੇ ਹੋਇਆ ਸੀ। ਜਦੋਂ ਉਹ ਆਪਣੀ ਜਵਾਨੀ ਵਿਚ ਸਨ ਤਾਂ ਉਨ੍ਹਾਂ ਮਹਾਰਾਜਾ ਪ੍ਰਤਾਪ ਸਿੰਘ ਡੋਗਰਾ ਅੱਗੇ ਅਰਜ਼ ਕੀਤੀ ਕਿ ਸਾਡੇ ਸ਼ਹੀਦ ਗੰਜ ਨੂੰ ਇੰਨੀ ਜ਼ਮੀਨ ਤੇ ਰਸਦਾਂ ਮਿਲਦੀਆਂ ਸਨ ਜੋ ਜ਼ਬਤ ਪਈਆਂ ਹਨ ਤਾਂ ਫਿਰ ਡੋਗਰੇ ਮਹਾਰਾਜੇ ਨੇ ਉਸ ਸਾਰੀ ਜ਼ਮੀਨ ਬਦਲੇ ਕੁੱਲ ੬੪ ਕਨਾਲ ਜ਼ਮੀਨ ਸ਼ਹੀਦ ਗੰਜ ਗੁਰਦੁਆਰਾ ਸਾਹਿਬ ਨਾਲ ਲੱਗਾ ਦਿੱਤੀ ਸੀ। ਭਾਈ ਨੱਥਾ ਸਿੰਘ ਨੇ ੩੨ ਕਨਾਲ ਜ਼ਮੀਨ ਵਿਚ ਬਾਗ਼ ਲਗਾਇਆ ਸੀ ਜੋ ੧੯੩੨ ਈ. ਤਕ ਪੂਰੇ ਜੋਬਨ 'ਤੇ ਸੀ।

ਇਸ ਬਾਗ਼ ਵਿਚ ਭਾਈ ਨੱਥਾ ਸਿੰਘ ਨੇ ਆਪਣੇ ਹੱਥੀਂ ਅਖਰੋਟ, ਸੇਬ, ਨਾਖਾਂ, ਬੀਦਾਨਾ, ਲੂਚੇ, ਖਮਾਣੀਆਂ, ਅੰਗੂਰਾਂ ਦੀਆਂ ਵੇਲਾਂ ਅਤੇ ਤੂਤ ਆਦਿ ਦੇ ਦਰੱਖ਼ਤ

*Sant Niwas, Swaran Colony, Gole Gujral, Jammu-180002; M.09906566604

ਲਗਾਏ ਸਨ। ਇਸ ਗੁਰਦੁਆਰਾ ਸਾਹਿਬ ਦੇ ਦੱਖਣੀ ਸਿਰੇ ਵੱਲ ੩੧ ਕਨਾਲ ਜ਼ਮੀਨ ਸੀ ਜਿਸ 'ਤੇ ਵਾਹੀ ਕੀਤੀ ਜਾਂਦੀ ਸੀ। ਇਸ ਜ਼ਮੀਨ 'ਤੇ ੨ ਦਸੰਬਰ, ੧੯੯੬ ਈ. ਨੂੰ ੩੩ ਰੁਪਏ ਜ਼ਮੀਨ 'ਤੇ ਮਾਲੀਆ ਲੱਗਦਾ ਸੀ, ਜੋ ਜ਼ਮੀਨ ਮਾਫ਼ੀ ਸੀ। ਭਾਈ ਨੱਥਾ ਸਿੰਘ ਪੱਕੇ ਤੌਰ 'ਤੇ ਜਦੋਂ ਕੋਇਟੇ ਚਲੇ ਗਏ ਤਾਂ ਉਹ ਉਦੋਂ ਗੁਰਦੁਆਰਾ ਸਾਹਿਬ ਆਪਣੇ ਭਣਵੱਈਏ ਮਿਸਤਰੀ ਭਾਈ ਮੱਘਰ ਸਿੰਘ ਦੇ ਸਪੁਰਦ ਕਰ ਗਏ ਸਨ। ਗੁਰਦੁਆਰਾ ਸਾਹਿਬ ਭਾਈ ਨੱਥਾ ਸਿੰਘ ਨੇ ਬਣਾਇਆ ਸੀ ਜਿਸ ਵਿਚ ਮਿਸਤਰੀ ਭਾਈ ਮੱਘਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ-ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ ਸੀ। ੧੯੪੭ ਈ. ਤੋਂ ਪਹਿਲਾਂ ਇਹ ਗੁਰਦੁਆਰਾ ਸਾਹਿਬ ਕੱਚੇ ਕੋਠੇ ਦੀ ਤਰਜ਼ ਦਾ ਸੀ। ੧੯੩੨ ਈ. ਵਿਚ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਭਾਈ ਸਾਧੂ ਸਿੰਘ ਸੀ ਜਿਸ ਨੂੰ ਭਾਈ ਮੱਘਰ ਸਿੰਘ ਨੇ ਨੌਕਰੀ 'ਤੇ ਰੱਖਿਆ ਸੀ। ਬਾਗ਼ ਦੇ ਫ਼ਲਾਂ ਨੂੰ ਵੇਚ ਕੇ ਗੁਰਦੁਆਰਾ ਸਾਹਿਬ ਦੀ ਆਮਦਨ ਵਿਚ ਵਾਧਾ ਹੁੰਦਾ ਸੀ।

ਬਾਬਾ ਹਰਬੰਸ ਸਿੰਘ (ਕਾਰ-ਸੇਵਾ ਵਾਲਿਆਂ) ਨੇ ਸੰਗਤ ਦੇ ਸਹਿਯੋਗ ਨਾਲ ਸਫ਼ੈਦ ਸੰਗਮਰਮਰ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਉਸਾਰੀ ਹੈ, ਜਿਸ ਦੇ ਉੱਪਰ ਚਿੱਟੇ ਦੁੱਧ ਗੁੰਬਦ ਦੂਰੋਂ ਨਜ਼ਰੀਂ ਪੈਂਦੇ ਹਨ। ਲੰਗਰ ਹਾਲ ਵੀ ਤਿਆਰ ਹੋ ਚੁੱਕਾ ਹੈ। ਇੱਕ ਪਾਸੇ ਗੁਰਦੁਆਰਾ ਸਾਹਿਬ ਦੇ ਕੰਪਲੈੱਕਸ ਅੰਦਰ ਰਿਹਾਇਸ਼ੀ ਕਮਰੇ ਯਾਤਰੂਆਂ ਲਈ ਬਣੇ ਹਨ। ਗੁਰਦੁਆਰਾ ਸਾਹਿਬ ਦੇ ਕੰਪਲੈੱਕਸ ਅੰਦਰ ਹੀ ਇਕ ਵਿਸ਼ਾਲ ਲਾਇਬ੍ਰੇਰੀ ਹੈ। ਇਹ ਗੁਰਦੁਆਰਾ ਸਾਹਿਬ, ਗੁਰਦੁਆਰਾ ਪ੍ਰਬੰਧਕ ਕਮੇਟੀ (ਬਡਗਾਮ) ਦੀ ਨਿਗਰਾਨੀ ਹੇਠ ਆਉਂਦਾ ਹੈ।

ਸ੍ਰੋਤ ਪੁਸਤਕਾਂ


੧. *ਪੰਜਾਬੀ ਵਿਰਾਸਤ ਕੋਸ਼* : ਡਾ. ਜਸਬੀਰ ਸਿੰਘ (ਸਰਨਾ), ੨੦੧੩

੨. *ਗੁਰ ਤੀਰਥ ਸਾਈਕਲ ਯਾਤਰਾ* : ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, ੨੦੧੬

੩. *ਗੁਰਦੁਆਰਾ ਕੋਸ਼* : ਡਾ. ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ (ਬੇਦੀ), ੨੦੧੩

੪. *ਗੁਰਸ਼ਬਦ ਰਤਨਾਕਰ ਮਹਾਨ ਕੋਸ਼* : ਕਾਨ੍ਹ ਸਿੰਘ ਨਾਭਾ, ੧੯੯੦

੫. *The Sikh Reference Book (English) : Dr. Harjinder Singh Dilgeer, 1997.*


■

# ਅਕਾਲੀ ਅਖ਼ਬਾਰ : ਪਿਛੋਕੜ, ਸਥਾਪਨਾ ਅਤੇ ਉਦੇਸ਼

*-ਬੀਬੀ ਗੁਰਮੀਤ ਕੌਰ**

ਅਰੰਭਤਾ ਅਤੇ ਪਿਛੋਕੜ

ਕਿਸੇ ਵੀ ਲਹਿਰ ਦੀ ਸਫਲਤਾ ਲਈ ਉਸ ਦੇ ਆਪਣੇ ਅਖ਼ਬਾਰ ਹੋਣੇ ਜ਼ਰੂਰੀ ਹਨ ਜੋ ਕੌਮ ਨੂੰ ਪ੍ਰੇਰਿਤ ਕਰ ਸਕਨ। 'ਅਕਾਲੀ ਅਖ਼ਬਾਰ' ਇਕ ਅਜਿਹਾ ਅਖ਼ਬਾਰ ਸੀ ਜੋ ਇਕ ਸੁਹਿਰਦ ਪ੍ਰਚਾਰਕ ਵਜੋਂ ਘਰ-ਘਰ ਜਾ ਕੇ ਸੁੱਤੀ ਕੌਮ ਨੂੰ ਹਲੂਣਾ ਦੇ ਕੇ ਜਗਾਉਣ ਦਾ ਕੰਮ ਕਰਦਾ ਸੀ ਅਤੇ ਮੁਰਦਾ ਦਿਲਾਂ ਵਿਚ ਨਵੀਂ ਰੂਹ ਭਰਦਾ ਸੀ। 'ਅਕਾਲੀ ਅਖ਼ਬਾਰ' ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਿਤ ਕਰਨ ਅਤੇ ਪੰਥ ਨੂੰ ਜਥੇਬੰਦ ਕਰਨ ਵਿਚ ਵਡਮੁੱਲਾ ਯੋਗਦਾਨ ਰਿਹਾ ਹੈ। ਇਸ ਰਾਹੀਂ ਨਾ ਕੇਵਲ ਅਕਾਲੀ ਲਹਿਰ ਦੀ ਅਗਵਾਈ ਕੀਤੀ ਗਈ ਸਗੋਂ ਸਿੱਖ ਕੌਮ ਨੂੰ ਗੁਰਦੁਆਰਾ ਸੁਧਾਰ ਲਈ ਮਹੰਤ ਪ੍ਰਬੰਧ ਵਿਰੁੱਧ ਅਤੇ ਅਜ਼ਾਦੀ ਦੇ ਸੰਘਰਸ਼ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਵੀ ਉਤਸ਼ਾਹਿਤ ਕੀਤਾ। 'ਅਕਾਲੀ ਅਖ਼ਬਾਰ' ਗੁਰਦੁਆਰਾ ਸੁਧਾਰ ਲਹਿਰ ਵਿਚ ਪੰਥ ਨੂੰ ਜੁਝਾਰੂ ਵਜੋਂ ਅੱਗੇ ਵਧਾਉਣ ਵਾਲਾ ਅਤੇ ਕਾਮਯਾਬੀਆਂ ਕਰਵਾਉਣ ਵਾਲਾ ਅਖ਼ਬਾਰ ਸੀ। ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਨੂੰ ਦੁਬਾਰਾ ਉਸਾਰਨ ਵਿਚ, ਅਕਾਲੀ ਲਹਿਰ ਦੀ ਜ਼ਬਰਦਸਤ ਫਤਿਹ ਅਤੇ ਧਾਰਮਿਕ ਅਜ਼ਾਦੀ ਲਈ ਚੱਲ ਰਹੇ ਅੰਦੋਲਨ ਨੂੰ ਰਾਜਸੀ ਅੰਦੋਲਨ ਵਿਚ ਬਦਲਣ ਦਾ ਸਿਹਰਾ ਅਕਾਲੀ ਅਖ਼ਬਾਰ ਸਿਰ ਹੈ। 'ਅਕਾਲੀ ਅਖ਼ਬਾਰ' ਨੇ ਸਰਕਾਰ ਦੁਆਰਾ ਕੀਤੇ ਜਾਂਦੇ ਜ਼ੁਲਮਾਂ ਨੂੰ ਨੰਗਾ ਕਰ ਕੇ ਸਿੱਖ ਕੌਮ ਨੂੰ ਵਿਦੇਸ਼ੀ ਹਕੂਮਤ ਵਿਰੁੱਧ ਟੱਕਰ ਲੈਣ ਦੇ ਯੋਗ ਬਣਾਇਆ। ਉਪਰੋਕਤ ਮਨੋਰਥਾਂ ਨੂੰ ਪੂਰਾ ਕਰਨ ਲਈ ਹੀ 'ਅਕਾਲੀ ਅਖ਼ਬਾਰ' ਦਾ ਅਰੰਭ ਹੋਇਆ ਜੋ ਲੰਮਾ ਸਮਾਂ ਪੰਥ ਦੀ ਅਵਾਜ਼ ਬਣਿਆ ਰਿਹਾ। 'ਅਕਾਲੀ ਅਖ਼ਬਾਰ' ਤੋਂ ਪਹਿਲਾਂ ਸਿੱਖਾਂ ਨੂੰ ਕੌਮੀ ਘੋਲ ਲਈ ਪ੍ਰੇਰਿਤ ਕਰਨ ਲਈ ਆਪਣਾ ਕੋਈ ਵੀ ਰੋਜ਼ਾਨਾ ਅਖ਼ਬਾਰ ਨਹੀਂ ਸੀ। ਪੰਜਾਬੀ ਦਾ ਪਹਿਲਾ ਰੋਜ਼ਾਨਾ ਅਖ਼ਬਾਰ 'ਸ਼ਹੀਦ' ਸੰਨ ੧੯੧੪ ਈ. ਵਿਚ ਐਸ.ਐਸ. ਚਰਨ ਸਿੰਘ ਸ਼ਹੀਦ ਦੀ ਸੰਪਾਦਨਾ ਹੇਠ ਸ੍ਰੀ ਅੰਮ੍ਰਿਤਸਰ ਤੋਂ ਜਾਰੀ ਹੋਇਆ, ਪਰ ਜਲਦ ਹੀ ਇਹ ਬੰਦ ਹੋ ਗਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਕਾਲੀ ਦਾ ਅਰਥ ਹੈ— "ਅਕਾਲ ਨਾਲ ਹੈ ਜਿਸ ਦਾ ਸੰਬੰਧ। ੨. ਸੰਗਯਾ ਅਕਾਲ ਉਪਾਸਕ, ਵਾਹਿਗੁਰੂ ਜੀ ਕਾ ਖ਼ਾਲਸਾ ਵੀ ਅਕਾਲੀ ਦੇ ਅਰਥ ਹਨ।" ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਕਾਲੀ ਫੂਲਾ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ

**ਸਹਾਇਕ ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੧੯੫੮-੧੦੧੦੬*

ਸਾਹਿਬ ਦਾ ਜਥੇਦਾਰ ਥਾਪਿਆ ਗਿਆ ਤਾਂ ਉਹ ਅਕਾਲੀ ਅਖਵਾਏ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅਤੇ ਪ੍ਰੋ. ਨਿਰੰਜਨ ਸਿੰਘ ਨੇ ਅਕਾਲੀ ਫੂਲਾ ਸਿੰਘ ਜੀ ਦੀ ਕੁਰਬਾਨੀ, ਨਿਡਰਤਾ, ਸੂਰਬੀਰਤਾ ਅਤੇ ਨਿਰਭੈਤਾ ਨੂੰ ਅਖ਼ਬਾਰ ਰਾਹੀਂ ਸਿੱਖ ਕੌਮ ਵਿਚ ਭਰਨ ਲਈ ਇਸ ਦਾ ਨਾਮ ਅਕਾਲੀ ਤਜਵੀਜ਼ ਕੀਤਾ। ਉਨ੍ਹਾਂ ਦਿਨਾਂ ਵਿਚ ਸਿਰ-ਕੱਢਵੇਂ ਸੇਵਕਾਂ ਦਾ ਇਕ ਗਰੁੱਪ ਬਣਿਆ ਸੀ ਜਿਸ ਨੂੰ 'ਲਾਇਲਪੁਰੀ ਗਰੁੱਪ' ਕਿਹਾ ਜਾਂਦਾ ਸੀ। ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਵਾਉਣ ਲਈ ਇਸ ਗਰੁੱਪ ਦੁਆਰਾ ਗੁਪਤ ਮੀਟਿੰਗਾਂ ਕੀਤੀਆਂ ਜਾਂਦੀਆਂ ਸਨ। ਇਸ ਗਰੁੱਪ ਨੇ ਪ੍ਰੋ. ਨਿਰੰਜਨ ਸਿੰਘ ਦੇ ਘਰ ਰੋਜ਼ਾਨਾ ਅਖ਼ਬਾਰ ਕੱਢਣ ਲਈ ਦੋ ਅਹਿਮ ਮੀਟਿੰਗਾਂ ਕੀਤੀਆਂ, ਇਕ ਦੀਵਾਲੀ 'ਤੇ ਅਤੇ ਦੂਸਰੀ ਕਾਂਗਰਸ ਦੇ ਸਮਾਗਮ ਦੌਰਾਨ। ਇਨ੍ਹਾਂ ਮੀਟਿੰਗਾਂ ਦੌਰਾਨ ਹੀ ਇਸ ਗਰੁੱਪ ਦੁਆਰਾ ਦੋ ਅਹਿਮ ਫੈਸਲੇ ਲਏ ਗਏ— "ਪਹਿਲਾ ਇਹ ਕਿ ਲਾਹੌਰ ਵਿਚ ਇਕ ਸਿੱਖ ਕਾਲਜ ਖੋਲਿਆ ਜਾਵੇ, ਜਿਸ ਦਾ ਵਾਯੂ ਮੰਡਲ ਦੇਸ਼-ਭਗਤੀ ਵਾਲਾ ਹੋਵੇ ਅਤੇ ਦੂਜਾ ਇਹ ਕਿ ਲਾਹੌਰ ਹੀ ਇਕ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ ਕੱਢਿਆ ਜਾਵੇ ਜਿਹੜਾ ਸਿੱਖਾਂ ਵਿਚ ਦੇਸ਼ ਅਜ਼ਾਦੀ ਦਾ ਪ੍ਰਚਾਰ ਕਰੇ।"[੧] ਲਾਇਲਪੁਰੀ ਗਰੁੱਪ ਨੇ ਅਕਾਲੀ ਲਹਿਰ ਅਤੇ 'ਅਕਾਲੀ ਅਖ਼ਬਾਰ' ਨੂੰ ਚਲਾਉਣ ਵਿਚ ਅਹਿਮ ਭੂਮਿਕਾ ਨਿਭਾਈ। ਜਦੋਂ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਵਾਪਰਿਆ ਤਾਂ ਉਨ੍ਹਾਂ ਦਿਨਾਂ ਵਿਚ ਪੰਡਤ ਮਦਨ ਮੋਹਨ ਮਾਲਵੀਆ ਲਾਹੌਰ ਵਿਚ ਮੌਜੂਦ ਸਨ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਲਾਹੌਰ ਦੇ ਕੁਝ ਪਤਵੰਤੇ ਸਿੱਖਾਂ ਨੂੰ ਨਾਲ ਲੈ ਕੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲੇ ਅਤੇ ਆਪਣਾ ਉਦੇਸ਼ ਦੱਸਿਆ ਕਿ ਅਸੀਂ ਅਜ਼ਾਦੀ ਦਾ ਪ੍ਰਚਾਰ ਕਰਨ ਲਈ ਪੰਜਾਬੀ ਵਿਚ ਰੋਜ਼ਾਨਾ ਅਖ਼ਬਾਰ ਕੱਢਣ ਜਾ ਰਹੇ ਹਾਂ। ਪੰਡਤ ਜਵਾਹਰ ਲਾਲ ਨਹਿਰੂ ਇਹ ਗੱਲ ਸੁਣ ਪ੍ਰਸੰਨ ਹੋਏ ਅਤੇ ਉਨ੍ਹਾਂ ਮਾਲੀ ਸਹਾਇਤਾ ਕਰਨ ਦੀ ਜ਼ਿੰਮੇਵਾਰੀ ਲਈ ਅਤੇ ਕਿਹਾ ਤੁਸੀਂ ਅਖ਼ਬਾਰ ਕੱਢੋ ਪਰ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਕਿਹਾ ਕਿ ਅਸੀਂ ਬਿਨਾਂ ਬਾਹਰਲੀ ਸਹਾਇਤਾ ਤੋਂ ਅਖ਼ਬਾਰ ਚਲਾਵਾਂਗੇ।

ਜਦੋਂ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਜੀ ਮਾਰਸ਼ਲ ਲਾਅ ਦੀ ਕੈਦ ਵਿੱਚੋਂ ਰਿਹਾਅ ਹੋਏ ਤਾਂ ਉਹ ਗਿਆਨੀ ਹੀਰਾ ਸਿੰਘ ਦਰਦ ਨੂੰ ਮਿਲਣ ਰਾਵਲਪਿੰਡੀ ਗਏ। ਉਸ ਸਮੇਂ ਉਹ ਸੁਜਾਨ ਸਿੰਘ ਦੇ ਬਾਗ਼ ਦੇ ਗੁਰਦੁਆਰੇ ਦੇ ਚੁਬਾਰੇ ਵਿਚ ਗਿਆਨੀ ਦੀ ਕਲਾਸ ਨੂੰ ਪੜ੍ਹਾਇਆ ਕਰਦੇ ਸਨ। ਮਾਸਟਰ ਜੀ ਬੋਲੇ-"ਗਿਆਨੀ ਜੀ! ਮੈਂ ਤਹਾਨੂੰ ਲੈਣ ਆਇਆ ਹਾਂ, ਘਰ-ਬਾਰ, ਬਾਲ-ਬੱਚੇ ਸਭ ਰੱਬ ਦੇ ਹਵਾਲੇ ਛੱਡ ਕੇ ਹੁਣ ਮੇਰੇ ਨਾਲ ਚੱਲਣ ਲਈ ਤਿਆਰ ਹੋ ਜਾਵੋ। ਸਿੱਖ ਆਗੂਆਂ, ਗੁਰਦੁਆਰਿਆਂ ਦੇ ਮਹੰਤਾਂ ਤੇ ਰਾਜਿਆਂ ਨੇ ਅੰਗਰੇਜ਼ੀ ਰਾਜ ਦੀ ਵਫ਼ਾਦਾਰੀ ਤੇ ਰਾਜ ਭਗਤੀ ਨੂੰ ਧਰਮ ਬਣਾ ਕੇ ਸਿੱਖ ਕੌਮ ਨੂੰ ਦੁਨੀਆ ਵਿਚ ਬਦਨਾਮ ਕਰਕੇ ਰੱਖ ਦਿੱਤਾ ਹੈ। ਹੁਣ ਸਾਨੂੰ ਮੈਦਾਨ ਵਿਚ ਨਿੱਤਰ ਕੇ ਕੁਝ ਕਰਨਾ ਹੀ ਪਵੇਗਾ।"[੨] ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਗਿ.

ਹੀਰਾ ਸਿੰਘ ਦਰਦ ਨੂੰ ਦੱਸਿਆ ਕਿ ਉਹ ਸ. ਹਰਚੰਦ ਸਿੰਘ, ਪ੍ਰੋ. ਨਿਰੰਜਨ ਸਿੰਘ, ਸ. ਤੇਜਾ ਸਿੰਘ ਸਮੁੰਦਰੀ ਅਤੇ ਹੋਰ ਪੰਥ-ਪ੍ਰੇਮੀਆਂ ਨਾਲ ਮਿਲ ਕੇ ਰੋਜ਼ਾਨਾ ਅਖ਼ਬਾਰ ਕੱਢਣ ਦੀ ਤਿਆਰੀ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਅਖ਼ਬਾਰ ਦੀ ਪ੍ਰਬੰਧਕ ਕਮੇਟੀ ਅਤੇ ਸੰਪਾਦਕੀ ਬੋਰਡ ਵਿਚ ਸ਼ਾਮਲ ਕਰਨਗੇ। ਗਿ. ਹੀਰਾ ਸਿੰਘ ਦਰਦ ਲਈ ਰੋਜ਼ਾਨਾ ਅਖ਼ਬਾਰ ਵਿਚ ਸੰਪਾਦਕੀ ਸਟਾਫ਼ ਵਿਚ ਸੇਵਾ ਕਰਨ ਦਾ ਮੌਕਾ ਮਿਲਣਾ ਇਕ ਮਾਣ ਵਾਲੀ ਗੱਲ ਸੀ। ਗਿਆਨੀ ਜੀ ਨੇ ਮਾਸਟਰ ਜੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਨੂੰ ਜਦੋਂ ਬੁਲਾਵਾ ਭੇਜਣਗੇ ਉਹ ਲਾਹੌਰ ਪਹੁੰਚ ਜਾਣਗੇ। ਸ. ਸਰਦੂਲ ਸਿੰਘ ਕਵੀਸ਼ਰ, ਜੋ ਪਹਿਲਾਂ ਦਿੱਲੀ ਵਿਚ 'ਸਿੱਖ ਰੀਵੀਊ' ਕੱਢਦੇ ਸਨ, ਉਸ ਸਮੇਂ ਉਨ੍ਹਾਂ ਨੇ ਲਾਹੌਰ ਵਿਖੇ ਰਾਮ ਗਲੀ ਵਿਚ ਆਪਣੀ ਪ੍ਰੈੱਸ ਲਗਾਈ। ਉਨ੍ਹਾਂ ਨੂੰ ਛਪਾਈ ਦੀ ਲੋੜ ਸੀ ਅਤੇ 'ਅਕਾਲੀ ਅਖ਼ਬਾਰ' ਨੂੰ ਪ੍ਰੈੱਸ ਦੀ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅਤੇ ਸ. ਸਰਦੂਲ ਸਿੰਘ ਕਵੀਸ਼ਰ ਦੋਨਾਂ ਵਿਚ ਚੰਗੀ ਦੋਸਤੀ ਪੈ ਗਈ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਪਤਵੰਤੇ ਸੱਜਣਾਂ ਨਾਲ ਮਿਲ ਕੇ ੧ ਮਈ, ੧੯੨੦ ਈ. ਨੂੰ ਸ. ਸਰਦੂਲ ਸਿੰਘ ਕਵੀਸ਼ਰ ਦੇ ਘਰ ਰੇਲਵੇ ਰੋਡ ਲਾਹੌਰ, ਰਾਮ ਗਲੀ ਵਿਚ ਇਕ ਬੈਠਕ ਬੁਲਾਈ ਜਿਸ ਵਿਚ ਇਹ ਫ਼ੈਸਲਾ ਲਿਆ ਗਿਆ ਕਿ ੨੧ ਮਈ ਨੂੰ ਅਖ਼ਬਾਰ ਦਾ ਪਹਿਲਾ ਪਰਚਾ ਕੱਢਿਆ ਜਾਵੇਗਾ। ਸ. ਸਰਦੂਲ ਸਿੰਘ ਕਵੀਸ਼ਰ ਦੇ ਪ੍ਰੈੱਸ 'ਪੀਪਲਜ਼ ਪ੍ਰੈੱਸ' ਜੋ ਰਾਮ ਗਲੀ ਵਿਚ ਸੀ, ਰਾਹੀਂ ਅਖ਼ਬਾਰ ਨੂੰ ਛਪਵਾਉਣ ਦਾ ਪ੍ਰਬੰਧ ਕੀਤਾ ਗਿਆ। ਉਸ ਸਮੇਂ ਅਖ਼ਬਾਰ ਕੱਢਣ ਲਈ ਘੱਟੋ-ਘੱਟ ੫੦ ਹਜ਼ਾਰ ਰੁਪਏ ਦੀ ਲੋੜ ਸੀ, ਪਰੰਤੂ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਜੀ ਕੋਲ ਕੇਵਲ ੫੦ ਰੁਪਏ ਸਨ। ਆਰਥਿਕ ਤੰਗੀ ਦੇ ਬਾਵਜੂਦ ਉਨ੍ਹਾਂ ਦੇ ਦਿਲ ਵਿਚ ਪੂਰਨ ਵਿਸ਼ਵਾਸ ਅਤੇ ਉਤਸ਼ਾਹ ਸੀ। ਉਨ੍ਹਾਂ ਨੇ ਇਹ ੫੦ ਰੁਪਏ ਅਖ਼ਬਾਰ ਦੇ ਇਸ਼ਤਿਹਾਰ 'ਤੇ ਖਰਚ ਕਰ ਦਿੱਤੇ, ਪਰ ਉਨ੍ਹਾਂ ਨੂੰ ਇਹ ਯਕੀਨ ਸੀ ਕਿ ਪੈਸੇ ਦੀ ਕੋਈ ਕਮੀ ਨਹੀਂ ਰਹੇਗੀ। "ਮਾਸਟਰ ਸੁੰਦਰ ਸਿੰਘ ਆਖ਼ਰ ਇਕ ਦਿਨ ੫੦੦ ਰੁਪਏ ਕਿਸੇ ਪਾਸੋਂ ਉਧਾਰੇ ਲੈ ਆਇਆ ਅਤੇ ਕਹਿਣ ਲੱਗਾ ਚਲੋ ਇਹਦੇ ਨਾਲ ਹੀ ਕੰਮ ਰੇੜ੍ਹ ਦਈਏ, ਚਲੇ ਨਾ ਚਲੇ ਦੇਖਿਆ ਜਾਏਗਾ। ੫੦੦ ਰੁਪਏ ਨਾਲ ਇਕ ਰੋਜ਼ਾਨਾ ਅਖ਼ਬਾਰ ਜਾਰੀ ਕਰਨਾ ਮਹਾਂ ਮੂਰਖਤਾ ਹੀ ਸੀ। ਪਰ, *ਨਾ ਕੋ ਮੂਰਖੁ ਨਾ ਕੋ ਸਿਆਣਾ॥ ਵਰਤੈ ਸਭ ਕਿਛੁ ਤੇਰਾ ਭਾਣਾ॥*"[੩] ਪ੍ਰਿੰਸੀਪਲ ਨਿਰੰਜਨ ਸਿੰਘ ਨੇ ਖਾਲਸਾ ਕਾਲਜ ਦੇ ਛੇ ਮਿਹਨਤੀ ਮੁੰਡੇ ਉਨ੍ਹਾਂ ਨਾਲ ਅਖ਼ਬਾਰ ਦਾ ਕੰਮ ਕਰਨ ਲਈ ਲਗਾ ਦਿੱਤੇ ਅਤੇ ੨੧ ਮਈ, ੧੯੨੦ ਈ. ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਰੋਜ਼ਾਨਾ 'ਅਕਾਲੀ ਅਖ਼ਬਾਰ' ਦਾ ਪਹਿਲਾ ਅੰਕ ਲਾਹੌਰ ਤੋਂ ਜਾਰੀ ਕਰ ਦਿੱਤਾ ਗਿਆ। ਲਾਇਲਪੁਰ ਗਰੁੱਪ ਨੂੰ ਅਖ਼ਬਾਰ ਦੀ ਪ੍ਰਬੰਧਕ ਕਮੇਟੀ ਵਿਚ ਲਿਆ ਗਿਆ, ਜਿਸ ਵਿਚ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅਖ਼ਬਾਰ ਦੇ ਮਾਲਕ, ਮੈਨੇਜਰ ਅਤੇ ਪਬਲਿਸ਼ਰ ਸਨ,

ਮਾਸਟਰ ਤਾਰਾ ਸਿੰਘ, ਸ. ਹਰਚੰਦ ਸਿੰਘ, ਸ. ਬਿਸ਼ਨ ਸਿੰਘ ਸਿੰਘਪੁਰੀਆ, ਭਾਈ ਬੂਟਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ. ਮੱਘਰ ਸਿੰਘ, ਬਾਬੂ ਤ੍ਰਿਪਤ ਸਿੰਘ, ਜਮਾਦਾਰ ਸਾਧੂ ਸਿੰਘ ਬਾਹਮਣੀ ਵਾਲਾ, ਸ. ਹਰੀ ਸਿੰਘ ਚੱਕ ੪੧ ਅਤੇ ਪ੍ਰੋ. ਨਿਰੰਜਨ ਸਿੰਘ ਆਦਿ ਸ਼ਾਮਲ ਸਨ। ਦੋ ਸ਼ਖ਼ਸੀਅਤਾਂ— ਸ. ਸਰਦੂਲ ਸਿੰਘ ਕਵੀਸ਼ਰ ਅਤੇ ਭਾਈ ਦਲੀਪ ਸਿੰਘ ਜੋ ਬਾਅਦ ਵਿਚ ਸ੍ਰੀ ਨਨਕਾਣਾ ਸਹਿਬ ਦੇ ਸਾਕੇ ਵਿਚ ਸ਼ਹੀਦ ਹੋਏ, ਨੂੰ ਵੀ ਸ਼ਾਮਲ ਕੀਤਾ ਗਿਆ। ਪ੍ਰਬੰਧਕ ਕਮੇਟੀ ਦੇ ਕੁੱਲ ੧੪ ਮੈਂਬਰ ਬਣਾਏ ਗਏ ਅਤੇ ਪ੍ਰੋ. ਨਿਰੰਜਨ ਸਿੰਘ ਜੀ ਨੂੰ ਪ੍ਰਬੰਧਕੀ ਬੋਰਡ ਸੈਕਟਰੀ ਬਣਾਇਆ ਗਿਆ। ਉਸ ਸਮੇਂ ਇਹ ਤੈਅ ਕੀਤਾ ਗਿਆ ਕਿ ਪ੍ਰਬੰਧਕ ਕਮੇਟੀ ਦੇ ਸਾਰੇ ੧੪ ਮੈਂਬਰ ਅਖ਼ਬਾਰ ਨੂੰ ਚਲਾਉਣ ਲਈ ਆਪਣੇ ਕੋਲੋਂ ਇੱਕ-ਇੱਕ ਹਜ਼ਾਰ ਰੁਪਇਆ ਦੇਣ ਜਾਂ ਇਕੱਠਾ ਕਰ ਕੇ ਦੇਣਗੇ। ਸ. ਤੇਜਾ ਸਿੰਘ ਸਮੁੰਦਰੀ ਦੇ ਅਖ਼ਬਾਰ ਲਈ ਦਿੱਤੇ ਗਏ ਯੋਗਦਾਨ ਬਾਰੇ ਗਿਆਨੀ ਹੀਰਾ ਸਿੰਘ ਦਰਦ ਜੀ ਲਿਖਦੇ ਹਨ ਕਿ— "ਸ. ਤੇਜਾ ਸਿੰਘ ਸਮੁੰਦਰੀ ਅਕਾਲੀ ਅਖ਼ਬਾਰ ਦੇ ਮੋਢੀਆਂ ਵਿੱਚੋਂ ਸਨ। ਪਹਿਲਾਂ ਕਿਤਨਾ ਚਿਰ ਸਲਾਹਾਂ ਹੁੰਦੀਆਂ ਰਹੀਆਂ ਕਿ ਕਮੇਟੀ ਜਾਂ ਕੰਪਨੀ ਬਣਾ ਕੇ ਗੁਰਮੁਖੀ ਵਿਚ ਰੋਜ਼ਾਨਾ ਅਖ਼ਬਾਰ ਕੱਢਿਆ ਜਾਵੇ, ਪਰ ਗੱਲ ਕੋਈ ਤੋੜ ਨਾ ਚੜ੍ਹੇ। ਜਦ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨੇ ਨੰਗੇ ਧੜ ਅਕਾਲ ਪੁਰਖ ਉੱਪਰ ਭਰੋਸਾ ਰੱਖ ਕੇ 'ਅਕਾਲੀ' ਜਾਰੀ ਕਰ ਦਿੱਤਾ ਤਾਂ ਆਪ (ਸ. ਤੇਜਾ ਸਿੰਘ ਸਮੁੰਦਰੀ) ਨੇ ਲਾਹੌਰ ਆ ਕੇ ਮਾਸਟਰ ਸੁੰਦਰ ਸਿੰਘ ਜੀ ਨੂੰ ਆਖਿਆ ਕਿ ਹੁਣ ਤੁਸਾਂ ਅਖ਼ਬਾਰ ਸ਼ੁਰੂ ਕਰ ਹੀ ਦਿੱਤਾ ਹੈ, ਇਸ ਲਈ ਘਬਰਾਣਾ ਨਹੀਂ, ਮੈਥੋਂ ਜੋ ਵੀ ਮਦਦ ਹੋ ਸਕੀ ਕਰਾਂਗਾ ਅਤੇ ਇਸ ਅਖ਼ਬਾਰ ਨੂੰ ਚੰਗੀ ਤਰ੍ਹਾਂ ਚਲਾਵਾਂਗੇ। ਆਪ ਨੇ ਉਸੇ ਵੇਲੇ ਪੰਜ ਸੌ ਰੁਪਏ ਮਾਸਟਰ ਜੀ ਦੇ ਹੱਥ ਫੜਾਏ ਅਤੇ 'ਅਕਾਲੀ ਅਖ਼ਬਾਰ' ਦੀ ਸਦਾ ਹੀ ਪੂਰੀ ਤਰ੍ਹਾਂ ਮਦਦ ਕਰਦੇ ਰਹੇ।"[੪] 'ਅਕਾਲੀ ਅਖ਼ਬਾਰ' ਨੂੰ ਚਲਾਉਣ ਲਈ ਸ. ਹਰਚੰਦ ਸਿੰਘ ਨੇ ਪੰਜ ਹਜ਼ਾਰ ਰੁਪਏ ਦਾ ਯੋਗਦਾਨ ਪਾਇਆ ਅਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਪੰਦਰਾਂ ਹਜ਼ਾਰ ਰੁਪਏ ਕਰਜ਼ਾ ਲਿਆ। ਉਨ੍ਹਾਂ ਨੇ ਆਪਣੇ ਪਿੰਡ ਬਹੋੜੂ ਵਿਚ ਲੋਕਾਂ ਨੂੰ ਇੱਕ ਸੌ ਰੁਪਏ ਪ੍ਰਤੀ ਮੁਰੱਬਾ ਦੇਣ ਲਈ ਬੇਨਤੀ ਕੀਤੀ, ਇੱਥੋਂ ਤਕ ਕਿ ਮਾਸਟਰ ਜੀ ਨੇ ਆਪਣੇ ਘਰ ਦਾ ਸਾਰਾ ਸਾਮਾਨ ਤਕ ਵੇਚ ਦਿੱਤਾ। ਮਾਸਟਰ ਜੀ ਦਾ ਲੜਕਾ ਸ. ਹਿੰਦਪਾਲ ਸਿੰਘ ਅਤੇ ਭਤੀਜਾ ਸ. ਦਿਆਲ ਸਿੰਘ ਆਜ਼ਾਦ ਵੀ ਅਕਾਲੀ ਲਈ ਪੈਸੇ ਇਕੱਠੇ ਕਰਿਆ ਕਰਦੇ ਸਨ। ਗਿਆਨੀ ਹੀਰਾ ਸਿੰਘ ਦਰਦ ਨੂੰ ਵੀ ਸੁਨੇਹਾ ਭੇਜ ਦਿੱਤਾ ਗਿਆ। ਉਹ ਨੌਕਰੀ ਤੋਂ ਅਸਤੀਫ਼ਾ ਦੇ ਕੇ ਲਾਹੌਰ ਪਹੁੰਚ ਗਏ ਅਤੇ ਪਹਿਲਾ ਪਰਚਾ ਗਿਆਨੀ ਹੀਰਾ ਸਿੰਘ ਦਰਦ ਅਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦੀ ਨਿਗਰਾਨੀ ਹੇਠ ਕੱਢਿਆ ਗਿਆ। ਅਕਾਲੀ ਦੇ ਸ਼ੁਰੂ ਹੋਣ ਦੇ ਦੋ ਮਹੀਨੇ ਬਾਅਦ ਸ. ਮੰਗਲ ਸਿੰਘ, ਜੋ ਤਹਿਸੀਲਦਾਰ ਵਜੋਂ ਕਾਰਜਰਤ ਸਨ, ਉਹ ਵੀ ਨੌਕਰੀ ਤੋਂ ਅਸਤੀਫ਼ਾ ਦੇ ਆਏ। ਸ. ਮੰਗਲ ਸਿੰਘ

ਨੂੰ ਐਡੀਟਰ ਅਤੇ ਗਿਆਨੀ ਹੀਰਾ ਸਿੰਘ ਦਰਦ ਨੂੰ ਜੁਆਇੰਟ ਐਡੀਟਰ ਬਣਾਇਆ ਗਿਆ। ਸ. ਸਰਦੂਲ ਸਿੰਘ ਕਵੀਸ਼ਰ, ਪ੍ਰੋ. ਮੋਤਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ. ਅਮਰ ਸਿੰਘ ਅਤੇ ਸ. ਸਰਮੁਖ ਸਿੰਘ ਆਦਿ ਮਹਾਨ ਸ਼ਖ਼ਸੀਅਤਾਂ ਵੀ ਉਨ੍ਹਾਂ ਦੇ ਨਾਲ ਸਨ। 'ਅਕਾਲੀ ਅਖ਼ਬਾਰ' ਦਾ ਦਫ਼ਤਰ ਬਣਾਉਣ ਲਈ ਰਾਮ ਗਲੀ ਦੇ ਸਿਰੇ ਉੱਤੇ ਬ੍ਰਾਂਡਰਥ ਰੋਡ 'ਤੇ ਇਕ ਚੁਬਾਰਾ ਕਿਰਾਏ 'ਤੇ ਲੈ ਲਿਆ ਗਿਆ। ਜ਼ਿਆਦਾਤਰ ਸਟਾਫ਼ ਵਿਚ ਮਾਸਟਰ ਸੁੰਦਰ ਸਿੰਘ ਜੀ ਦੇ ਸ਼ਗਿਰਦ ਸਨ, ਜਿਸ ਵਿਚ ਕਾਜ਼ੀ ਅਬਦੁਲ ਰਹਿਮਾਨ, ਗਿਆਨੀ ਕਰਤਾਰ ਸਿੰਘ, ਦਿਆਲ ਸਿੰਘ ਆਜ਼ਾਦ (ਮਾਸਟਰ ਜੀ ਦਾ ਭਤੀਜਾ), ਗਿਆਨੀ ਠਾਕਰ ਸਿੰਘ ਯਾਦ, ਹਜ਼ਾਰਾ ਸਿੰਘ, ਪੰਡਿਤ ਹੰਸ ਰਾਜ, ਗਿਆਨੀ ਉਤਮ ਸਿੰਘ ਰਾਗੀ, ਮਾਸਟਰ ਨਰਿੰਦਰ ਸਿੰਘ, ਦਯਾ ਸਿੰਘ ਜ਼ਿਲ੍ਹਾ ਲੁਧਿਆਣਾ ਆਦਿ ਸ਼ਾਮਲ ਸਨ। ਪੈਸੇ ਦੀ ਕਮੀ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਨਿਸ਼ਚਿਤ ਕੀਤਾ ਗਿਆ ਕਿ ਸ਼ੁਰੂ ਵਿਚ ਅਖ਼ਬਾਰ ਦੇ ਸਟਾਫ ਮੈਂਬਰਾਂ ਨੂੰ ਬਿਨਾਂ ਤਨਖਾਹ ਕੰਮ ਕਰਨਾ ਪਵੇਗਾ। ਸਮੂਹ ਸਟਾਫ਼ ਨੂੰ ਸਾਂਝੇ ਲੰਗਰ ਵਿਚ ਪਰਸ਼ਾਦਾ ਛਕਾਇਆ ਜਾਏਗਾ ਅਤੇ ਲੋੜ ਅਨੁਸਾਰ ਕੱਪੜੇ ਵੀ ਦਿੱਤੇ ਜਾਣਗੇ। ਜਦੋਂ ਕੰਮ ਚੱਲ ਪਵੇਗਾ ਫਿਰ ਲੋੜ ਅਨੁਸਾਰ ਤਨਖਾਹਾਂ ਤੈਅ ਕਰ ਦਿੱਤੀਆਂ ਜਾਣਗੀਆਂ। ਉਸ ਸਮੇਂ 'ਅਕਾਲੀ ਅਖ਼ਬਾਰ' ਦੇ ਦਫ਼ਤਰ ਵਿਚ ਚੱਕ ਨੰਬਰ ੪੧ ਹਾਈ ਸਕੂਲ ਦਾ ਲਾਂਗਰੀ ਮੂਲਾ ਸਿੰਘ ਨੂੰ ਲੰਗਰ ਦਾ ਇੰਚਾਰਜ ਬਣਾਇਆ ਗਿਆ। ਮਾਸਟਰ ਨਰਿੰਦਰ ਸਿੰਘ ਅਤੇ ਉਨ੍ਹਾਂ ਦਾ ਸ਼ਗਿਰਦ ਕਾਜ਼ੀ ਅਬਦੁਲ ਰਹਿਮਾਨ ਮੈਨੇਜਿੰਗ ਸਟਾਫ਼ ਵਿਚ ਸਨ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅੰਮ੍ਰਿਤ ਵੇਲੇ ਉੱਠ ਦਫ਼ਤਰ ਦੀ ਸਫ਼ਾਈ ਆਪਣੇ ਹੱਥੀਂ ਕਰਦੇ ਜਿਸ ਕਾਰਨ ਸਟਾਫ ਨੂੰ ਸਾਰੇ ਕੰਮ ਆਪਣੇ ਹੱਥੀਂ ਕਰਨ ਦਾ ਉਤਸ਼ਾਹ ਮਿਲਦਾ ਸੀ ਅਤੇ ਸਾਰਾ ਸਟਾਫ਼ ੧੮ ਘੰਟੇ ਕੰਮ ਕਰਦਾ ਸੀ। ਮਾਸਟਰ ਜੀ ਨੇ ਛੇਤੀ ਹੀ ਅਖ਼ਬਾਰ ਨੂੰ ਰਜਿਸਟਰਡ ਕਰਵਾ ਲਿਆ, ਜਿਸ ਦਾ ਰਜਿਸਟਰਡ ਨੰਬਰ ੧੨੧੧ ਸੀ। 'ਅਕਾਲੀ ਅਖ਼ਬਾਰ' ਨੂੰ ਹਰਮਨ-ਪਿਆਰਾ ਬਣਾਉਣ ਵਿਚ ਸਭ ਤੋਂ ਜ਼ਿਆਦਾ ਭੂਮਿਕਾ ਇਸ ਵਿਚ ਛਪਦੇ ਘਟਨਾਵਾਂ ਜਾਂ ਸਮਕਾਲੀ ਹਲਾਤਾਂ, ਲੇਖਾਂ ਅਤੇ ਕਵਿਤਾਵਾਂ ਦੀ ਰਹੀ। ਗਿਆਨੀ ਹੀਰਾ ਸਿੰਘ ਦਰਦ ਨੇ ਇਸ ਦੇ ਪਹਿਲੇ ਪਰਚੇ ਵਿਚ ਲੋਕਾਂ ਵਿਚ ਉਤਸ਼ਾਹ ਭਰਨ ਲਈ ਇਕ ਕਵਿਤਾ ਲਿਖੀ ਸੀ ਜਿਸ ਨੂੰ ਲੋਕਾਂ ਦੁਆਰਾ ਬਹੁਤ ਚੰਗਾ ਹੁੰਗਾਰਾ ਦਿੱਤਾ ਗਿਆ ਅਤੇ ਹਰ ਪਰਚੇ ਵਿਚ ਕਵਿਤਾ ਲਿਖਣ ਲਈ ਚਿੱਠੀਆਂ ਆਉਣ ਲੱਗ ਪਈਆਂ। ਦਰਦ ਜੀ ਦੁਆਰਾ ਪਹਿਲੇ ਪਰਚੇ ਵਿਚ ਲਿਖੀ ਗਈ ਕਵਿਤਾ ਦਾ ਸਿਰਲੇਖ ਸੀ— "ਆ ਗਿਆ ਫੇਰ ਅਕਾਲੀ ਜੇ"

*"ਅਖਾਂ ਖੋਲ੍ਹੋ ਢਿਲੜ ਵੀਰੋ*
*ਆ ਗਿਆ ਫੇਰ ਅਕਾਲੀ ਜੇ*
*ਝੰਡਾ ਫੜਿਆ ਹੱਥ ਸੱਚ ਦਾ*

*ਜੋਤ ਮਾਰਦੀ ਲਾਲੀ ਜੇ।"*[੫]

ਅਕਾਲੀ ਅਖ਼ਬਾਰ ਵਿਚ ਜੋ ਕਵਿਤਾਵਾਂ ਛਪਦੀਆਂ ਸਨ ਉਨ੍ਹਾਂ ਨੂੰ ਲੋਕਾਂ ਦੁਆਰਾ ਦੀਵਾਨਾਂ ਵਿਚ ਜੋਸ਼ ਨਾਲ ਪੜ੍ਹਿਆ ਜਾਂਦਾ। ਇਸ ਵਿਚ ਛਪਣ ਵਾਲੇ ਲੇਖਾਂ ਨੇ ਵੀ ਆਮ ਸਿੱਖਾਂ ਨੂੰ ਅਕਾਲੀ ਜਥੇ ਕਾਇਮ ਕਰਨ ਵਿਚ ਬਹੁਤ ਮਦਦ ਕੀਤੀ। ਇਹ ਇੰਨਾ ਹਰਮਨ-ਪਿਆਰਾ ਹੋ ਗਿਆ ਕਿ ਸ਼ਹਿਰਾਂ ਅਤੇ ਪਿੰਡਾਂ ਵਿਚ ਇਸ ਦੀ ਈਦ ਦੇ ਚੰਨ ਵਾਂਗ ਉਡੀਕ ਕੀਤੀ ਜਾਂਦੀ ਸੀ। ਲੋਕਾਂ ਦੁਆਰਾ ਇਸ ਨੂੰ ਗੁਰਦੁਆਰਿਆਂ, ਸੱਥਾਂ, ਪਰਿਆਂ ਅਤੇ ਚੌਂਕਾਂ ਵਿਚ ਇਕੱਤਰ ਹੋ ਕੇ ਪੜ੍ਹਿਆ ਅਤੇ ਸੁਣਿਆ ਜਾਂਦਾ। ਇਸ ਵਿਚ ਅੰਗਰੇਜ਼ੀ ਰਾਜ ਦੇ ਅੱਤਿਆਚਾਰਾਂ ਨੂੰ ਨੰਗਾ ਕੀਤਾ ਜਾਂਦਾ ਅਤੇ ਹਿੰਦੂ-ਮੁਸਲਿਮ-ਸਿੱਖ ਏਕਤਾ ਦਾ ਪ੍ਰਚਾਰ ਕੀਤਾ ਜਾਂਦਾ। ਇਹ ਵੀ ਪ੍ਰਮਾਣ ਮਿਲਦੇ ਹਨ ਕਿ 'ਅਕਾਲੀ ਅਖ਼ਬਾਰ' ਨੂੰ ਪੜ੍ਹਨ ਲਈ ਉਸ ਸਮੇਂ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਭਰਾਵਾਂ ਨੇ ਗੁਰਮੁਖੀ ਸਿੱਖੀ ਸੀ। 'ਅਕਾਲੀ ਅਖ਼ਬਾਰ' ਦੀ ਅਰੰਭ ਵਿਚ ਗਿਣਤੀ ਲੱਗਭਗ ੪੦੦੦ ਦੇ ਕਰੀਬ ਸੀ ਜੋ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਵੱਧ ਕੇ ੨੫੦੦੦ ਹੋ ਗਈ। 'ਅਕਾਲੀ ਅਖ਼ਬਾਰ' ਦੁਆਰਾ ਚਲਾਈ ਗਈ ਲਹਿਰ ਅਤੇ ਗੁਰੂ ਕੇ ਬਾਗ ਦੇ ਮੋਰਚੇ ਤੋਂ ਪ੍ਰਭਾਵਿਤ ਹੋ ਕੇ ਉਰਦੂ ਦੇ ਮਹਾਨ ਕਵੀ ਜਨਾਬ ਮੇਲਾ ਰਾਮ ਵਫ਼ਾ ਦੁਆਰਾ ਕਵਿਤਾ ਵੀ ਲਿਖੀ ਗਈ:-

*"ਤਿਰੀ ਕੁਰਬਾਨੀ ਕੀ ਧੂਮ ਹੈ ਆਜ ਇਸ ਜ਼ਮਾਨੇ ਮੇਂ*
*ਬਹਾਦਰ ਹੈ, ਅਗਰ ਕੋਈ ਤੋਂ ਵੁਹ ਤੂ ਅਕਾਲੀ ਹੈ।"*

## ਅਕਾਲੀ ਅਖ਼ਬਾਰ ਦਾ ਮੁੱਖ ਉਦੇਸ਼

'ਅਕਾਲੀ ਅਖ਼ਬਾਰ' ਨੇ ਸਭ ਤੋਂ ਪਹਿਲਾਂ ਧਾਰਮਿਕ ਅਤੇ ਵਿੱਦਿਅਕ ਸਵਾਲਾਂ ਦੇ ਪ੍ਰਚਾਰ ਕਰ ਸਫਲਤਾ ਪ੍ਰਾਪਤ ਕੀਤੀ । "ਗੁਰਦੁਆਰਾ ਰਕਾਬ ਗੰਜ ਦੀ ਕੰਧ ਦੇ ਮਸਲੇ, ਗੁਰੂ ਕੇ ਬਾਗ਼ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਸ੍ਰੀ ਨਨਕਾਣਾ ਸਾਹਿਬ ਦਾ ਸਾਕਾ, ਜੈਤੋ ਦਾ ਮੋਰਚਾ ਅਤੇ ਹੋਰ ਜੋ ਕੁਝ ਵੀ ਗੁਰਦੁਆਰਿਆਂ ਨੂੰ ਅਜ਼ਾਦ ਕਰਵਾਉਣ ਲਈ ਹੋਇਆ ਇਹ ਅਕਾਲੀ ਸਦਕਾ ਹੋਇਆ। ਜੇ ਅਕਾਲੀ ਅਖ਼ਬਾਰ ਨਾ ਨਿਕਲਦਾ ਤਾਂ ਹੋ ਸਕਦਾ ਸੀ ਕਿ ਅਜ਼ਾਦੀ ਦੀ ਲਹਿਰ ਨੂੰ ਕਿਸੇ ਨਤੀਜੇ 'ਤੇ ਪਹੁੰਚਣ ਲਈ ਸਾਨੂੰ ਹੋਰ ਉਡੀਕਣਾ ਪੈਂਦਾ।"[੬] 'ਅਕਾਲੀ ਅਖ਼ਬਾਰ' ਦੇ ਪਹਿਲੇ ਪਰਚੇ ਵਿਚ ਹੀ ਇਸ ਦੀ ਲੋੜ ਅਤੇ ਮਹਾਨਤਾ ਨੂੰ ਦੱਸਦਿਆਂ ਹੋਇਆਂ ਇਸ ਦੇ ਪੰਜ ਮੁੱਖ ਉਦੇਸ਼ਾਂ ਨੂੰ ਦਰਸਾਇਆ ਗਿਆ ਜੋ ਇਸ ਪ੍ਰਕਾਰ ਸਨ:-

"ਸਰਕਾਰ ਦੇ ਹੱਥੋਂ ੧੯੧੩ ਈ. ਵਿਚ ਢਾਹੀ ਗਈ ਗੁਰਦੁਆਰਾ ਰਕਾਬ ਗੰਜ ਦੀ ਕੰਧ ਨੂੰ ਪਹਿਲਾਂ ਵਾਂਗ ਹੀ ਉੱਸਰਵਾਣਾ।

ਖਾਲਸਾ ਕਾਲਜ ਨੂੰ ਸਰਕਾਰੀ ਪ੍ਰਬੰਧ ਵਿੱਚੋਂ ਕੱਢ ਕੇ ਖਾਲਸ ਸਿੱਖਾਂ ਦੇ ਜਮਹੂਰੀ ਪ੍ਰਬੰਧ ਵਿਚ ਲਿਆਉਣਾ।

ਸਿੱਖ ਜਨਤਾ ਵਿਚ ਰਾਜਸੀ ਤੇ ਕੌਮੀ ਜਾਗਰਤੀ ਪੈਦਾ ਕਰ ਕੇ ਉਸ ਨੂੰ ਦੇਸ਼ ਦੇ ਸਾਂਝੇ ਅਜ਼ਾਦੀ ਦੇ ਘੋਲ ਵਿਚ ਸ਼ਾਮਲ ਹੋ ਕੇ ਵਧ-ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹ ਦੇਣਾ।
ਗੁਰਦੁਆਰਿਆਂ ਦਾ ਮਹੰਤੀ ਤੇ ਸਰਬਰਾਹੀ ਪ੍ਰਬੰਧ ਖਤਮ ਕਰ ਕੇ ਇਨ੍ਹਾਂ ਨੂੰ ਸਿੱਖ ਸੰਗਤਾਂ ਦੇ ਜਮਹੂਰੀ ਪ੍ਰਬੰਧ ਵਿਚ ਲਿਆਉਣਾ।
ਪੰਚੈਤੀ ਅਸੂਲਾਂ ਮੁਤਾਬਕ ਸਿੱਖਾਂ ਦੀ ਪ੍ਰਤਿਨਿਧ ਜਥੇਬੰਦੀ ਬਣਾਉਣੀ।"[੭]

ਅਕਾਲੀ ਦੇ ਪਹਿਲੇ ਅੰਕ ਵਿਚ ਛਪੇ ਇਹ ਪੰਜ ਉਦੇਸ਼ ਸਿੱਖ ਕੌਮ ਨੂੰ ਜਗਾਉਣ ਲਈ ਅਤੇ ਜਥੇਬੰਦ ਹੋਣ ਦੇ ਨਾਹਰੇ ਬਣ ਗਏ। ਇਨ੍ਹਾਂ ਪੰਜ ਉਦੇਸ਼ਾਂ ਵਿੱਚੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਬਣਾਉਣ ਲਈ ਰੱਖੀ ਗਈ। ਮੰਗ ਨੇ ਸਿੱਖ ਜਨਤਾ ਦੇ ਦਿਲਾਂ ਵਿਚ ਅੰਗਰੇਜ਼ ਹਕੂਮਤ ਵਿਰੁੱਧ ਦੱਬੀ ਹੋਈ ਅੱਗ ਨੂੰ ਹਵਾ ਦੇਣ ਦਾ ਕੰਮ ਕੀਤਾ। ਗੁਰਦੁਆਰਾ ਰਕਾਬ ਗੰਜ ਦੀ ਕੰਧ ਦੇ ਮਾਮਲੇ ਨੂੰ 'ਅਕਾਲੀ ਅਖ਼ਬਾਰ' ਰਾਹੀਂ ਦੁਬਾਰਾ ਉਠਾਇਆ ਗਿਆ। ਸ. ਸਰਦੂਲ ਸਿੰਘ ਕਵੀਸ਼ਰ ਨੇ 'ਅਕਾਲੀ ਅਖ਼ਬਾਰ' ਦੇ ਇਕ ਪਰਚੇ ਵਿਚ ਚਿੱਠੀ ਛਪਵਾਈ, ਜਿਸ ਵਿਚ ਉਨ੍ਹਾਂ ਨੇ ਅਜਿਹੇ ਸੂਰਬੀਰ ੧੦੦ ਸਿੱਖਾਂ ਦੀ ਮੰਗ ਕੀਤੀ ਜੋ ਆਪਣਾ ਆਪਾ ਕੁਰਬਾਨ ਕਰ ਸਕਦੇ ਹੋਣ, ਪਰ ਉਸ ਸਮੇਂ ਇਕ ਮਹੀਨੇ ਦੇ ਅੰਦਰ ਜਥੇ ਲਈ ਕੋਈ ਹਜ਼ਾਰ ਤੋਂ ਵੀ ਵੱਧ ਲੋਕਾਂ ਦੇ ਨਾਮ ਆਏ। ਸਭ ਤੋਂ ਪਹਿਲਾਂ 'ਅਕਾਲੀ ਅਖ਼ਬਾਰ' ਦੇ ਸਟਾਫ਼ ਨੇ ਨਾਮ ਲਿਖਵਾਏ। ਇਸ ਚਿੱਠੀ ਦੇ ਆਧਾਰ 'ਤੇ 'ਅਕਾਲੀ ਅਖ਼ਬਾਰ' ਵਿਚ ਲੇਖ ਅਤੇ ਕਵਿਤਾਵਾਂ ਛਪਣੀਆਂ ਸ਼ੁਰੂ ਹੋ ਗਈਆਂ। ਸ਼ਹੀਦੀ ਜਥੇ ਦੇ ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਗੁਰਦੁਆਰਾ ਰਕਾਬ ਗੰਜ ਦੀ ਕੰਧ ਨੂੰ ਉਸਾਰ ਦਿੱਤਾ ਗਿਆ। ਪੰਥ ਦੇ ਲਈ ਇਹ ਇਕ ਬਹੁਤ ਵੱਡੀ ਜਿੱਤ ਸੀ ਜਿਸ ਨਾਲ ਅਕਾਲੀ ਲਹਿਰ ਹੋਰ ਜ਼ਿਆਦਾ ਮਜ਼ਬੂਤ ਹੋ ਗਈ। ਇਸ ਜਿੱਤ ਨੇ ਗੁਰਦੁਆਰਾ ਸਾਹਿਬਾਨ ਨੂੰ ਅਜ਼ਾਦ ਕਰਾਉਣ ਅਤੇ ਮੋਰਚਿਆਂ ਲਈ ਰਾਹ ਖੋਲ ਦਿੱਤਾ। ਨਾ-ਮਿਲਵਰਤਣ ਲਹਿਰ ਨੂੰ ਵੀ ਅਕਾਲੀ ਵਿਚ ਭਰਪੂਰ ਹੁੰਗਾਰਾ ਮਿਲਿਆ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਨਾ-ਮਿਲਵਰਤਣ ਲਹਿਰ ਵਿਚ ਵਧ-ਚੜ੍ਹ ਕੇ ਹਿੱਸਾ ਪਾਇਆ ਅਤੇ ਸਿੱਖ ਲੀਗ ਦੇ ਸਮਾਗਮ ਵਿਚ ਇਸ ਸੰਬੰਧੀ ਮਤਾ ਪਾਸ ਕਰਵਾਇਆ। ਨਾ-ਮਿਲਵਰਤਣ ਸ਼ਬਦ ਮਾਸਟਰ ਸੁੰਦਰ ਸਿੰਘ ਦੁਆਰਾ ਘੜਿਆ ਗਿਆ ਸੀ ਜੋ ਲੋਕਾਂ ਵਿਚ ਸਭ ਤੋਂ ਵੱਧ ਪ੍ਰਵਾਨ ਕੀਤਾ ਗਿਆ ਅਤੇ ਪ੍ਰਚਲਿਤ ਹੋਇਆ। ਨਾ-ਮਿਲਵਰਤਣ ਦੇ ਕਾਰਜ ਨੂੰ 'ਅਕਾਲੀ ਅਖ਼ਬਾਰ' ਦੁਆਰਾ ਅਪਣਾਏ ਜਾਣ 'ਤੇ ਇਸ ਨੂੰ ਕੌਮੀ ਪੱਧਰ ਤਕ ਮਾਣ ਹਾਸਲ ਹੋਇਆ। ਉਸ ਸਮੇਂ ਭਾਰਤ ਦੀਆਂ ਸਾਰੀਆਂ ਅਖ਼ਬਾਰਾਂ ਅਤੇ ਨੇਤਾਵਾਂ ਵੱਲੋਂ ਸਿੱਖਾਂ ਦੁਆਰਾ ਕੀਤੇ ਗਏ ਇਸ ਕਾਰਜ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਦਿਨਾਂ ਵਿਚ ਹੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਬੰਧ ਨੂੰ ਲੈ ਕੇ ਮਸਲੇ ਚੱਲ ਰਹੇ ਸਨ। 'ਅਕਾਲੀ ਅਖ਼ਬਾਰ' ਨੇ ਇਨ੍ਹਾਂ ਮਸਲਿਆਂ ਨੂੰ ਹਵਾ ਦੇਣ ਦਾ ਕੰਮ ਕੀਤਾ ਅਤੇ 'ਅਕਾਲੀ ਅਖ਼ਬਾਰ' ਵਿਚ ਖਾਲਸਾ ਕਾਲਜ ਦੇ ਪ੍ਰਬੰਧ

ਸੰਬੰਧੀ ਚਰਚੇ ਹੋਣੇ ਸ਼ੁਰੂ ਹੋ ਗਏ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅਤੇ ਸ. ਹਰਚੰਦ ਸਿੰਘ ਲਾਇਲਪੁਰੀ ਨੇ ਖਾਲਸਾ ਕਾਲਜ ਦੇ ਮਸਲੇ ਵਿਚ ਅਹਿਮ ਭੂਮਿਕਾ ਨਿਭਾਈ। ਪੰਥਕ ਮਸਲਿਆਂ ਨੂੰ ਵਿਚਾਰਨ ਲਈ ਖਾਲਸਾ ਕਾਲਜ ਇਕ ਵਧੀਆ ਪਲੇਟਫਾਰਮ ਸੀ। ਇਸ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿਚ ਲਿਆਉਣ ਲਈ ਇਕ ਮੁਹਿੰਮ ਸ਼ੁਰੂ ਹੋ ਗਈ। ਉਸ ਸਮੇਂ ਖਾਲਸਾ ਕਾਲਜ ਦੇ ੧੩ ਪ੍ਰੋਫ਼ੈਸਰਾਂ ਨੇ ਲਾਰਡ ਵਾਇਸਰਾਏ ਨੂੰ ਚਿੱਠੀ ਲਿਖ ਕੇ ਖਾਲਸਾ ਕਾਲਜ ਨੂੰ ਪੰਥਕ ਹੱਥਾਂ ਵਿਚ ਸੌਂਪਣ ਲਈ ਕਿਹਾ। ਸਰਕਾਰ ਦੁਆਰਾ ਪ੍ਰੋਫ਼ੈਸਰਾਂ ਨੂੰ ਧਮਕੀ ਦਿੱਤੀ ਗਈ ਕਿ ਉਹ ਕਾਲਜ ਦੀ ਮਾਲੀ ਸਹਾਇਤਾ ਬੰਦ ਕਰ ਦੇਵੇਗੀ। ਇਸ ਦੇ ਉੱਤਰ ਵਿਚ ਸ. ਹਰਚੰਦ ਸਿੰਘ ਲਾਇਲਪੁਰੀ ਨੇ ਕਿਹਾ ਕਿ "ਜੇ ਸਰਕਾਰ ਖਾਲਸਾ ਕਾਲਜ ਦੀ ਮਦਦ ਬੰਦ ਕਰ ਦੇਵੇ ਤਾਂ ਮੈਂ ਆਪਣੇ ਕੋਲੋਂ ਸਾਰੀ ਮਦਦ ਦੇਵਾਂਗਾ।"[੮] ਖਾਲਸਾ ਕਾਲਜ ਬਾਰੇ ਐਜ਼ੀਟੇਸ਼ਨਾਂ ਬੜੀ ਤੇਜ਼ੀ ਨਾਲ ਅਰੰਭ ਹੋਈਆਂ ਜੋ ਪੜਾਅ-ਵਾਰ ਕਾਮਯਾਬ ਹੋਈਆਂ।

'ਅਕਾਲੀ ਅਖ਼ਬਾਰ' ਦੇ ਹੋਂਦ ਵਿਚ ਆਉਣ ਨਾਲ ਬਗ਼ੈਰ ਕਿਸੇ ਇੱਕਠ ਤੋਂ, ਕਿਸੇ ਮੀਟਿੰਗ ਤੋਂ ਇਕ ਅਣ-ਐਲਾਨੀ ਅਕਾਲੀ ਲਹਿਰ, ਇਕ ਜਮਾਤ ਅਤੇ ਇਕ ਜਥੇਬੰਦੀ ਜਨਮ ਲੈ ਰਹੀ ਸੀ। ਗੁਰਦੁਆਰਾ ਸਾਹਿਬਾਨ ਦੇ ਸੁਧਾਰ ਲਈ ਅਕਾਲੀ ਵਰਕਰਾਂ ਦੁਆਰਾ ਪਹਿਲਾਂ ਹੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ ਕਿਉਂਕਿ ਮਹੰਤ ਗੁਰਦੁਆਰਾ ਸਾਹਿਬਾਨ ਨੂੰ ਆਪਣੀਆਂ ਜਗੀਰਾਂ ਸਮਝਦੇ ਸਨ। 'ਅਕਾਲੀ ਅਖ਼ਬਾਰ' ਨੇ ਇਨ੍ਹਾਂ ਭਖਦੇ ਮਸਲਿਆਂ ਲਈ ਇਕ ਚਿੰਗਾਰੀ ਦਾ ਕੰਮ ਕੀਤਾ। ਚਾਹੇ ਉਹ ਮਸਲਾ ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ ਦਾ ਹੋਵੇ ਜਾਂ ਗੁਰਦੁਆਰਾ ਬਾਬੇ ਦੀ ਬੇਰ ਦਾ। ਇਨ੍ਹਾਂ ਮੋਰਚਿਆਂ 'ਤੇ ਫਤਿਹ ਕਰਨ ਉਪਰੰਤ ਜਲ੍ਹਿਆਂ ਵਾਲੇ ਬਾਗ਼ ਤੋਂ ਖਾਲਸਾ ਬਰਾਦਰੀ ਦਾ ਇਕ ਜਥਾ ਅਕਾਲੀ ਲੀਡਰਾਂ ਦੀ ਅਗਵਾਈ ਵਿਚ ਸ੍ਰੀ ਦਰਬਾਰ ਸਾਹਿਬ ਪਹੁੰਚਿਆ। ਇਸ ਜਥੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ ਵਿੱਚੋਂ ਛੁਡਵਾਇਆ ਗਿਆ ਤਾਂ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਜਥੇਬੰਦੀ ਕਾਇਮ ਕਰਨ ਦੀ ਲੋੜ ਮਹਿਸੂਸ ਹੋਈ। ਪਹਿਲਾਂ ਵੀ 'ਅਕਾਲੀ ਅਖ਼ਬਾਰ' ਵਿਚ ਜਥੇਬੰਦੀ ਕਾਇਮ ਕਰਨ ਲਈ ਸਿੱਖ ਆਗੂਆਂ ਅਤੇ ਵਿਦਵਾਨਾਂ ਵੱਲੋਂ ਚਿੱਠੀਆਂ ਛਪਦੀਆਂ ਰਹਿੰਦੀਆਂ ਸਨ। ੧੫ ਨਵੰਬਰ, ੧੯੨੦ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ 'ਸਰਬੱਤ ਖਾਲਸਾ' ਦਾ ਇਕੱਠ ਹੋਇਆ ਅਤੇ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਿਤ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਸਮੇਂ ਸਭ ਤੋਂ ਅਹਿਮ ਮਸਲਾ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਦੇ ਕਬਜ਼ੇ ਵਿੱਚੋਂ ਅਜ਼ਾਦ ਕਰਵਾਉਣਾ ਸੀ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਚ ਮਹੰਤ ਦੁਆਰਾ ਬਹੁਤ ਕੁਕਰਮ ਕੀਤੇ ਜਾਂਦੇ ਸਨ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ 'ਅਕਾਲੀ ਅਖ਼ਬਾਰ' ਰਾਹੀਂ ਮਹੰਤ ਦੁਆਰਾ ਕੀਤੇ ਜਾਂਦੇ

ਕੁਕਰਮਾਂ ਅਤੇ ਵਧੀਕੀਆਂ ਬਾਰੇ ਜ਼ਬਰਦਸਤ ਅਵਾਜ਼ ਉਠਾਈ। ਗੁਰਦੁਆਰਾ ਸਾਹਿਬ ਦੀ ਵਿਗੜ ਰਹੀ ਸਥਿਤੀ ਸੰਬੰਧੀ ਫੈਸਲੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦੀ ਅਗਵਾਈ ਵਿਚ ਪ੍ਰਮੁੱਖ ਅਕਾਲੀ ਆਗੂਆਂ ਦੁਆਰਾ 'ਅਕਾਲੀ ਅਖ਼ਬਾਰ' ਦੇ ਦਫ਼ਤਰ ਵਿਚ ਕੀਤੇ ਜਾਂਦੇ ਸਨ। ਮਾਸਟਰ ਜੀ ਦਾ ਪਿੰਡ ਨਨਕਾਣਾ ਸਾਹਿਬ ਤੋਂ ਕੁਝ ਹੀ ਦੂਰੀ 'ਤੇ ਸੀ। ਉਹ ਆਪਣੇ ਪਿੰਡ ਦੇ ਲੋਕਾਂ ਅਤੇ ਹੋਰ ਨਜ਼ਦੀਕੀ ਪਿੰਡਾਂ ਦੇ ਲੋਕਾਂ ਵਿਚ ਮਹੰਤ ਦੇ ਵਿਰੋਧ ਵਿਚ ਪ੍ਰਚਾਰ ਕਰਿਆ ਕਰਦੇ ਸਨ। ਉਹ ਲੋਕਾਂ ਨੂੰ ਗੁਰਦੁਆਰਾ ਸਾਹਿਬ ਵਿਚ ਸੁਧਾਰ ਲਿਆਉਣ ਲਈ ਪ੍ਰੇਰਿਤ ਕਰਦੇ ਸਨ। ਮਾਸਟਰ ਸੁੰਦਰ ਸਿੰਘ ਅਤੇ ਸ. ਹਰਚੰਦ ਸਿੰਘ ਨੇ ਪੂਰੇ ਲਾਇਲਪੁਰ ਦੇ ਲੋਕਾਂ ਨੂੰ ਮਹੰਤ ਦੇ ਵਿਰੁੱਧ ਤਿਆਰ ਕਰ ਲਿਆ ਸੀ। ਲੋਕ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਸਨ। "ਰੋਜ਼ਾਨਾ ਅਕਾਲੀ ਨੇ ਗੁਰਦੁਆਰਾ ਸੁਧਾਰ ਦਾ ਮਸਲਾ ਬੜਾ ਭਖਾ ਤਪਾ ਦਿੱਤਾ ਸੀ ਅਤੇ ਇਸ ਦੇ ਲੇਖਾਂ ਨੇ ਸਿੱਖਾਂ ਨੂੰ ਟੁੰਬ-ਟੁੰਬ, ਹਲੂਣ-ਹਲੂਣ ਜਗਾ ਦਿੱਤਾ ਸੀ। ਹਰ ਇਲਾਕੇ ਤੇ ਜ਼ਿਲ੍ਹੇ ਵਿਚ, ਸੌਣ-ਭਾਦਰੋਂ ਦੀਆ ਖੁੰਭਾਂ ਵਾਂਗ, ਅਕਾਲੀ ਆਗੂ ਉਗਮ ਪਏ ਸਨ ਜਿਨ੍ਹਾਂ ਨੇ ਦਿਨਾਂ-ਹਫ਼ਤਿਆਂ ਵਿਚ ਹੀ ਆਪਣੇ ਅਕਾਲੀ ਜਥੇ ਕਾਇਮ ਕਰ ਲਏ ਸਨ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰ ਲਈ ਲੋਕਾਂ ਨੇ ਕੇਸਰੀ ਸਾਫੇ ਬੰਨ੍ਹ ਲਏ ਸਨ। ਪਿੰਡਾਂ ਦੇ ਪਿੰਡ ਤੇ ਬਜ਼ਾਰਾਂ ਦੇ ਬਜ਼ਾਰ ਅਕਾਲੀ ਬਣਨ ਨੂੰ ਮਾਣ ਦੀ ਗੱਲ ਸਮਝਣ ਲੱਗ ਪਏ ਸਨ।"[੯]

ਹਵਾਲੇ :


੧. ਨਿਰੰਜਨ ਸਿੰਘ, *ਜੀਵਨ-ਯਾਤਰਾ ਮਾਸਟਰ ਤਾਰਾ ਸਿੰਘ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ,੧੯੬੮, ਪੰ.੬੧.

੨. ਹੀਰਾ ਸਿੰਘ ਦਰਦ, *ਮੇਰੀਆਂ ਕੁਝ ਇਤਿਹਾਸਕ ਯਾਦਾਂ,* ਧਨਪੰਤ ਰਾਏ ਐਂਡ ਸੰਨਜ਼, ਜਲੰਧਰ, ੧੯੫੫, ਪੰਨਾ ੧੪੭

੩. ਨਿਰੰਜਨ ਸਿੰਘ, *ਉਹੀ,* ਪੰ.੬੪.

੪. ਪਿਆਰ ਸਿੰਘ, *ਤੇਜਾ ਸਿੰਘ ਸਮੁੰਦਰੀ* , ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,੧੯੭੫, ਪੰ. ੬੨

੫. ਹੀਰਾ ਸਿੰਘ ਦਰਦ, *ਉਹੀ,* ਪੰ. ੧੫੫

੬. ਪਿਆਰ ਸਿੰਘ, *ਉਹੀ,* ਪੰ. ੮੯

੭. ਹੀਰਾ ਸਿੰਘ ਦਰਦ, *ਉਹੀ,* ਪੰ ੧੫੩.

੮. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੦, ਪੰ. ੨੪

੯. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਨਵਯੁਗ ਪਬਲਿਸ਼ਰਜ਼, ਦਿੱਲੀ, ੧੯੭੨, ਪੰ. ੩੮

# ਬੱਚਿਆਂ ਨੂੰ ਸਿਖਾਓ!
# ਸਿੱਖ ਮਾਰਸ਼ਲ ਆਰਟ 'ਗਤਕਾ'

*-ਸ. ਗੁਰਪ੍ਰੀਤ ਸਿੰਘ**

ਅਜੋਕੀ ਜੀਵਨ-ਸ਼ੈਲੀ ਵਿਚ ਜਿੱਥੇ ਅਸੀਂ ਗ਼ਲਤ ਜੀਵਨ-ਜਾਚ ਕਾਰਨ ਬਿਮਾਰੀਆਂ ਤੋਂ ਪ੍ਰਭਾਵਿਤ ਹਾਂ, ਉੱਥੇ ਹੀ ਸਾਡੇ ਬੱਚੇ ਵੀ ਇਨ੍ਹਾਂ ਬਿਮਾਰੀਆਂ ਤੋਂ ਅਛੂਤੇ ਨਹੀਂ ਰਹੇ। ਬੱਚਿਆਂ ਵਿਚ ਵੀ ਵਧਦੀਆਂ ਬਿਮਾਰੀਆਂ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਬਿਮਾਰੀਆਂ ਵੀ ਸਰੀਰਿਕ ਤੇ ਮਾਨਸਿਕ ਦੋਵਾਂ ਤਰ੍ਹਾਂ ਦੀਆਂ ਹੀ ਹਨ। ਹੈਰਾਨੀ ਦੀ ਗੱਲ ਹੈ ਕਿ ਮਾਨਸਿਕ ਤਣਾਅ ਦਾ ਸ਼ਿਕਾਰ ਅੱਜਕਲ੍ਹ ਬੱਚੇ ਵੀ ਹੋ ਰਹੇ ਹਨ, ਜਿਸ ਬਾਰੇ ਕਦੇ ਸੋਚਿਆ ਹੀ ਨਹੀਂ ਸੀ। ਬੱਚਿਆਂ ਵਿਚ ਵਧਦਾ ਮੋਟਾਪਾ ਵੀ ਮਾਪਿਆਂ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਬਹੁਤ ਸਾਰੀਆਂ ਬਿਮਾਰੀਆਂ ਦੀ ਜੜ੍ਹ ਮੋਟਾਪਾ ਹੀ ਹੈ। ਅਜੋਕੇ ਸਮੇਂ ਇਲੈਕਟ੍ਰਾਨਿਕ ਯੰਤਰ (Devices) ਜਿਵੇਂ: ਟੈਲੀਵਿਜ਼ਨ, ਮੋਬਾਈਲ, ਲੈਪਟਾਪ, ਕੰਪਿਊਟਰ, ਆਦਿ 'ਤੇ ਹੀ ਬੱਚੇ ਸਾਰਾ ਦਿਨ ਖੇਡ ਗੁਜ਼ਾਰ ਕੇ ਆਪਣਾ ਸਮਾਂ ਲੰਘਾ ਰਹੇ ਹਨ, ਇਹ ਇਲੈਕਟ੍ਰਾਨਿਕ ਯੰਤਰ ਰੇਡੀਏਸ਼ਨ (ਅਦਿੱਖ ਘਾਤਕ ਬਿਜਲਈ ਕਿਰਨਾਂ) ਪੈਦਾ ਕਰਦੇ ਹਨ, ਇਸ ਰੇਡੀਏਸ਼ਨ ਦੁਆਰਾ ਇਨ੍ਹਾਂ ਯੰਤਰਾਂ ਰਾਹੀਂ ਬੱਚਿਆਂ ਦੀ ਸਿਹਤ, ਅੱਖਾਂ ਅਤੇ ਦਿਮਾਗ਼ ਆਦਿ ਤੋਂ ਇਲਾਵਾ ਸਰੀਰ ਦੇ ਕਈ ਅੰਗਾਂ 'ਤੇ ਇਸ ਦੇ ਬੁਰੇ ਪ੍ਰਭਾਵ ਵੀ ਕਿਸੇ ਤੋਂ ਲੁਕੇ ਹੋਏ ਨਹੀਂ ਹਨ। ਸ਼ਹਿਰਾਂ ਦੀ ਤਾਂ ਗੱਲ ਛੱਡੋ, ਹੁਣ ਪੇਂਡੂ ਖੇਤਰਾਂ ਵਿਚ ਵੀ ਖੇਡਣ ਵਾਲੀਆਂ ਗਰਾਊਂਡਾਂ ਨਜ਼ਰ ਨਹੀਂ ਆਉਂਦੀਆਂ। ਜਿੱਥੇ ਪਹਿਲਾਂ ਬੱਚੇ ਖੁੱਲ੍ਹੇ ਖੇਡ ਮੈਦਾਨਾਂ ਵਿਚ ਘੰਟਿਆਂ-ਬੱਧੀ ਖੇਡਦੇ ਰਹਿੰਦੇ ਸਨ, ਉੱਥੇ ਅੱਜਕਲ੍ਹ ਇਸ ਦੀ ਜਗ੍ਹਾ ਮੋਬਾਇਲ, ਕੰਪਿਊਟਰ ਅਤੇ ਲੈਪਟਾਪ ਨੇ ਲੈ ਲਈ ਹੈ। ਇਨ੍ਹਾਂ ਬਿਜਲਈ ਯੰਤਰਾਂ ਵਿਚ ਜ਼ਿਆਦਾਤਰ ਬੱਚੇ ਵੀਡੀਓ ਗੇਮਾਂ ਖੇਡਣੀਆਂ ਹੀ ਪਸੰਦ ਕਰਦੇ ਹਨ। ਇਨ੍ਹਾਂ ਗੇਮਾਂ ਦੀ ਕੈਟਾਗਰੀ ਵਿਚ ਉਹ ਜਿਸ ਕਾਰਨ ਲੜਾਈ (Fight) ਵਾਲੀਆਂ ਵੀਡਿਉ ਗੇਮਾਂ ਵਧੇਰੇ ਰੁਚੀ ਨਾਲ ਖੇਡਦੇ ਹਨ। ਬਚਪਨ ਦੀ ਉਮਰ ਵਿਚ ਬੱਚੇ ਤੇ ਨੌਜਵਾਨ ਫੁਰਤੀਲੇ ਤੇ ਊਰਜਾ (Energy) ਨਾਲ ਭਰੇ ਹੋਏ ਹੁੰਦੇ ਹਨ, ਕੁਝ ਨਵਾਂ ਸਿੱਖਣ ਤੇ ਕਰਨ ਦੀ ਲਾਲਸਾ ਕਾਰਨ ਉਨ੍ਹਾਂ ਦਾ ਧਿਆਨ ਸੁਭਾਵਕ ਹੀ 'ਮਾਰਸ਼ਲ ਆਰਟਸ' ਵੱਲ ਵਧੇਰੇ ਖਿੱਚਿਆ ਜਾਂਦਾ ਹੈ। ਦੇਖਿਆ ਗਿਆ ਹੈ ਕਿ ਲੜਾਈ (Fight) ਵਾਲੀਆਂ ਫ਼ਿਲਮਾਂ ਤੇ ਵੀਡਿਓ ਗੇਮਾਂ ਅੱਜਕਲ੍ਹ ਦੀ ਨੌਜਵਾਨ ਪੀੜ੍ਹੀ ਬੜੇ ਚਾਅ ਨਾਲ ਦੇਖਣਾ/ਖੇਡਣਾ ਪਸੰਦ ਕਰਦੀ ਹੈ ਅਤੇ ਉਸੇ ਦੀ ਹੀ ਨਕਲ ਕਰਦੀ ਹੈ। ਇਸ ਪ੍ਰਸੰਗ ਵਿਚ ਇਹ ਜੋ ਕੁਝ ਵੀ ਅੱਜਕਲ੍ਹ ਦੇ ਨੌਜਵਾਨ ਬੱਚੇ ਕਰਦੇ

*ਗਤਕਾ ਮਾਸਟਰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ, ਮੋ. ੯੩੫੭੧-੯੭੬੩੩

ਹਨ ਇਸ ਦੇ ਬੁਰੇ ਪ੍ਰਭਾਵ ਵੀ ਦੇਖਣ ਨੂੰ ਮਿਲਦੇ ਹਨ। ਨੌਜਵਾਨ ਬੱਚੇ ਜ਼ਿੱਦੀ, ਝਗੜਾਲੂ, ਮਨਮਰਜ਼ੀ ਦੇ ਮਾਲਕ, ਗੁੱਸੇਖੋਰ, ਹਾਰ ਨੂੰ ਬਰਦਾਸ਼ਤ ਨਾ ਕਰਨ ਵਾਲੇ, ਸਹਿਣਸ਼ੀਲਤਾ ਦੀ ਘਾਟ, ਨੈਤਿਕਤਾ ਦੀ ਘਾਟ, ਜਿੱਤ ਦੇ ਲਈ ਲਗਾਤਾਰ ਜੂਝਣ ਦੀ ਘਾਟ ਅਤੇ ਜ਼ਿੰਦਗੀ ਦੇ ਉਤਾਰ-ਚੜ੍ਹਾਵਾਂ ਵਿਚ ਛੋਟੀ-ਛੋਟੀ ਗੱਲ ਉੱਪਰ ਆਤਮ-ਹੱਤਿਆ ਕਰਨ ਤਕ ਵੀ ਚਲੇ ਜਾਂਦੇ ਹਨ, ਭਾਵ ਕਿ ਅਜਿਹੇ ਅਵਗੁਣ ਵੀ ਇਸ ਇਲੈਕਟ੍ਰਾਨਿਕ ਮੀਡੀਏ ਦੀ ਤੇ ਵੀਡੀਓ ਗੇਮਾਂ ਦੀ ਦੇਣ ਹੈ ਜੋ ਕਿ ਮਾਨਸਿਕ ਤਣਾਅ ਤੋਂ ਉਪਜਦੀਆਂ ਅਲਾਮਤਾਂ ਹਨ। ਸੋ ਉਪਰਲੀਆਂ ਸਾਰੀਆਂ ਅਲਾਮਤਾਂ ਤੇ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਮਾਪਿਆਂ ਨੂੰ ਬੱਚਿਆਂ ਦੇ ਸੁਭਾਅ ਤੇ ਰੁਚੀ ਮੁਤਾਬਕ ਬਹੁਪੱਖੀ ਤੰਦਰੁਸਤੀ (Fitness) ਲਈ ਬੱਚਿਆਂ ਨੂੰ ਮਾਰਸ਼ਲ ਆਰਟ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ।

ਸਿੱਖ ਮਾਰਸ਼ਲ ਆਰਟ 'ਗਤਕਾ' ਇੱਕ ਚੰਗਾ ਬਦਲ ਹੈ :

ਮਾਰਸ਼ਲ ਆਰਟ ਦੇ ਅਭਿਆਸ (Exercise/Practice) ਨਾਲ ਜਿੱਥੇ ਬੱਚੇ ਦੀ ਸਿਹਤ ਠੀਕ ਰਹਿੰਦੀ ਹੈ। ਉੱਥੇ ਨਾਲ-ਨਾਲ ਉਸ ਦੇ ਅੰਦਰ ਨੈਤਿਕ ਗੁਣਾਂ ਦਾ ਵਿਕਾਸ ਵੀ ਹੁੰਦਾ ਹੈ। 'ਗਤਕਾ' ਜਿੱਥੇ ਤੰਦਰੁਸਤੀ ਦਾ ਸਾਧਨ ਹੈ, ਉੱਥੇ ਹੀ ਇਸ ਖੇਡ ਨੂੰ ਖੇਡਦਿਆਂ ਬੱਚੇ ਅੰਦਰ ਅਨੁਸ਼ਾਸਨ ਅਤੇ ਦੂਜਿਆਂ ਦਾ ਸਨਮਾਨ ਕਰਨਾ ਆਉਂਦਾ ਹੈ। ਗਤਕਾ ਸਿੱਖ ਕੇ ਉਹ ਆਤਮ-ਰੱਖਿਆ ਤੇ ਮੁਸ਼ਕਿਲ ਹਾਲਾਤ ਵਿਚ ਖ਼ੁਦ ਨੂੰ ਬਚਾ ਸਕਣ (Self Defence) ਦੇ ਸਮਰੱਥ ਹੁੰਦਾ ਹੈ। ਇਸ ਨਾਲ ਦੂਸਰਿਆਂ ਦੇ ਨਾਲ ਸਹਿਯੋਗ ਅਤੇ ਸਵੈ- ਜਾਬਤਾ (Self Control) ਦੀ ਕਲਾ ਉਸ ਦੀ ਸ਼ਖ਼ਸੀਅਤ ਵਿਚ ਨਿਖਾਰ ਲਿਆਉਂਦੀ ਹੈ। ਇਸ ਤਰ੍ਹਾਂ ਨਾਲ ਉਸ ਦਾ ਸੰਪੂਰਨ ਵਿਕਾਸ ਹੁੰਦਾ ਹੈ। ਗਤਕਾ, ਅਸਲ ਵਿਚ ਬਾਣੀ ਤੇ ਬਾਣੇ ਦੀ ਕਲਾ ਹੈ। ਗਤਕੇ ਦਾ ਖਿਡਾਰੀ ਇਸ ਕਲਾ ਦੀ ਬਦੌਲਤ ਗੁਰੂ-ਘਰ ਤੋਂ ਚੰਗੇ ਉੱਚੇ ਆਚਰਨ ਦਾ ਧਾਰਨੀ, ਉੱਚੇ-ਸੁੱਚੇ ਵਿਚਾਰ ਤੇ ਗੁਰਬਾਣੀ ਦੀ ਗੁੜ੍ਹਤੀ ਲੈਂਦਾ ਹੈ। ਸੇਵਾ, ਸਿਮਰਨ ਅਤੇ ਜ਼ੁਲਮ ਵਿਰੁੱਧ ਡਟਣਾ, ਨਿਡਰ ਸੁਭਾਅ, ਗ਼ਰੀਬ-ਗੁਰਬੇ ਦੀ ਰੱਖਿਆ ਵਰਗੇ ਵੱਡੇ ਗੁਣ ਉਸ ਅੰਦਰ ਸਹਿਜੇ ਹੀ ਆ ਜਾਂਦੇ ਹਨ। ਸਿੱਖ ਸ਼ਸਤਰ ਵਿੱਦਿਆ ਮਾਰਸ਼ਲ ਆਰਟ ਗਤਕੇ ਦੀ ਬਦੌਲਤ ਉਸ ਨੂੰ ਗੁਰੂ-ਘਰੋਂ ਸਰੀਰਿਕ ਤੰਦਰੁਸਤੀ, ਫੁਰਤੀ ਤੇ ਨਾਮ-ਸਿਮਰਨ ਗੁਰਬਾਣੀ ਦੀ ਦਾਤ ਮਿਲਦੀ ਹੈ। ਗਤਕੇ ਦੁਆਰਾ ਬੱਚਿਆਂ ਨੂੰ ਆਪਣੇ ਸੱਭਿਆਚਾਰ, ਮਾਂ-ਬੋਲੀ, ਗੁਰਮੁਖੀ ਨਾਲ ਜੁੜਨ ਦਾ ਮੌਕਾ ਮਿਲਦਾ ਹੈ, ਕਿਉਂਕਿ ਜਿਹੜੇ ਗਤਕਾ ਸਿਖਾਉਣ ਲਈ ਕੋਚ ਜਾਂ ਉਸਤਾਦ ਹਨ, ਉਹ ਵੀ ਬਾਣੀ-ਬਾਣੇ, ਮਾਂ-ਬੋਲੀ ਪੰਜਾਬੀ ਤੇ ਆਪਣੇ ਸੱਭਿਆਚਾਰ ਨਾਲ ਜੁੜੇ ਹੁੰਦੇ ਹਨ। ਇਸ ਦੁਆਰਾ ਨੌਜਵਾਨ ਨਸ਼ਿਆਂ ਵਰਗੀ ਭਿਆਨਕ ਤੇ ਘਾਤਕ ਅਲਾਮਤ ਤੋਂ ਵੀ ਬਚਦਾ ਹੈ। ਗਤਕਾ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣਾ ਸਿਖਾਉਂਦਾ ਹੈ।

ਗਤਕੇ ਦੇ ਖਿਡਾਰੀ ਵਿਚ ਇੱਕ ਵੱਡਾ ਗੁਣ ਇਹ ਹੈ ਕਿ ਚਾਹੇ ਕਿਸੇ ਤਰ੍ਹਾਂ ਦੇ ਹਾਲਾਤ ਹੋਣ ਉਨ੍ਹਾਂ ਨਾਲ ਜੂਝਣਾ ਤੇ ਜਿੱਤ ਪ੍ਰਾਪਤ ਕਰਨੀ ਗਤਕੇਬਾਜ਼ ਦੇ ਖ਼ੂਨ ਵਿਚ ਹੁੰਦੀ ਹੈ। ਗੁਰਬਾਣੀ ਦੇ ਫੁਰਮਾਨ ਅਨੁਸਾਰ *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ* ਵਰਗੇ ਗੁਣਾਂ ਦਾ ਗਤਕਾਬਾਜ਼ ਧਾਰਨੀ ਬਣ ਜਾਂਦਾ ਹੈ। ਗਤਕਾਬਾਜ਼ ਅਖਾੜੇ ਵਿਚ ਉਸਤਾਦ ਦਾ, ਘਰ ਵਿਚ ਮਾਂ-ਬਾਪ ਦਾ ਅਤੇ ਗੁਰੂ-ਘਰ ਦਾ ਆਗਿਆਕਾਰੀ ਬਣ ਜਾਂਦਾ ਹੈ। ਇਸ ਤਰ੍ਹਾਂ ਉਸ ਦਾ ਸੰਪੂਰਨ ਵਿਕਾਸ ਹੁੰਦਾ ਹੈ ਤੇ ਇਹੋ ਜਿਹੇ ਸੰਪੂਰਨਤਾ ਭਰੇ ਗੁਣ ਕਿਸੇ ਹੋਰ ਮਾਰਸ਼ਲ ਆਰਟ ਵਿੱਚੋਂ ਨਹੀਂ ਮਿਲ ਸਕਦੇ ਜੋਕਿ ਗਤਕੇ ਦੇ ਖਿਡਾਰੀ ਵਿਚ ਸੁਭਾਵਿਕ ਹੀ ਆ ਜਾਂਦੇ ਹਨ।

ਗਤਕੇ ਵਿਚ ਬੱਚੇ ਦੀ ਰੁਚੀ ਕਿਸ ਤਰ੍ਹਾਂ ਪੈਦਾ ਕੀਤੀ ਜਾਵੇ?

ਇਹ ਇਕ ਅਹਿਮ ਸਵਾਲ ਹੈ। ਬੱਚਾ ਸਿੱਖ ਮਾਰਸ਼ਲ ਆਰਟ ਗਤਕਾ ਕਿਉਂ ਸਿੱਖਣਾ ਚਾਹੁੰਦਾ ਹੈ? ਕੀ ਉਸ ਦੀ ਗਤਕਾ ਸਿੱਖਣ ਵਿਚ ਰੁਚੀ ਹੈ, ਕੀ ਉਸ ਨੂੰ ਗਤਕਾ ਖੇਡਣਾ ਜਾਂ ਦੇਖਣਾ ਚੰਗਾ ਲੱਗਦਾ ਹੈ, ਗਤਕਾ ਉਹ ਦੂਸਰਿਆਂ ਨਾਲ ਆਪਣੇ ਮੁਕਾਬਲੇ ਲਈ ਸਿੱਖਣਾ ਚਾਹੁੰਦਾ ਹੈ ਜਾਂ ਆਤਮ-ਰੱਖਿਆ ਲਈ, (Self Defence) ਲਈ ਸਿੱਖਣਾ ਚਾਹੁੰਦਾ ਹੈ। ਕੀ ਗਤਕਾ ਖੇਡਦਿਆਂ ਦੇਖ ਕੇ ਉਸ ਦੇ ਮਨ ਵਿਚ ਚਾਅ ਉਤਪੰਨ ਹੁੰਦਾ ਹੈ, ਕੀ ਉਹ ਵੀ (ਸ਼ਸਤਰ ਵਿੱਦਿਆ) ਸਿੱਖ ਮਾਰਸ਼ਲ ਆਰਟ ਵਿਚ ਨਿਪੁੰਨ ਚੰਗਾ ਗਤਕਈ ਬਣਨਾ ਚਾਹੁੰਦਾ ਹੈ। ਉਸ ਨੂੰ ਇਨ੍ਹਾਂ ਗੱਲਾਂ ਤੋਂ ਸਪੱਸ਼ਟ ਹੋਣਾ ਚਾਹੀਦਾ ਹੈ। ਗਤਕਾ ਸਿਖਲਾਈ ਦੀ ਗੁਣਵੱਤਾ ਸਿਖਲਾਈ-ਦਾਤਾ ਦੇ ਸਿਖਾਉਣ ਢੰਗ ਅਤੇ ਬੱਚੇ ਦੇ ਸਿੱਖਣ ਦੀ ਤਾਕਤ 'ਤੇ ਨਿਰਭਰ ਕਰਦੀ ਹੈ ਕਿ ਉਹ ਕਿਤਨੀ ਕੁ ਜਲਦੀ ਤੇ ਕਿੰਨਾ ਚੰਗਾ (ਗਤਕਈ) ਗਤਕੇ ਦਾ ਖਿਡਾਰੀ ਬਣ ਸਕਦਾ ਹੈ। ਜਿਸ ਸਕੂਲ ਜਾਂ ਅਕੈਡਮੀ ਜਾਂ ਅਖਾੜੇ ਵਿਚ ਉਸ ਨੂੰ ਦਾਖ਼ਲ ਕਰਵਾਉਣਾ ਹੋਵੇ, ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਨਾਲ ਲੈ ਕੇ ਉਸ ਅਕੈਡਮੀ ਜਾਂ ਅਖਾੜੇ ਵਿਚ ਜਾ ਕੇ ਉੱਥੋਂ ਦੀਆਂ ਘੱਟੋ-ਘੱਟ ਤਿੰਨ ਕਲਾਸਾਂ ਜ਼ਰੂਰ ਦੇਖਣ। ਧਿਆਨ ਦੇਣ ਯੋਗ ਹੈ ਕਿ ਕਲਾਸ ਵਿਚ ਬੱਚਿਆਂ ਦੀ ਗਿਣਤੀ ਬਹੁਤੀ ਜ਼ਿਆਦਾ ਵੀ ਨਾ ਹੋਵੇ। ਇਸ ਗੱਲ ਦਾ ਧਿਆਨ ਰੱਖੋ ਤਾਂ ਜੋ ਟੀਚਰ ਉਸਤਾਦ ਜਾਂ ਗਤਕਾ ਇੰਸਟਰਕਟਰ ਉਸ ਵੱਲ ਬਿਹਤਰ ਧਿਆਨ ਦੇ ਸਕੇ। ਇਸ ਨਾਲ ਬੱਚਾ ਸਿਖਲਾਈ ਦੌਰਾਨ ਕਿਸੇ ਤਰ੍ਹਾਂ ਦੀ ਸੱਟ ਆਦਿ ਤੋਂ ਬਚਿਆ ਰਹੇਗਾ। ਉਸਤਾਦ ਜਾਂ ਇੰਸਟਰਕਟਰ ਦਾ ਧਿਆਨ ਉਨ੍ਹਾਂ ਬੱਚਿਆਂ ਜਾਂ ਵਿਦਿਆਰਥੀਆਂ ਵੱਲ ਰਹਿਣ ਨਾਲ ਉਹ ਵਧੀਆ ਤਰੀਕੇ ਨਾਲ ਤਿਆਰੀ ਕਰ ਸਕਦੇ ਹਨ। ਇਹ ਵੀ ਦੇਖੋ ਕਿ ਬੱਚੇ ਦੀ ਰੁਚੀ ਕਿਸ ਖੇਡ ਵੱਲ ਜ਼ਿਆਦਾ ਹੈ? ਜਿਵੇਂ ਕਿ ਗਤਕੇ ਵਿਚ ਕਈ ਪ੍ਰਕਾਰ ਦੇ ਸ਼ਸਤਰ ਜਾਂ (ਹਥਿਆਰ ਜਾਂ ਇੰਸਟਰੂਮੈਂਟ) ਹੁੰਦੇ ਹਨ, ਉਨ੍ਹਾਂ ਵਿੱਚੋਂ ਬੱਚੇ ਦੀ ਰੁਚੀ ਦਾ ਖਾਸ ਧਿਆਨ ਰੱਖਿਆ ਜਾ ਸਕਦਾ ਹੈ। ਜਿਵੇਂ ਕਿ ਕਈਆਂ ਬੱਚਿਆਂ ਨੌਜਵਾਨਾਂ

ਦੀ ਰੁਚੀ ਸਵੈ- ਪ੍ਰਦਰਸ਼ਨ (Demonstration) ਵੱਲ ਜ਼ਿਆਦਾ ਹੁੰਦੀ ਹੈ ਤੇ ਉਹ ਇਕੱਲੇ ਚਲਾਉਣ (individual demonstration) ਵਾਲੇ ਸ਼ਸਤਰ, (ਜਿਸ ਵਿਚ ਨਾਲ ਸਾਥੀ ਦੂਸਰੇ ਖਿਡਾਰੀ ਦੀ ਜ਼ਰੂਰਤ ਨਹੀਂ ਪੈਂਦੀ), ਇਸ ਤਰ੍ਹਾਂ ਦੇ ਸ਼ਸਤਰ ਚਲਾਉਣਾ ਜ਼ਿਆਦਾ ਪਸੰਦ ਕਰਦੇ ਹਨ, ਦੂਸਰੀ ਕਿਸਮ ਦੇ ਉਹ ਸ਼ਸਤਰ ਹੁੰਦੇ ਹਨ ਜਿਨ੍ਹਾਂ ਵਿਚ ਨਾਲ ਸਾਥੀ ਖਿਡਾਰੀ ਦੀ ਜਾਂ ਦੂਜੇ ਖਿਡਾਰੀ ਦੀ ਜ਼ਰੂਰਤ ਰਹਿੰਦੀ ਹੈ ਤੇ ਦੋਨੋਂ ਜਣੇ ਰਲ ਕੇ ਆਪਸ ਵਿਚ ਪ੍ਰੈਕਟਿਸ ਕਰਦੇ ਹਨ ਜਾਂ ਲੜ੍ਹਾਈ (Fight) ਕਰਦੇ ਹਨ, ਇਸ ਦੌਰਾਨ ਹਮਲਾ ਕਰਨਾ ਤੇ ਆਪਣਾ ਬਚਾਅ ਕਰਨਾ ਸਿਖਾਇਆ ਜਾਂਦਾ ਹੈ। ਇਸ ਦਵੰਦ-ਕਲਾ ਵਿਚ ਇੱਕ ਖਿਡਾਰੀ ਆਪਣੇ ਸ਼ਸਤਰ ਦੁਆਰਾ ਦੂਸਰੇ ਖਿਡਾਰੀ 'ਤੇ ਬਲ ਦਾ ਪ੍ਰਯੋਗ ਕਰਦੇ ਹੋਏ ਵਾਰ ਕਰਦਾ ਹੈ ਅਤੇ ਦੂਸਰਾ ਖਿਡਾਰੀ ਉਸ ਨੂੰ ਤਕਨੀਕ ਨਾਲ ਰੋਕ ਕੇ ਵਾਪਸੀ ਜਵਾਬ ਵਿਚ ਆਪਣੇ ਸ਼ਸਤਰ (Weapon) ਨਾਲ ਬਲ ਦਾ ਪ੍ਰਯੋਗ ਕਰਦੇ ਹੋਏ ਜਵਾਬੀ ਵਾਰ ਕਰਦਾ ਹੈ। ਇਸ ਤਰ੍ਹਾਂ ਦੀ ਖੇਡ ਨੂੰ ਮੁਕਾਬਲਾ ਜਾਂ (Fight event) ਕਿਹਾ ਜਾਂਦਾ ਹੈ।

**ਗਤਕੇ ਵਿਚ ਸੱਟ ਲੱਗਣ ਦਾ ਡਰ ਕਿੰਨਾ ਕੁ ਹੈ ?**

ਇਹ ਜਿਹੜਾ ਗਤਕੇ ਦਾ ਮੁਕਾਬਲਾ ਫ਼ਰੀ ਸੋਟੀ ਨਾਲ ਜਾਂ ਸੋਟੀ ਨਾਲ ਹੁੰਦਾ ਹੈ ਜਿਸ ਨੂੰ ਕਿ ਫਾਈਟ ਈਵੈਂਟ (Fight event) ਕਿਹਾ ਜਾਂਦਾ ਹੈ। ਇਹ ਇੱਕ-ਦੂਜੇ ਨੂੰ ਕੁੱਟਣ ਲਈ ਨਹੀਂ ਹੁੰਦਾ, ਤੇ ਨਾ ਹੀ ਆਪਣੇ ਸਾਹਮਣੇ ਪ੍ਰਤੀ-ਦਵੰਦੀ ਨੂੰ ਸੱਟਾਂ ਲਗਾਉਣ ਲਈ ਜਾਂ ਜ਼ਖਮੀ ਕਰਨ ਲਈ। ਇਸ ਮੁਕਾਬਲੇ ਲਈ ਨਿਯਮ(Rule and Regulation) ਹੁੰਦੇ ਹਨ। ਜਿਸ ਅਨੁਸਾਰ ਸੋਟੀ ਨਾਲ ਸਾਹਮਣੇ ਵਾਲੇ ਖਿਡਾਰੀ ਨੂੰ ਸਿਰਫ ਛੂਹਣਾ (Touch) ਕਰਨਾ ਹੁੰਦਾ ਹੈ। ਜਿਸ ਦਾ ਮਕਸਦ ਸੱਟ ਲਗਾਉਣਾ ਨਹੀਂ, ਬਲਕਿ ਪੁਆਇੰਟ (Point) ਲੈਣਾ ਹੁੰਦਾ ਹੈ। ਜਿਸ ਖਿਡਾਰੀ ਦੇ ਜ਼ਿਆਦਾ ਪੁਆਇੰਟ (Point) ਹੁੰਦੇ ਹਨ ਉਸ ਨੂੰ ਜੇਤੂ ਕਰਾਰ ਦਿੱਤਾ ਜਾਂਦਾ ਹੈ। ਜੇਕਰ ਕੋਈ ਖਿਡਾਰੀ ਖੇਡ ਨਿਯਮਾਂ ਦੀ ਉਲੰਘਣਾ ਕਰਦਾ ਹੈ, ਜਿਵੇਂ ਕਿ ਤੇਜ਼ ਗੁੱਸੇ ਨਾਲ ਸੋਟੀ ਮਾਰਦਾ ਹੈ ਜਾਂ ਅਸਲ ਵਿਚ ਲੜਨ ਵਾਲੀ ਸਥਿਤੀ ਪੈਦਾ ਕਰਦਾ ਹੈ, ਸੱਟ ਮਾਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਫਾਊਲ ਦਿੱਤਾ ਜਾਂਦਾ ਹੈ। ਜ਼ਿਆਦਾ ਆਕਰਮਕ ਅਤੇ ਨਿਯਮਾਂ ਤੋਂ ਬਾਹਰ ਹੋ ਕੇ ਖੇਡਣ 'ਤੇ ਉਸ ਨੂੰ ਗ਼ਲਤ ਖੇਡ (Root Fighting) ਤਕਨੀਕ ਕਰਾਰ ਦੇ ਕੇ ਉਸ ਨੂੰ ਮੁਕਾਬਲੇ ਤੋਂ ਬਾਹਰ (Disqualified) ਕਰ ਦਿੱਤਾ ਜਾਂਦਾ ਹੈ। ਗਤਕਾ ਖੇਡ ਮੁਕਾਬਲਿਆਂ ਦੌਰਾਨ ਪੂਰੇ ਬਚਾਅ ਅਤੇ ਰੱਖਿਆ (Safety and Protection) ਲਈ ਵਰਤੇ ਜਾਣ ਵਾਲੇ (Safety Guard) ਬਚਾਅ ਉਪਕਰਨ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਨਾਲ ਗਤਕਾ ਖੇਡਣ ਲੱਗਿਆਂ ਸੱਟ ਲੱਗਣ ਦਾ ਡਰ ਨਹੀਂ ਰਹਿੰਦਾ। ਸੋ ਇਸ ਮਾਮਲੇ ਵਿਚ ਬੇਫ਼ਿਕਰ ਹੋ ਜਾਣਾ ਚਾਹੀਦਾ ਹੈ। ਮਾਪੇ ਇਹ ਸੋਚਣ ਕਿ ਬੱਚਾ ਜੋ ਚੁਣ ਰਿਹਾ ਹੈ ਉਹ ਉਸ ਲਈ ਸਹੀ ਹੈ। ਇਸ

ਲਈ ਇੰਸਟਰਕਟਰ, ਟੀਚਰ ਜਾਂ ਉਸਤਾਦ ਨਾਲ ਮਸ਼ਵਰਾ ਜਾਂ ਸਲਾਹ ਕਰ ਲੈਣੀ ਚਾਹੀਦੀ ਹੈ। ਚਾਹੇ ਕਿ ਉਸਤਾਦ ਦੇ ਠੀਕ ਦੇਖ-ਰੇਖ ਵਿਚ ਸਹੀ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਇੱਕ ਤਰੀਕੇ ਨਾਲ ਪੜਾਅਵਾਰ ਸਿਖਲਾਈ ਲੈਂਦਿਆਂ ਗਤਕਾ ਖੇਡ ਵਿਚ ਸੱਟ-ਫੇਟ ਆਦਿ ਨਹੀਂ ਲੱਗਦੀ। ਪ੍ਰੰਤੂ ਕਈ ਮਾਪਿਆਂ ਦੇ ਮਨਾਂ ਵਿਚ ਇਸ ਗੱਲ ਦਾ ਭੈਅ ਵੀ ਹੁੰਦਾ ਹੈ ਕਿ ਗਤਕਾ ਖੇਡਦੇ ਹੋਏ ਬੱਚਾ ਕਿਤੇ ਆਪਣਾ ਨੁਕਸਾਨ ਨਾ ਕਰਵਾ ਲਵੇ ਜਾਂ ਉਸ ਨੂੰ ਕਿਤੇ ਸੱਟ-ਫੇਟ ਨਾ ਲੱਗ ਜਾਵੇ। ਮਾਪਿਆਂ ਲਈ ਜੋ ਕਿ ਇਕ ਹੱਦ ਤਕ ਅਜਿਹਾ ਸੋਚਣਾ ਤੇ ਡਰਨਾ ਜਾਇਜ਼ ਵੀ ਹੈ, ਪ੍ਰੰਤੂ ਤਰਤੀਬਵਾਰ ਤਜ਼ੁਰਬੇਕਾਰ ਉਸਤਾਦ ਦੀ ਨਿਗਰਾਨੀ ਹੇਠ ਸਿਖਲਾਈ ਲੈਂਦਿਆਂ ਅਜਿਹੀ ਨੌਬਤ ਕਦੇ ਨਹੀਂ ਆਉਂਦੀ। ਬੜੇ ਹੀ ਤਰੀਕੇ ਨਾਲ ਆਪਣਾ ਬਚਾਅ ਪੱਖ ਮਜ਼ਬੂਤ ਰੱਖਦੇ ਹੋਏ ਗਤਕਾ ਖੇਡ ਵਿਚ ਸੱਟ ਨਹੀਂ ਲੱਗਦੀ। ਬਾਕੀ ਹਰੇਕ ਖੇਡ ਵਿਚ ਖੇਡਦਿਆਂ ਖੇਡ ਦੌਰਾਨ ਕਦੇ ਕੋਈ ਮਾੜੀ-ਮੋਟੀ ਸੱਟ ਲੱਗ ਵੀ ਜਾਵੇ ਤਾਂ ਇਹ ਇੱਕ ਆਮ ਜਿਹੀ ਗੱਲ ਹੈ। ਜਿਵੇਂ ਕਿ ਦੌੜਦਿਆਂ ਵੀ ਕੋਈ ਡਿੱਗ ਸਕਦਾ ਹੈ, ਕ੍ਰਿਕਟ ਜਾਂ ਫੁੱਟਬਾਲ ਖੇਡਦਿਆਂ ਕੋਈ ਆਦਿ ਗੇਂਦ (Ball) ਆ ਕੇ ਵੱਜ ਸਕਦੀ ਹੈ। ਬਸ, ਇਤਨਾ ਕੁ ਹੀ ਡਰ ਗਤਕਾ ਖੇਡਣ ਵੇਲੇ ਰਹਿੰਦਾ ਹੈ। ਜਦ ਖਿਡਾਰੀ ਲਗਾਤਾਰ ਪ੍ਰੈਕਟਿਸ ((Practice) ਕਰ ਕੇ ਕਿਸੇ ਇੱਕ ਖੇਡ ਜਾਂ ਸ਼ਸਤਰ ਵਿਚ ਨਿਪੁੰਨਤਾ ਹਾਸਲ ਕਰ ਲੈਂਦਾ ਹੈ ਤਾਂ ਇਹ ਡਰ ਵੀ ਖ਼ਤਮ ਜਾਂਦਾ ਹੈ?

ਸਕੂਲ, ਅਕੈਡਮੀ ਜਾਂ ਅਖਾੜੇ ਦੀ ਚੋਣ:

ਵਿਦਿਆਰਥੀ ਲਈ ਜਾਂ ਆਪਣੇ ਬੱਚੇ ਲਈ ਮਾਰਸ਼ਲ ਆਰਟ ਗਤਕੇ ਦੀ ਕਲਾਸ ਵਿਚ ਭੇਜਣ ਤੋਂ ਪਹਿਲਾਂ ਉਸ ਲਈ ਸਹੀ ਸਕੂਲ, ਅਖਾੜੇ ਅਕੈਡਮੀ ਆਦਿ ਦੀ ਚੋਣ ਕਰਨਾ ਮਹੱਤਵਪੂਰਨ ਹੁੰਦਾ ਹੈ। ਸਿਖਿਆਰਥੀ (ਬੱਚੇ) ਨੂੰ ਗਤਕੇ ਦੀ ਜਿਸ ਅਕੈਡਮੀ ਜਾਂ ਕਲਾਸ ਵਿਚ ਦਾਖ਼ਲਾ ਕਰਵਾਉਣਾ ਹੈ ਉਸ ਸੰਸਥਾ ਦੀ ਪਿੱਠ-ਭੂਮੀ ਬਾਰੇ ਜ਼ਰੂਰ ਪਤਾ ਹੋਣਾ ਜਾਂ ਪਤਾ ਕਰ ਲੈਣਾ ਚਾਹੀਦਾ ਹੈ। ਭਾਵ ਕਿ ਸਿਖਲਾਈ ਸੰਸਥਾ ਕਦੋਂ ਤੋਂ ਸਥਾਪਿਤ ਹੈ, ਕਿੰਨੀ ਕੁ ਪੁਰਾਣੀ ਹੈ, ਸਿਖਾਉਣ ਵਾਲਾ ਕਦੋਂ ਤੋਂ ਸਿਖਲਾਈ ਦੇ ਰਿਹਾ ਹੈ, ਉਸ ਦਾ ਤਜ਼ਰਬਾ ਕਿੰਨਾ ਕੁ ਹੈ, ਕੀ ਸੰਚਾਲਕ ਕੋਲ ਕਿਸੇ ਮਾਨਤਾ ਪ੍ਰਾਪਤ ਸੰਸਥਾ ਦੀ ਮਾਨਤਾ (Affliation) ਹੈ ਜਾਂ ਡਿਗਰੀ ਡਿਪਲੋਮਾ ਆਦਿ ਹੈ ਜਾਂ ਨਹੀਂ? ਉਸ ਸੰਸਥਾ ਦੇ ਸਿਖਲਾਈ ਪ੍ਰਾਪਤ ਸਿਖਿਆਰਥੀ ਕਿਸ ਪੱਧਰ (Level) ਤਕ ਖੇਡ ਕੇ ਆਏ ਹਨ, ਕਿਤੇ ਸੰਚਾਲਕ ਜਾਂ ਸਿਖਲਾਈ ਦੇਣ ਵਾਲਾ ਕਿਸੇ ਅਪਰਾਧਕ ਗਤੀਵਿਧੀਆਂ (Criminal Activity) ਵਿਚ ਸ਼ਾਮਲ ਤਾਂ ਨਹੀਂ ਹੈ? ਜੇਕਰ ਸਿਖਿਆਰਥੀ ਲੜਕੀ ਹੈ ਤਾਂ ਸੁਭਾਵਕ ਹੀ ਦੇਖਣਾ ਬਣਦਾ ਹੈ ਕਿ ਕੀ ਉਸ ਅਖਾੜੇ ਵਿਚ ਹੋਰ ਲੜਕੀਆਂ ਵੀ ਆ ਰਹੀਆਂ ਹਨ ਜਾਂ ਨਹੀਂ? ਇਸ ਤੋਂ ਇਲਾਵਾ ਸੰਸਥਾ ਦੇ ਆਲੇ-ਦੁਆਲੇ ਰਹਿੰਦੇ ਲੋਕਾਂ ਤੋਂ ਅਤੇ ਉੱਥੋਂ ਸਿਖਲਾਈ ਲੈ ਚੁੱਕੇ ਬੱਚਿਆਂ

ਤੋਂ ਜਾਂ ਉਨ੍ਹਾਂ ਦੇ ਮਾਤਾ-ਪਿਤਾ ਤੋਂ ਵੀ ਸੰਸਥਾ ਬਾਰੇ ਬਹੁਤ ਕੁਝ ਪਤਾ ਲਗਾਇਆ ਜਾ ਸਕਦਾ ਹੈ। ਇਹ ਵੀ ਧਿਆਨ ਦੇਣਾ ਬਣਦਾ ਹੈ ਕਿ ਗਤਕਾ ਕਲਾਸ ਅਕੈਡਮੀ ਜਾਂ ਅਖਾੜੇ ਦਾ ਮਾਹੌਲ ਕਿਸ ਤਰ੍ਹਾਂ ਦਾ ਹੈ। ਸਿਖਲਾਈ ਲੈ ਰਹੇ ਬੱਚਿਆਂ ਦੀ ਉਮਰ ਅਤੇ ਸਿਖਲਾਈ ਦੇਣ ਵਾਲੇ ਦੀ ਪਿੱਠ-ਭੂਮੀ ਬਾਰੇ ਅਤੇ ਉਸ ਦੇ ਵਿਸ਼ੇ ਵਿਚ ਪੂਰੀ ਜਾਣਕਾਰੀ ਹਾਸਲ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਜਾਣਕਾਰੀ ਤਸੱਲੀ ਦੇ ਨਾਲ-ਨਾਲ ਇਹ ਵਿਸ਼ਵਾਸ ਵੀ ਦਿਵਾਉਂਦੀ ਹੈ ਕਿ ਸਾਡਾ ਬੱਚਾ ਜਾਂ ਨੌਜਵਾਨ ਸਹੀ ਜਗ੍ਹਾ 'ਤੇ ਜਾ ਰਿਹਾ ਹੈ। ਧਿਆਨ ਦੇਣ ਯੋਗ ਹੈ ਕਿ ਇਹ ਖੇਡ ਬੜੀ ਸਸਤੀ ਅਤੇ ਸੁਖਾਲੀ ਹੈ। ਇਸ ਲਈ ਗਤਕੇ ਦੀ ਪ੍ਰੈਕਟਿਸ ਕਰਦਿਆਂ ਬਹੁਤ ਛੋਟੇ ਗਰਾਊਂਡ ਦੀ ਅਤੇ ਬਹੁਤ ਸਸਤੇ (Weapons) ਸ਼ਸਤਰਾਂ ਦੀ ਲੋੜ ਹੁੰਦੀ ਹੈ। ਸੋ ਇਸ ਨੂੰ ਕਿਸੇ ਵੀ ਮੁਹੱਲੇ, ਪਾਰਕ, ਗੁਰੂ-ਘਰਾਂ, ਘਰ ਦੇ ਖੁੱਲੇ ਵਿਹੜੇ ਜਾਂ ਖੁੱਲੀ ਛੱਤ 'ਤੇ, ਕੱਚੀ ਜਾਂ ਪੱਕੀ ਜਗ੍ਹਾ 'ਤੇ, ਅੰਦਰ ਜਾਂ ਬਾਹਰ ਭਾਵ ਕਿਸੇ ਵੀ ਜਗ੍ਹਾ 'ਤੇ ਅਸਾਨੀ ਨਾਲ ਖੇਡਿਆ ਜਾ ਸਕਦਾ ਹੈ। ਬਸ, ਇਹ ਧਿਆਨ ਰੱਖਣਾ ਹੈ ਕਿ ਖੇਡਣ ਵਾਲੀ ਜਗ੍ਹਾ ਸਮਤਲ ਤੇ ਸਪਾਟ ਹੋਏ ਉੱਬੜ-ਖੁੱਬੜੀ, ਉੱਚੀ-ਨੀਵੀਂ ਜਾਂ ਤਿੱਖੇ ਰੋੜੇ, ਵੱਟਿਆਂ ਨਾਲ ਭਰੀ ਪੱਥਰੀਲੀ ਜਗ੍ਹਾ ਆਦਿ ਨਾ ਹੋਏ। ਜਿਸ ਨਾਲ ਖਿਡਾਰੀ ਨੂੰ ਡਿੱਗਣ ਜਾਂ ਸੱਟ ਲੱਗਣ ਦਾ ਡਰ ਰਹਿੰਦਾ ਹੈ।

**ਸਿਖਲਾਈ ਲਈ ਸਹੀ ਉਮਰ ਕੀ ਹੋਵੇ?**

ਵੈਸੇ ਤਾਂ ਹੋਰਨਾਂ ਮਾਰਸ਼ਲ ਆਰਟਸ ਵਿਚ ਸਿਖਿਆਰਥੀ ਦੀ ਉਮਰ ਪੰਜ ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ ਅਤੇ ਇਸ ਤੋਂ ਘੱਟ ਉਮਰ ਦੇ ਬੱਚੇ ਨੂੰ ਦਾਖ਼ਲ ਵੀ ਨਹੀਂ ਕਰਵਾਉਣਾ ਚਾਹੀਦਾ, ਪ੍ਰੰਤੂ ਗਤਕੇ ਦਾ ਇਤਿਹਾਸ ਗਵਾਹ ਹੈ ਕਿ ਇੱਥੇ ਨਿੱਕੇ-ਨਿੱਕੇ ਬੱਚੇ ਬਹੁਤ ਦਲੇਰੀ ਨਾਲ ਮਾਹਰ ਉਸਤਾਦਾਂ ਦੀ ਦੇਖ-ਰੇਖ ਵਿਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦੇ ਹਨ। ਇਸ ਤਰ੍ਹਾਂ ਦੇ ਕਈ ਬੱਚੇ ਗਤਕਾ ਮੁਕਾਬਲਿਆਂ, ਪ੍ਰਦਰਸ਼ਨੀਆਂ, ਸਟੇਜਾਂ ਅਤੇ ਟੀ. ਵੀ. ਮੀਡੀਆ ਆਦਿ ਵਿਚ ਆਮ ਹੀ ਖੇਡਦੇ ਦੇਖੇ ਜਾਂਦੇ ਹਨ। ਇਸ ਬਾਬਤ ਸਾਡੇ ਕੋਲ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦਿਆਂ ਦੀ ਲਾਮਿਸਾਲ ਉਦਾਹਰਨ ਹੈ। ਜਿਨ੍ਹਾਂ ਨੇ ਆਪਣੀ ਛੋਟੀ ਉਮਰ ਵਿਚ ਹੀ ਗਤਕੇ ਦੀ ਸਿਖਲਾਈ ਹਾਸਲ ਕੀਤੀ ਅਤੇ ਸਮਾਂ ਆਉਣ 'ਤੇ ਨਿੱਕੀਆਂ ਜਿੰਦਾਂ ਨੇ ਵੱਡਾ ਸਾਕਾ ਕਰ ਕੇ ਦਿਖਾਇਆ। ਉਨ੍ਹਾਂ ਦੀ ਦਲੇਰੀ, ਨਿਡਰਤਾ ਭਰੀ ਲਾਸਾਨੀ ਸ਼ਹਾਦਤ ਸਾਡੇ ਲਈ ਪ੍ਰੇਰਨਾਦਾਇਕ ਹੈ। ਅਸਲ ਵਿਚ ਇਹ ਤਾਂ ਸਿੱਖਿਆਰਥੀ ਤੇ ਉਸ ਦੇ ਮਾਪਿਆਂ ਤੇ ਮਾਹਰ ਉਸਤਾਦ 'ਤੇ ਨਿਰਭਰ ਕਰਦਾ ਹੈ ਕਿ ਉਹ ਬੱਚੇ ਨੂੰ ਠੀਕ ਤਵੱਜੋਂ ਦੇ ਕੇ ਤਰਤੀਬਵਾਰ, ਪੜਾਅਵਾਰ ਸਹੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਖਲਾਈ ਸ਼ੁਰੂ ਕਰਨ। ਬੱਚੇ ਦੀ ਸਭ ਤੋਂ ਪਹਿਲਾਂ ਸਰੀਰਿਕ ਅਭਿਆਸ (Physical Exercise) ਤੋਂ ਸ਼ੁਰੂ ਕਰਕੇ ਪੈਂਤੜਿਆਂ (Footwork) 'ਤੇ ਚੰਗੀ ਤਰ੍ਹਾਂ

ਮਿਹਨਤ ਕਰਵਾ ਕੇ ਤੇ ਛੋਟੇ-ਛੋਟੇ ਸ਼ਸਤਰਾਂ ਦੇ ਨਾਲ ਪੜਾਅਵਾਰ ਸਿਖਲਾਈ ਅਰੰਭ ਕੀਤੀ ਜਾ ਸਕਦੀ ਹੈ। ਬੱਚੇ ਨੂੰ ਦਾਖ਼ਲਾ ਕਰਵਾਉਣ ਤੋਂ ਬਾਅਦ ਗਤਕਾ ਸ਼ੁਰੂ ਕਰਵਾਉਣ ਤੋਂ ਪਹਿਲਾਂ ਸ਼ਸਤਰ ਚੁੱਕਣ ਤੋਂ ਵੀ ਪਹਿਲਾਂ ਨਿਰੰਤਰ ਕਸਰਤ (Exercise) ਕਰਵਾਓ ਜਿਵੇਂ ਕਿ: ਦੌੜਨਾ, ਬੈਠਕਾਂ ਆਦਿ ਹਰ ਮਾਸਪੇਸ਼ੀ ਦੀ ਕਸਰਤ, ਲਚਕੀਲਾਪਨ ਲਿਆਉਣ ਲਈ ਸਟ੍ਰੈਚਿੰਗ ਐਕਸਰਸਾਈਜ਼ (Streching Exercise), ਡੰਡ ਬੈਠਕਾਂ, ਆਦਿ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਬੱਚੇ ਦੀ ਨਿਯਮਤ ਖੁਰਾਕ ਦਾ ਖਿਆਲ ਰੱਖੋ। ਜਿਸ ਵਿਚ ਦੁੱਧ, ਦਹੀਂ, ਘਿਓ, ਮੱਖਣ ਆਦਿ ਤੋਂ ਇਲਾਵਾ ਗਿਰੀਆਂ, ਛੋਲੇ, ਫਲ-ਫਰੂਟ, ਕੱਚੀਆਂ ਸਬਜ਼ੀਆਂ ਆਦਿ ਖੁਰਾਕ ਵਧੀਆ ਰੱਖਣੀ ਚਾਹੀਦੀ ਹੈ। ਮਾਰਸ਼ਲ ਆਰਟ ਗਤਕਾ ਦੀ ਕਲਾਸ ਤੋਂ ਪਹਿਲਾਂ ਪੰਦਰ੍ਹਾਂ ਮਿੰਟ ਅਤੇ ਪੰਦਰ੍ਹਾਂ ਮਿੰਟ ਬਾਅਦ ਵਿਚ ਪਾਣੀ ਜਾਂ ਕਿਸੇ ਕਿਸਮ ਦਾ ਤਰਲ ਪਦਾਰਥ (Liquid) ਨਹੀਂ ਲੈਣਾ ਚਾਹੀਦਾ ਹੈ। ਸ਼ੁਰੂ-ਸ਼ੁਰੂ ਵਿਚ ਸਿਖਿਆਰਥੀ ਜਾਂ ਬੱਚੇ ਦੇ ਸਰੀਰ ਵਿਚ ਦਰਦ ਹੁੰਦੀ ਹੈ ਅਤੇ ਉਹ ਥਕਾਣ ਵੀ ਮਹਿਸੂਸ ਕਰਦਾ ਹੈ। ਹੌਲੀ-ਹੌਲੀ ਜਦੋਂ ਅਭਿਆਸ ਵੱਧਦਾ ਜਾਂਦਾ ਹੈ ਤਾਂ ਉਸ ਨੂੰ ਇਸ ਵਿਚ ਚੰਗਾ ਲੱਗਦਾ ਹੈ। ਵਧੀਆ ਖੁਰਾਕ ਹੋਣ ਨਾਲ ਬੱਚੇ ਵਿਚ ਊਰਜਾ ਦਾ ਪੱਧਰ (Energy Level) ਵਧਦਾ ਹੈ ਤੇ ਉਹ ਪਹਿਲਾਂ ਨਾਲੋਂ ਜ਼ਿਆਦਾ ਤੰਦਰੁਸਤ, ਫੁਰਤੀਲਾ ਤੇ ਹਲਕਾ ਮਹਿਸੂਸ ਕਰਦਾ ਹੈ।

**'ਗਤਕਾ' ਆਤਮ-ਰੱਖਿਆ ਵਜੋਂ (As a Self defence)**

ਮਾਰਸ਼ਲ ਆਰਟ ਯੁੱਧ ਕਲਾ ਸਿੱਖਣ ਦਾ ਮੁੱਖ ਮਕਸਦ ਆਤਮ-ਰੱਖਿਆ (Self defence) ਹੀ ਹੁੰਦਾ ਹੈ। ਹਰੇਕ ਨੂੰ ਹੀ ਆਪਣੀ ਆਤਮ-ਰੱਖਿਆ ਲਈ ਸਿੱਖਣਾ ਜ਼ਰੂਰੀ ਹੈ। ਇਸ ਦੀ ਇਸਤਰੀ ਜਾਂ ਪੁਰਸ਼ ਦੋਨਾਂ ਨੂੰ ਜ਼ਰੂਰਤ ਹੈ। ਲੜਕੀਆਂ ਨੂੰ ਤਾਂ ਖਾਸ ਤੌਰ 'ਤੇ। ਅੱਜਕਲ੍ਹ ਦੇ ਹਾਲਾਤਾਂ ਵਿਚ ਜਿੱਥੇ ਘਰ ਤੋਂ ਬਾਹਰ, ਇੱਥੋਂ ਤਕ ਕਈ ਵਾਰ ਘਰ ਅੰਦਰ ਵੀ ਇਸਤਰੀ ਨੂੰ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ, ਲੜਕੀਆਂ ਨਾਲ ਗ਼ਲੀ-ਮੁਹੱਲੇ, ਬਜ਼ਾਰਾਂ, ਸਕੂਲਾਂ-ਕਾਲਜਾਂ, ਰਾਹ-ਰਸਤੇ ਆਦਿ ਵਿਚ ਛੇੜਖਾਨੀ ਤੇ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਆਮ ਹੀ ਵਾਪਰਦੀਆਂ ਹਨ, ਉੱਥੇ ਲੜਕੀਆਂ ਨੂੰ ਸਵੈਰੱਖਿਆ (Self Defence) ਲਈ ਤਿਆਰ ਹੋਣਾ ਚਾਹੀਦਾ ਹੈ। ਆਏ ਦਿਨ ਅਖ਼ਬਾਰਾਂ ਵਿਚ ਦਾਜ-ਦਹੇਜ਼ ਪੀੜ੍ਹਤ ਇਸਤਰੀਆਂ ਨੂੰ ਅੱਗ ਲੱਗਣ ਦੀਆਂ ਖ਼ਬਰਾਂ, ਸਹੁਰੇ ਪਰਵਾਰ ਤੇ ਪਤੀ ਦੁਆਰਾ ਘਰੇਲੂ ਹਿੰਸਾ ਦਾ ਸ਼ਿਕਾਰ ਆਦਿ ਵਰਗੀਆਂ ਖ਼ਬਰਾਂ ਅਕਸਰ ਰੋਜ਼ਾਨਾ ਪੜ੍ਹਨ ਨੂੰ ਮਿਲਦੀਆਂ ਹਨ। ਜੇਕਰ ਲੜਕੀਆਂ ਗਤਕੇ ਵਿਚ ਨਿਪੁੰਨ ਹੋਣ ਤਾਂ ਅਜਿਹਾ ਨਾ ਵਾਪਰੇ। ਇਹ ਖੇਡ ਲੜਕੀਆਂ ਲਈ ਬਹੁਤ ਫਾਇਦੇਮੰਦ ਹੈ। ਮੰਨੋ ਤਾਂ ਵਰਦਾਨ ਹੈ, ਗੁਰੂ ਸਾਹਿਬ ਦੀ ਬਖ਼ਸ਼ਿਸ਼ ਹੈ। ਸਿੱਖ ਮਾਰਸ਼ਲ ਆਰਟ ਗਤਕਾ ਸਿੱਖਣ ਤੋਂ ਬਾਅਦ

ਉਹ ਆਪਣੀ ਸਵੈਰੱਖਿਆ ਖ਼ੁਦ ਆਪ ਕਰ ਸਕਦੀਆਂ ਹਨ। ਲੜਕੀਆਂ ਵਿਚ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ। ਝਿੱਜਕ, ਸ਼ਰਮੀਲਾ-ਪਣ, ਸੰਗਾਊ ਸੋਚ ਦੀ ਥਾਂ ਨਿਰਭੈਤਾ ਵਾਲੀ, ਸਿੰਘਣੀਆਂ ਵਾਲੀ, ਦਲੇਰਾਨਾ ਸੋਚ ਪੈਦਾ ਹੁੰਦੀ ਹੈ। ਪਿਤਾ ਦਸ਼ਮੇਸ਼ ਦੀਆਂ ਧੀਆਂ 'ਕੌਰ' ਰੂਪ ਵਿਚ ਜ਼ਾਲਮ ਵਿਰੁੱਧ ਡਟ ਕੇ ਖੜ ਜਾਂਦੀਆਂ ਹਨ ਅਤੇ ਸਮਾਜ ਵਿਚ ਮਾਣ-ਸਤਿਕਾਰ ਹਾਸਲ ਕਰਦੀਆਂ ਹਨ।

ਹੋਰ ਮਾਰਸ਼ਲ ਆਰਟ ਦੀਆਂ ਸ਼ੈਲੀਆਂ :

ਦੱਸਣਯੋਗ ਹੈ ਕਿ ਅੱਜਕਲ੍ਹ ਕਈ ਤਕਨੀਕਾਂ ਆਤਮ-ਰੱਖਿਆ ਲਈ ਪ੍ਰਚਲਿਤ ਹਨ ਜਿਵੇਂ: ਜੂਡੋ, ਕਰਾਟੇ, ਤਾਇਕਵਾਂਡੋ, ਕੁੰਗ ਫੂ, ਕਿੱਕ ਬਾਕਸਿੰਗ ਆਦਿ ਪ੍ਰੰਤੂ ਇਨ੍ਹਾਂ ਸਾਰਿਆਂ ਵਿਚ 'ਗਤਕਾ' ਆਪਣਾ ਇੱਕ ਨਿਵੇਕਲਾ ਸਥਾਨ ਰੱਖਦਾ ਹੈ। ਬਿਨਾਂ-ਸ਼ੱਕ ਮਾਰਸ਼ਲ ਆਰਟ ਨਾਲ ਜੁੜੀ ਹਰ ਇੱਕ ਸ਼ੈਲੀ ਆਤਮ-ਰੱਖਿਆ ਲਈ ਸਮਾਨ ਰੂਪ ਵਿਚ ਲਾਹੇਵੰਦ ਹੁੰਦੀ ਹੈ, ਪ੍ਰੰਤੂ ਗਤਕਾ ਸਿੱਖ ਇਤਿਹਾਸ ਨਾਲ ਜੁੜੀ ਜੰਗਜੂ ਸ਼ੈਲੀ ਅਤੇ ਪੰਜਾਬ ਦੀ ਅਣਖੀ ਸੱਭਿਆਚਾਰਕ ਖੇਡ ਹੋਣ ਨਾਤੇ ਸਾਨੂੰ ਜ਼ਰੂਰ ਇਸ ਨੂੰ ਤਰਜੀਹ ਦੇਣੀ ਚਾਹੀਦੀ ਹੈ, ਕਿਉਂਕਿ ਇਸ ਦੁਆਰਾ ਬੱਚਾ ਆਪਣੇ ਵਿਰਸੇ ਇਤਿਹਾਸ ਅਤੇ ਧਰਮ ਨਾਲ ਜੁੜੇਗਾ। ਜਿਸ ਤਰ੍ਹਾਂ ਜੂਡੋ ਵਿਚ ਹੱਥ-ਪੈਰ ਅਤੇ ਲੱਤਾਂ ਨੂੰ ਹਥਿਆਰਾਂ ਦੇ ਰੂਪ ਵਿਚ ਵਰਤੋਂ ਕਰ ਕੇ ਸਾਹਮਣੇ ਵਾਲੇ 'ਤੇ ਹਮਲਾ ਕਰਨਾ ਸਿਖਾਇਆ ਜਾਂਦਾ ਹੈ ਤੇ ਦੱਖਣੀ ਕੋਰੀਆ ਦੀ ਰਾਸ਼ਟਰੀ ਖੇਡ 'ਤਾਈਕਵਾਂਡੋ' ਵਿਚ ਵੀ ਹੱਥਾਂ ਪੈਰਾਂ ਨਾਲ ਹਮਲਾ ਕਰਨਾ ਸਿਖਾਇਆ ਜਾਂਦਾ ਹੈ। ਇਸੇ ਤਰ੍ਹਾਂ 'ਕੁੰਗ ਫੂ' ਜਾਪਾਨ ਦੀ ਖੇਡ ਹੈ ਅਤੇ ਚੀਨੀ 'ਕੁੰਗ ਫੂ' ਨਾਲ ਜੁੜੀ ਇਸ ਸ਼ੈਲੀ ਵਿਚ ਸਰੀਰ ਅਤੇ ਦਿਮਾਗ ਨੂੰ ਇਕੱਠੇ ਕੰਮ ਕਰਨ ਦੀ ਕਲਾ ਸਿਖਾਈ ਜਾਂਦੀ ਹੈ ਤਾਂ ਕਿ ਮੁਸੀਬਤ ਵੇਲੇ ਵਿਅਕਤੀ ਇਸ ਜ਼ਰੀਏ ਆਤਮ-ਰੱਖਿਆ ਕਰ ਸਕੇ। ਇਸੇ ਹੀ ਤਰ੍ਹਾਂ ਗਤਕਾ ਜੋ ਕਿ ਇਕ ਸੋਟੀ ਫਰੀ ਦੀ ਲੜਾਈ ਹੁੰਦੀ ਹੈ ਜਿਸ ਨੂੰ ਸਿਖਲਾਈ ਲਈ ਢਾਲ-ਕਿਰਪਾਨ ਦੀ ਜਗ੍ਹਾ ਵਰਤਿਆ ਜਾਂਦਾ ਹੈ। ਇਸ ਵਿਚ ਵੀ ਸ਼ਸਤਰਾਂ ਦੁਆਰਾ ਤੇ ਬਿਨਾਂ ਸ਼ਸਤਰਾਂ ਹੱਥਾਂ ਪੈਰਾਂ ਦੁਆਰਾ ਆਪਣੇ (ਫੁੱਟਵਰਕ) ਪੈਂਤੜਿਆਂ ਦਾ ਇਸਤੇਮਾਲ ਕਰਦਿਆਂ ਹਮਲੇ ਅਤੇ ਬਚਾਅ ਦੇ ਤਰੀਕੇ ਬਾਰੇ ਦੱਸਿਆ ਜਾਂਦਾ ਹੈ। ਭਗਤੀ ਤੇ ਸ਼ਕਤੀ ਦੇ ਸੁਮੇਲ ਨਾਲ ਸਰੀਰ, ਦਿਮਾਗ ਅਤੇ ਮਨ ਦੀ ਤਾਕਤ ਨੂੰ ਇਕੱਤਰ ਕਰ ਕੇ ਬਲ ਤੇ ਇਕਾਗਰਤਾ ਮਿਲਦੀ ਹੈ। ਜਿਸ ਤਰ੍ਹਾਂ ਅੱਜਕਲ੍ਹ ਇਸ ਤਰੀਕੇ ਨੂੰ ਮੈਡੀਟੇਸ਼ਨ (Meditation) ਕਿਹਾ ਜਾਂਦਾ ਹੈ। ਗਤਕਾ ਖਿਡਾਰੀ ਇਸ ਇਕਾਗਰਤਾ ਦੀ ਵਰਤੋਂ ਮੁਸੀਬਤ ਵੇਲੇ ਫ਼ੈਸਲੇ ਲੈਣ ਤੇ ਆਤਮ-ਰੱਖਿਆ ਲਈ ਕਰਦਾ ਹੈ। ਨਿਡਰ ਭਾਵਨਾ ਦਾ ਵਿਕਾਸ ਗੁਰਬਾਣੀ ਰਾਹੀਂ ਹੁੰਦਾ ਹੈ। ਗੁਰਬਾਣੀ ਸਾਨੂੰ ਨਿਰਭਉ ਤੇ ਨਿਰਵੈਰ ਜਿਹੇ ਗੁਣਾਂ ਦਾ ਧਾਰਨੀ ਬਣਾਉਂਦੀ ਹੈ। ਗੁਰਬਾਣੀ ਦੇ ਓਟ ਆਸਰੇ ਨਾਲ ਸਿੱਖ ਗਤਕਈ ਸਿੰਘ (ਸ਼ੇਰ)

ਰੂਪ ਵਿਚ *'ਅਜੀਤ ਹੈਂ ਅਭੀਤ ਹੈਂ'* ਵਾਲੀ ਸਥਿਤੀ ਨੂੰ ਪ੍ਰਾਪਤ ਹੁੰਦਾ ਹੈ, ਤਾਂ ਹੀ ਸਹੀ ਗਤਕੇਬਾਜ਼ ਕਦੇ ਆਪਣੀ ਸਿਖਲਾਈ ਦੀ ਦੁਰਵਰਤੋਂ ਨਹੀਂ ਕਰਦਾ ਤੇ ਭੈ-ਭਾਵਨੀ ਵਿਚ ਵਿਚਰਦਾ ਚੰਗੇ ਹੋਇਆ ਗੁਣਾਂ ਦਾ ਧਾਰਨੀ ਬਣ ਜੀਵਨ ਨਿਰਬਾਹ ਕਰਦਾ ਹੈ। ਖੁਸ਼ੀ ਦੀ ਗੱਲ ਹੈ ਕਿ ਅੱਜਕਲ੍ਹ ਗਤਕਾ ਖੇਡ ਦੀ ਵੀ ਹੋਰਨਾਂ ਖੇਡਾਂ ਵਾਂਗ ਪੰਜਾਬ ਵਿਚ ਗ੍ਰੇਡੇਸ਼ਨ ਹੋ ਚੁੱਕੀ ਹੈ। ਗਤਕੇ ਦੇ ਇੰਟਰ-ਸਕੂਲ ਮੁਕਾਬਲੇ, ਇੰਟਰ-ਕਾਲਜ ਮੁਕਾਬਲੇ, ਇੰਟਰਵਰਸਿਟੀ ਮੁਕਾਬਲੇ, ਲਗਾਤਾਰ ਕਰਵਾਏ ਜਾ ਰਹੇ ਹਨ ਤੇ ਗਤਕੇ ਦੇ ਖਿਡਾਰੀਆਂ ਨੂੰ ਹੋਰਾਂ ਖੇਡਾਂ ਵਾਂਗ ਡਿਸਟ੍ਰਿਕਟ, ਸਟੇਟ, ਨੈਸ਼ਨਲ, ਪੱਧਰ 'ਤੇ ਖੇਡਣ ਦਾ ਅਤੇ ਆਪਣੀ ਕਾਬਲੀਅਤ ਦਿਖਾਉਣ ਦਾ ਮੌਕਾ ਮਿਲ ਰਿਹਾ ਹੈ ਅਤੇ ਖਿਡਾਰੀ ਨੂੰ ਬਣਦਾ ਮਾਣ-ਸਨਮਾਨ ਵੀ ਮਿਲ ਰਿਹਾ ਹੈ। ਹੋਰਾਂ ਖੇਡਾਂ ਦੇ ਖਿਡਾਰੀਆਂ ਵਾਂਗ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ: ਫਰੀ ਪੜ੍ਹਾਈ ਆਦਿ। ਸਕੂਲ, ਕਾਲਜ ਤੇ ਯੂਨੀਵਰਸਿਟੀ ਪੱਧਰ 'ਤੇ ਗਤਕਾ ਖੇਡ ਦੇ ਖਿਡਾਰੀ ਮੁਫ਼ਤ ਪੜ੍ਹਾਈ ਕਰ ਸਕਦੇ ਹਨ। ਜੇਕਰ ਬੱਚਾ ਨੈਸ਼ਨਲ ਗਤਕਾ ਖੇਡਾਂ ਵਿਚ ਜਾਂ ਰਾਜ-ਪੱਧਰੀ ਗਤਕਾ ਖੇਡ ਮੁਕਾਬਿਲਆਂ ਵਿਚ ਪੁਜ਼ੀਸ਼ਨ ਹਾਸਲ ਕਰਦਾ ਹੈ ਤਾਂ ਉਸ ਦੇ ਬੋਰਡ ਦੀ ਕਲਾਸ ਦੇ ਨਤੀਜੇ ਮੌਕੇ ਕੁੱਲ ਅੰਕਾਂ ਵਿਚ ਕ੍ਰਮਵਾਰ ੨੫ ਅਤੇ ੧੫ ਅੰਕ ਹੋਰ ਜੁੜ ਜਾਂਦੇ ਹਨ। ਇਹ ਵੀ ਵਿਦਿਆਰਥੀਆਂ ਲਈ ਬਹੁਤ ਵੱਡਾ ਫਾਇਦਾ ਹੈ ਤੇ ਪੜ੍ਹਾਈ ਉਪਰੰਤ ਨੌਕਰੀ ਵੇਲੇ ਵੀ ਗ੍ਰੇਡੇਸ਼ਨ ਸਰਟੀਫਿਕੇਟ ਦਾ ਫਾਇਦਾ ਮਿਲ ਰਿਹਾ ਹੈ। ਹੋਰਨਾਂ ਖੇਡਾਂ ਦੇ ਖਿਡਾਰੀਆਂ ਵਾਂਗ ਗਤਕਾ ਖਿਡਾਰੀ ਨੂੰ ਵੀ ਪਹਿਲ ਦੇ ਆਧਾਰ 'ਤੇ ਸਪੋਰਟਸ ਕੋਟੇ ਵਿਚ ਰੱਖਿਆ ਜਾਂਦਾ ਹੈ। ਇਸ ਲਈ ਹੋਰਾਂ ਮਾਰਸ਼ਲ ਆਰਟਸ ਦੀ ਥਾਂ 'ਤੇ ਸਾਨੂੰ ਸਾਡੀ ਆਪਣੀ ਧਰਤੀ 'ਤੇ ਸਾਡੇ ਗੁਰੂ ਸਾਹਿਬਾਨਾਂ ਦੀ ਵਰਸੋਈ ਜੰਗਜੂ, ਕਲਾ ਗਤਕਾ ਸ਼ਸਤਰ ਵਿੱਦਿਆ ਨੂੰ ਸਿੱਖਣਾ ਚਾਹੀਦਾ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਸਿਖਾਉਣਾ ਚਾਹੀਦਾ ਹੈ। ਜੋ ਸਿੱਖਦੇ ਹਨ ਉਹ ਆਪਣੇ ਧਰਮ, ਵਿਰਸੇ ਤੇ ਸੱਭਿਆਚਾਰ ਨਾਲ ਹੋਰ ਵੀ ਨੇੜਿਓਂ ਹੋ ਜੁੜਦੇ ਹਨ, ਗੁਰਮਤਿ ਦੇ ਧਾਰਨੀ ਬਣ ਜੀਵਣ ਬਤੀਤ ਕਰਦੇ ਹਨ, ਕਿਉਂਕਿ ਗਤਕਾ ਕਲਾ ਵਿਚ ਸਾਨੂੰ ਆਪਣੀ ਵਿਰਾਸਤ ਦੀ ਝਲਕ ਪੈਂਦੀ ਹੈ। ਸਾਨੂੰ ਮਾਣ ਹੈ! ਆਪਣੀ ਸਿੱਖ ਸ਼ਸਤਰ ਵਿੱਦਿਆ ਉੱਤੇ। ਪਰਮਾਤਮਾ ਕਰੇ ਇਹ ਸਾਡੀ ਮਾਂ-ਖੇਡ ਹੋਰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇ। ■

# . . . ਤੂੰ ਅਰਦਾਸ ਕਰਿਆ ਕਰ

*-ਸ. ਸਤਿਨਾਮ ਸਿੰਘ ਕੋਮਲ**

*ਕੋਈ ਮੁਸ਼ਕਿਲ ਕੋਈ ਦੁੱਖ ਹੈ, ਤੂੰ ਬਸ ਅਰਦਾਸ ਕਰਿਆ ਕਰ।*
*ਗੁਰੂ ਅੰਗ ਸੰਗ ਸਦਾ ਤੇਰੇ, ਤੂੰ ਇਹ ਵਿਸ਼ਵਾਸ ਕਰਿਆ ਕਰ।*

*ਭੁਲਾ ਦੇਵੇ ਨਾ ਰਾਹ ਦਿਸਦਾ, ਦਿਖਾ ਦੇਵੇ ਨਾ ਭੁੱਲ ਸਕਦਾ,*
*ਫ਼ਿਕਰ ਉਸ ਨੂੰ, ਫ਼ਿਕਰ ਨਾ ਕਰ, ਤੂੰ ਬਸ ਧਰਵਾਸ ਕਰਿਆ ਕਰ।*

*ਗੁਣਾਂ ਦਾ ਧਾਰਨੀ ਬਣ ਜਾ, ਤੇ ਸਭ ਔਗੁਣ ਵਿਸਾਰੀ ਜਾ,*
*ਉਦ੍ਹੀ ਰਹਿਮਤ ਦਾ ਬਣ ਪਾਤਰ, ਤੇ ਹਉਮੈਂ ਨਾਸ ਕਰਿਆ ਕਰ।*

*ਉਹਦੀ ਤਾਂ ਪ੍ਰੇਮ ਹੀ ਬੋਲੀ, ਨਹੀਂ ਮੁਹਤਾਜ ਅੱਖਰਾਂ ਦਾ,*
*ਉਹ ਸੁਣਦਾ ਹੈ ਉਹ ਵੇਂਹਦਾ ਹੈ, ਦ੍ਰਿੜ ਵਿਸ਼ਵਾਸ ਕਰਿਆ ਕਰ।*

*ਦਿਲਾਂ ਦੀ ਜਾਣਦਾ ਸਭ ਦੀ ਤੇ ਬਿਨ ਬੋਲੇ ਸੁਣੇ ਸਭ ਦੀ,*
*ਉਹਦੀ ਬਖ਼ਸ਼ਿਸ਼ ਹੈ ਜੋ ਅੱਜ ਤੂੰ, ਕਦੇ ਅਹਿਸਾਸ ਕਰਿਆ ਕਰ।*

*ਦੀਵਾਨਾ ਦੌਲਤਾਂ ਪਿੱਛੇ, ਦਿਨੇ ਰਾਤੀ ਫਿਰੇਂ ਭੱਜਦਾ,*
*ਉਦ੍ਹੇ ਪਲ ਦੋ ਪਲਾਂ ਦਾ ਹੀ, 'ਰਿਦੇ ਵਿਚ ਵਾਸ ਕਰਿਆ ਕਰ।*

*ਵਣਜ ਕਰਦੈਂ ਮੁਨਾਫ਼ੇ ਲਈ, ਇਹ ਦੌਲਤ ਸ਼ੌਹਰਤਾਂ ਰੁਤਬੇ,*
*ਕਿਸੇ ਦੇ ਨਾਲ ਨਹੀਂ ਨਿਭਦੇ, ਨਾ ਐਸੀ ਰਾਸ ਕਰਿਆ ਕਰ।*

*ਇਹ ਆਪਣੇ ਦੀ ਬਿਗਾਨੇ ਦੀ, ਕਿਰਤ ਉਸਦੀ, ਕਰਮ ਉਸ ਦੇ,*
*ਹੋਈ ਜਾਂਦਾ ਜੋ ਹੋਵਣ ਦੇ, ਨਾ ਮਨ ਉਦਾਸ ਕਰਿਆ ਕਰ।*

*ਲਿਖੇ ਮਿਟਣੇ ਨਹੀਂ ਕੋਮਲ, ਬਿਨਾਂ ਉਸਦੀ ਹੈ ਰਹਿਮਤ ਤੋਂ,*
*ਮਿਟਾ ਹਸਤੀ, ਸ਼ਰਨ ਆਜਾ, ਤੇ ਬਸ ਅਰਦਾਸ ਕਰਿਆ ਕਰ।* ■

*#੨੪੮, ਅਰਬਨ ਅਸਟੇਟ, ਫੇਜ਼-੧, ਫੋਕਲ ਪੁਆਇੰਟ, ਲੁਧਿਆਣਾ-੧੪੧੦੧੦; ਮੋ. +੯੧੯੮੭੨੬੦੯੯੨੧*

ਖ਼ਬਰਨਾਮਾ

## ਤ੍ਰਿਪੁਰਾ ਦੇ ਮੁੱਖ ਮੰਤਰੀ ਵੱਲੋਂ ਪੰਜਾਬੀਆਂ ਲਈ ਵਰਤੀ ਅਪਮਾਨਜਨਕ ਸ਼ਬਦਾਵਲੀ ਦੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਨਿਖੇਧੀ

ਸ੍ਰੀ ਅੰਮ੍ਰਿਤਸਰ, ੨੧ ਜੁਲਾਈ : ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲਬ ਕੁਮਾਰ ਦੇਬ ਵੱਲੋਂ ਪੰਜਾਬੀਆਂ ਲਈ ਕੀਤੀ ਗਈ ਅਪਮਾਨਜਨਕ ਸ਼ਬਦਾਵਲੀ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਬਿਪਲਬ ਦੇਬ ਨੇ ਕਿਹਾ ਸੀ ਪੰਜਾਬੀ ਅਤੇ ਜਾਟ ਕਿਸੇ ਤੋਂ ਡਰਦੇ ਨਹੀਂ ਹਨ, ਬਹੁਤ ਤਾਕਤਵਰ ਹਨ ਪਰੰਤੂ ਘੱਟ ਦਿਮਾਗ ਵਾਲੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਤ੍ਰਿਪੁਰਾ ਦੇ ਮੁੱਖ ਮੰਤਰੀ ਦੀ ਇਸ ਟਿੱਪਣੀ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਉਸ ਨੂੰ ਅਜਿਹਾ ਨਹੀਂ ਸੀ ਕਹਿਣਾ ਚਾਹੀਦਾ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਪੰਜਾਬੀ ਅਤੇ ਸਰਦਾਰ ਦੇਸ਼ ਦੀ ਇੱਜ਼ਤ ਦੇ ਰਖਵਾਲੇ ਹਨ, ਇਨ੍ਹਾਂ ਦਾ ਇਤਿਹਾਸ ਬੇਹੱਦ ਸ਼ਾਨਾਂਮੱਤਾ ਹੈ। ਉਨ੍ਹਾਂ ਕਿਹਾ ਕਿ ਇੱਕ ਸੂਬੇ ਦੇ ਮੁੱਖ ਮੰਤਰੀ ਵੱਲੋਂ ਕਿਸੇ ਭਾਈਚਾਰੇ ਵਿਰੁੱਧ ਅਪਮਾਨ ਭਰੀ ਟਿੱਪਣੀ ਕਰਨੀ ਸ਼ੋਭਾ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਪੂਰੀ ਦੁਨੀਆ ਅੰਦਰ ਆਪਣੀ ਲਿਆਕਤ ਨਾਲ ਨਾਮ ਚਮਕਾਇਆ ਹੈ। ਇਕੱਲੇ ਭਾਰਤ ਹੀ ਨਹੀਂ, ਸਗੋਂ ਸਾਰੀ ਦੁਨੀਆ ਵਿਚ ਸਿੱਖਾਂ ਦੀਆਂ ਪ੍ਰਾਪਤੀਆਂ ਬੇਸ਼ੁਮਾਰ ਹਨ। ਭਾਰਤ ਦੀ ਗੱਲ ਕਰੀਏ ਤਾਂ ਦੇਸ਼ ਦੀ ਅਜ਼ਾਦੀ ਵਿਚ ਸਿੱਖਾਂ ਦਾ ਸਭ ਤੋਂ ਵੱਡਾ ਯੋਗਦਾਨ ਰਿਹਾ। ੮੦ ਫੀਸਦੀ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ। ਦੇਸ਼ ਦੀ ਰਖਵਾਲੀ ਅਤੇ ਤਰੱਕੀ ਲਈ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਦੀ ਸਮਝ 'ਤੇ ਸੁਆਲ ਕਰਨੇ ਤ੍ਰਿਪੁਰਾ ਦੇ ਮੁੱਖ ਮੰਤਰੀ ਦੀ ਬੇਸਮਝੀ ਹੈ। ਉਸ ਨੂੰ ਸਿੱਖ ਕੌਮ ਦੇ ਇਤਿਹਾਸ ਅਤੇ ਪ੍ਰਾਪਤੀਆਂ ਨੂੰ ਸਾਹਮਣੇ ਰੱਖ ਕੇ ਹੀ ਕੋਈ ਟਿੱਪਣੀ ਕਰਨੀ ਚਾਹੀਦੀ ਹੈ।

## ਪਾਕਿਸਤਾਨ 'ਚ ੭੩ ਵਰ੍ਹਿਆਂ ਬਾਅਦ ਗੁਰਦੁਆਰਾ ਸਾਹਿਬ ਖੁੱਲ੍ਹਣ ਦਾ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ ਸਵਾਗਤ

ਸ੍ਰੀ ਅੰਮ੍ਰਿਤਸਰ, ੨੩ ਜੁਲਾਈ : ਪਾਕਿਸਤਾਨ ਦੇ ਸੂਬਾ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ 'ਚ ੭੩ ਵਰ੍ਹਿਆਂ ਬਾਅਦ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੰਗਤ ਲਈ ਖੋਲ੍ਹਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਵਾਗਤ ਕੀਤਾ ਹੈ। ਉਨ੍ਹਾਂ ਪਾਕਿਸਤਾਨ ਸਰਕਾਰ

ਦਾ ਧੰਨਵਾਦ ਕਰਦਿਆਂ ਗੁਰੂ ਨਾਨਕ ਨਾਮ ਲੇਵਾ-ਸੰਗਤ ਨੂੰ ਵਧਾਈ ਦਿੱਤੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪਾਕਿਸਤਾਨ ਅੰਦਰ ਵੱਡੀ ਗਿਣਤੀ ਵਿਚ ਗੁਰਦੁਆਰਾ ਸਾਹਿਬਾਨ ਮੌਜੂਦ ਹਨ, ਜਿਨ੍ਹਾਂ ਵਿੱਚੋਂ ਕਈ ਗੁਰੂ-ਘਰ ਦੇਸ਼ ਵੰਡ ਮਗਰੋਂ ਬੰਦ ਕਰ ਦਿੱਤੇ ਗਏ। ਸੰਗਤਾਂ ਦੀ ਮੰਗ 'ਤੇ ਗੁਰਦੁਆਰਾ ਸਾਹਿਬ ਮੁੜ ਸੰਗਤ ਅਰਪਣ ਕਰਨਾ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਦੀ ਤਰਜ਼ਮਾਨੀ ਹੈ। ਇਸ ਨਾਲ ਸੰਗਤਾਂ ਗੁਰੂ-ਘਰ ਵਿਚ ਨਤਮਸਤਕ ਹੋ ਕੇ ਆਪਣੀ ਸ਼ਰਧਾ ਪ੍ਰਗਟਾ ਸਕਣਗੀਆਂ।

## ਭਾਈ ਰਜਿੰਦਰ ਸਿੰਘ ਮਹਿਤਾ ਦੀ ਅਗਵਾਈ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਪੁਲਿਸ ਕਮਿਸ਼ਨਰ ਨੂੰ ਸੌਂਪੇ ਮੰਗ-ਪੱਤਰ

## ਸ਼ਰਾਬ ਮਾਫ਼ੀਏ ਅਤੇ ਵੀਰਪਾਲ ਕੌਰ ਇੰਸਾ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਕੀਤੀ ਮੰਗ

ਸ੍ਰੀ ਅੰਮ੍ਰਿਤਸਰ, ੪ ਅਗਸਤ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ (ਗਿੱਲ) ਨੂੰ ਦਿੱਤੇ ਗਏ ਇਕ ਮੰਗ-ਪੱਤਰ ਵਿਚ ਨਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਵਫ਼ਦ ਨੇ ਇੱਕ ਵੱਖਰੇ ਮੰਗ-ਪੱਤਰ ਰਾਹੀਂ ਬੀਤੇ ਦਿਨੀਂ ਵੀਰਪਾਲ ਕੌਰ ਇੰਸਾ ਵੱਲੋਂ ਡੇਰਾ ਸਿਰਸਾ ਮੁਖੀ ਦੀ ਤੁਲਨਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਨਾਲ ਕਰਨ 'ਤੇ ਵੀ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੇ ਮਾਮਲੇ ਵਿਚ ਬਣਦੀਆਂ ਧਰਾਵਾਂ ਤਹਿਤ ਮੁਕੱਦਮਾ ਦਰਜ ਕਰ ਕੇ ਕਾਨੂੰਨੀ ਕਾਰਵਾਈ ਕਰਨ ਦੀ ਵੀ ਅਪੀਲ ਕੀਤੀ। ਪੁਲਿਸ ਕਮਿਸ਼ਨਰ ਦੇ ਨਾਂ ਦਿੱਤੇ ਗਏ ਮੰਗ-ਪੱਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਨਜਾਇਜ਼ ਸ਼ਰਾਬ ਦਾ ਗ਼ੈਰ-ਕਾਨੂੰਨੀ ਧੰਦਾ ਕਰਨ ਵਾਲੇ ਲੋਕ ਸਿਆਸੀ ਸ਼ਹਿ ਅਤੇ ਸਰਪ੍ਰਸਤੀ ਅਧੀਨ ਸੰਬੰਧਿਤ ਥਾਣਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਧੰਦਾ ਕਰ ਰਹੇ ਹਨ। ਇਸ ਨਾਲ ਬੀਤੇ ਦਿਨਾਂ ਵਿਚ ਅਨੇਕਾਂ ਮੌਤਾਂ ਹੋ ਚੁੱਕੀਆਂ ਹਨ, ਪਰੰਤੂ ਫਿਰ ਵੀ ਜ਼ਹਿਰੀਲੀ ਸ਼ਰਾਬ ਦਾ ਧੰਦਾ ਸਿਆਸੀ ਸ਼ਹਿ 'ਤੇ ਨਿਰੰਤਰ ਜਾਰੀ ਹੈ। ਇਸ ਚਲਨ ਵਿਰੁੱਧ ਸਖ਼ਤ ਕਾਰਵਾਈ ਕਰ ਕੇ ਦੋਸ਼ੀਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ ਜਾਣ।

ਇਸ ਦੇ ਨਾਲ ਹੀ ਇਕ ਹੋਰ ਮੰਗ-ਪੱਤਰ ਵਿਚ ਡੇਰਾ ਪ੍ਰੇਮੀ ਵੀਰਪਾਲ ਕੌਰ ਇੰਸਾ ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ

ਰਾਮ ਰਹੀਮ ਦੀ ਤੁਲਨਾ ਗੁਰੂ ਸਾਹਿਬਾਨ ਨਾਲ ਕਰਨ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਭਾਈ ਰਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਬੀਤੇ ਦਿਨੀਂ ਵੀਰਪਾਲ ਕੌਰ ਇੰਸਾ ਵੱਲੋਂ ਡੇਰਾ ਸਿਰਸਾ ਮੁਖੀ ਜੋ ਕਿ ਬਲਾਤਕਾਰ ਅਤੇ ਕਤਲ ਆਦਿ ਜਿਹੇ ਘਿਣਾਉਣੇ ਜ਼ੁਰਮਾਂ ਕਾਰਨ ਜ਼ੇਲ੍ਹ ਵਿਚ ਬੰਦ ਹੈ, ਦੀ ਤੁਲਨਾ ਗੁਰੂ ਸਾਹਿਬਾਨ ਨਾਲ ਕਰ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਉਸ ਨੇ ਜਾਣਬੁਝ ਕੇ ਅਜਿਹੀਆਂ ਘਟੀਆ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਸਮੂਹ ਵੱਲੋਂ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੂੰ ਮੰਗ-ਪੱਤਰ ਦੇ ਕੇ ਡੇਰਾ ਪ੍ਰੇਮਣ ਵਿਰੁੱਧ ਬਣਦੇ ਜ਼ੁਰਮਾਂ ਤਹਿਤ ਮੁਕੱਦਮਾ ਦਰਜ ਕਰ ਕੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਸਮੁੱਚੀ ਮਾਨਵਤਾ ਦੇ ਰਾਹ-ਦਸੇਰਾ ਹਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨੀਵਾਂ ਦਿਖਾਉਣ ਵਾਲੀ ਡੇਰਾ ਪ੍ਰੇਮਣ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਪੁਲਿਸ ਕਮਿਸ਼ਨਰ ਨੂੰ ਮੰਗ-ਪੱਤਰ ਦੇਣ ਮੌਕੇ ਭਾਈ ਮਹਿਤਾ ਤੋਂ ਇਲਾਵਾ ਜਥੇਦਾਰ ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਹਰਜਾਪ ਸਿੰਘ ਸੁਲਤਾਨਵਿੰਡ (ਸਾਰੇ ਮੈਂਬਰ ਸ਼੍ਰੋਮਣੀ ਕਮੇਟੀ) ਅਤੇ ਸ. ਦਿਲਰਾਜ ਸਿੰਘ ਆਦਿ ਮੌਜੂਦ ਸਨ।

## ਮੱਧ ਪ੍ਰਦੇਸ਼ ਸਰਕਾਰ ਦੋਸ਼ੀ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ-ਭਾਈ ਗੋਬਿੰਦ ਸਿੰਘ ਲੌਂਗੋਵਾਲ

ਸ੍ਰੀ ਅੰਮ੍ਰਿਤਸਰ, ੭ ਅਗਸਤ : ਮੱਧ ਪ੍ਰਦੇਸ਼ ਦੇ ਪਿੰਡ ਪਲਸੂਦ ਜ਼ਿਲ੍ਹਾ ਬੜਵਾਨੀ ਵਿਖੇ ਗ੍ਰੰਥੀ ਪ੍ਰੇਮ ਸਿੰਘ ਖ਼ਾਲਸਾ ਦੀ ਪੁਲਿਸ ਮੁਲਾਜ਼ਮਾਂ ਵੱਲੋਂ ਸ਼ਰ-ਏ-ਆਮ ਕੀਤੀ ਗਈ ਮਾਰ-ਕੁਟਾਈ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਕ ਗੁਰਸਿੱਖ ਨਾਲ ਦੁਰਵਿਹਾਰ ਅਤੇ ਕੇਸਾਂ ਦੀ ਤੌਹੀਨ ਨਾ ਬਰਦਾਸ਼ਤਯੋਗ ਹੈ। ਇਸ ਲਈ ਸੰਬੰਧਿਤ ਪੁਲਿਸ ਮੁਲਾਜ਼ਮਾਂ ਖਿਲਾਫ਼ ਕਰੜੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਜਿੱਥੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ, ਉੱਥੇ ਹੀ ਮਨੁੱਖਤਾ ਨੂੰ ਵੀ ਸ਼ਰਮਸਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਗ਼ਲਤੀ ਵੀ ਕੀਤੀ ਹੈ ਤਾਂ ਉਸ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾ ਸਕਦੀ ਹੈ, ਪਰ ਦੁੱਖ ਦੀ ਗੱਲ ਹੈ ਕਿ ਕਾਨੂੰਨ ਦੇ ਰੱਖਵਾਲੇ ਹੀ ਸ਼ਰ-ਏ-ਆਮ ਕਾਨੂੰਨ ਆਪਣੇ ਹੱਥਾਂ ਵਿਚ ਲੈ ਰਹੇ ਹਨ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਪਾਸੋਂ ਮੰਗ ਕੀਤੀ ਕਿ ਸਿੱਖ ਭਾਵਨਾਵਾਂ ਦੀ ਤਰਜ਼ਮਾਨੀ ਕਰਦਿਆਂ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਕਾਨੂੰਨ ਅਨੁਸਾਰ ਕਰੜੀ ਸਜ਼ਾ ਦੇ ਕੇ ਪੀੜਤਾਂ ਨੂੰ ਇਨਸਾਫ਼ ਦਿਵਾਇਆ ਜਾਵੇ।

# ਸਿਹਤ-ਕਾਮੇ ਸ. ਮਸਤਾਨ ਸਿੰਘ ਦੇ ਕੇਸਾਂ ਤੇ ਦਸਤਾਰ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਮਿਲੇ ਸਖ਼ਤ ਸਜ਼ਾ -ਭਾਈ ਗੋਬਿੰਦ ਸਿੰਘ ਲੌਂਗੋਵਾਲ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਜਾਣਿਆ ਪੀੜਤ ਦਾ ਹਾਲ

ਸ੍ਰੀ ਅੰਮ੍ਰਿਤਸਰ, ੧੯ ਅਗਸਤ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਲੁਧਿਆਣਾ ਜ਼ਿਲ੍ਹੇ 'ਚ ਪੀ.ਐਚ.ਸੀ. ਮਲੌਦ ਦੇ ਸਿਹਤ-ਕਾਮੇ ਸ. ਮਸਤਾਨ ਸਿੰਘ ਦੀ ਸਥਾਨਕ ਇਕ ਡੇਰੇ ਵਿਚ ਕੁਝ ਲੋਕਾਂ ਵੱਲੋਂ ਕੁੱਟਮਾਰ ਕਰਨ, ਉਸ ਦੀ ਦਸਤਾਰ ਉਤਾਰਨ ਅਤੇ ਕੇਸਾਂ ਦੀ ਤੌਹੀਨ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਕ ਸਿੱਖ ਦੀ ਦਸਤਾਰ ਅਤੇ ਕੇਸਾਂ ਦੀ ਬੇਅਦਬੀ ਬਰਦਾਸ਼ਤਯੋਗ ਨਹੀਂ ਹੈ। ਇਸ ਘਟਨਾਂ ਦੇ ਸਾਰੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਭਾਵੇਂ ਕੁਝ ਦੋਸ਼ੀ ਗ੍ਰਿਫ਼ਤਾਰ ਕਰ ਲਏ ਗਏ ਹਨ, ਪਰੰਤੂ ਅਜੇ ਵੀ ਕਈ ਲੋਕ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਉਨ੍ਹਾਂ ਕਿਹਾ ਕਿ ਹਰ ਦੋਸ਼ੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਬਣਦੀਆਂ ਧਰਾਵਾਂ ਤਹਿਤ ਕਾਰਵਾਈ ਹੋਵੇ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਕੋਵਿਡ-੧੯ ਦੌਰਾਨ ਮੂਹਰਲੀ ਕਤਾਰ ਵਿਚ ਡਿਊਟੀ ਨਿਭਾਉਣ ਵਾਲੇ ਕਰਮਚਾਰੀਆਂ ਨਾਲ ਅਜਿਹਾ ਦੁਰਵਿਹਾਰ ਅਨੈਤਿਕ ਹੋਣ ਦੇ ਨਾਲ-ਨਾਲ ਪ੍ਰਸ਼ਾਸਨ ਲਈ ਵੀ ਵੱਡਾ ਸਵਾਲ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸੰਕਟ ਦੌਰਾਨ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਸਿਹਤ ਵਿਭਾਗ ਦੇ ਕਰਮਚਾਰੀ ਸੇਵਾ ਨਿਭਾ ਰਹੇ ਹਨ, ਪਰੰਤੂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨਾਲ ਉਨ੍ਹਾਂ ਦਾ ਮਨੋਬਲ ਕਾਇਮ ਨਹੀਂ ਰਹਿ ਸਕੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਹੈਲਥ ਵਰਕਰ ਸ. ਮਸਤਾਨ ਸਿੰਘ ਨਾਲ ਬਦਸਲੂਕੀ ਕਰਨ ਵਾਲੇ ਲੋਕਾਂ 'ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਾਮਲੇ ਵਿਚ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ, ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹਾ ਕਰਨ ਦੀ ਹਿੰਮਤ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਦੋਸ਼ੀ ਕਿਸੇ ਵੀ ਤਰ੍ਹਾਂ ਬਖਸ਼ੇ ਨਹੀਂ ਜਾਣੇ ਚਾਹੀਦੇ ਅਤੇ ਪੀੜਤ ਨੂੰ ਮੁਕੰਮਲ ਨਿਆਂ ਮਿਲਣਾ ਚਾਹੀਦਾ ਹੈ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਡੇਹਲੋਂ ਹਸਪਤਾਲ ਵਿਖੇ ਜੇਰੇ ਇਲਾਜ ਪੀੜਤ ਸਿਹਤ-ਕਾਮੇ ਸ. ਮਸਤਾਨ ਸਿੰਘ ਦਾ ਹਾਲ ਜਾਣਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਭੇਜੇ ਗਏ ਇਸ ਵਫਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ

(ਗਰੇਵਾਲ), ਸ. ਹਰਪਾਲ ਸਿੰਘ ਜੱਲ੍ਹਾ ਤੇ ਭਾਈ ਚਰਨ ਸਿੰਘ ਆਲਮਗੀਰ ਸ਼ਾਮਲ ਸਨ। ਭਾਈ ਗੁਰਚਰਨ ਸਿੰਘ (ਗਰੇਵਾਲ) ਨੇ ਦੱਸਿਆ ਕਿ ਹੈਲਥ ਵਰਕਰ ਸ. ਮਸਤਾਨ ਸਿੰਘ ਭਾਰੀ ਸਦਮੇ ਵਿਚ ਹਨ ਅਤੇ ਉਸ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਪੀੜਤ ਸਿੱਖ ਨੂੰ ਜਿਸ ਤਰ੍ਹਾਂ ਦੀ ਵੀ ਮਦਦ ਦੀ ਲੋੜ ਹੋਵੇਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਖੜੇਗੀ। ਉਨ੍ਹਾਂ ਕਿਹਾ ਕਿ ਸਿੱਖ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਅਤੇ ਪੀੜਤ ਨੂੰ ਇਨਸਾਫ਼ ਲਈ ਕੋਈ ਕਸਰ ਨਹੀਂ ਛੱਡੇਗੀ।

## ਭਾਈ ਰਜਿੰਦਰ ਸਿੰਘ ਮਹਿਤਾ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਟਾਈਟਲਰ ਦਾ ਜਨਮ ਦਿਨ ਮਨਾਉਣ ਦੀ ਕੀਤੀ ਨਿਖੇਧੀ

## ਕਿਹਾ, ਕਾਂਗਰਸ ਹਮੇਸ਼ਾ ਹੀ ਸਿੱਖਾਂ ਦੇ ਕਾਤਲਾਂ ਦੀ ਕਰਦੀ ਰਹੀ ਪੁਸ਼ਤਪਨਾਹੀ

ਸ੍ਰੀ ਅੰਮ੍ਰਿਤਸਰ, ੧੭ ਅਗਸਤ : ਦਿੱਲੀ ਸਿੱਖ ਕਤਲ-ਏ-ਆਮ ਦੇ ਮੁੱਖ ਦੋਸ਼ੀ ਜਗਦੀਸ਼ ਟਾਈਟਲਰ ਦਾ ਕਰਮਜੀਤ ਗਿੱਲ ਵੱਲੋਂ ਅੰਮ੍ਰਿਤਸਰ ਵਿਖੇ ਜਨਮ ਦਿਨ ਮਨਾਉਣਾ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਇਕ ਡੂੰਘੀ ਚਾਲ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਭਿੱਟੇਵਡ ਅਤੇ ਸ. ਹਰਜਾਪ ਸਿੰਘ ਸੁਲਤਾਨਵਿੰਡ ਨੇ ਇਕ ਸਾਂਝੇ ਬਿਆਨ ਰਾਹੀਂ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਨ੍ਹਾਂ ਅਹੁਦੇਦਾਰਾਂ ਨੇ ਪੰਜਾਬ ਦੀ ਮੌਜੂਦਾ ਕਾਂਗਰਸ ਸਰਕਾਰ ’ਤੇ ਇਲਜ਼ਾਮ ਲਗਾਇਆ ਕਿ ਉਹ ਜਾਣਬੁਝ ਕੇ ਸਿੱਖ ਵਿਰੋਧੀ ਲੋਕਾਂ ਨੂੰ ਖੁੱਲ੍ਹ ਦੇ ਰਹੀ ਹੈ। ਇਸੇ ਦਾ ਹੀ ਨਤੀਜਾ ਹੈ ਕਿ ਸ੍ਰੀ ਅੰਮ੍ਰਿਤਸਰ ਵਿਖੇ ਕਰਮਜੀਤ ਗਿੱਲ ਨਾਂ ਦੇ ਵਿਅਕਤੀ ਵੱਲੋਂ ਸਿੱਖਾਂ ਦੇ ਕਾਤਲ ਜਗਦੀਸ਼ ਟਾਈਟਲਰ ਦੇ ਜਨਮ ਦਿਨ ਮੌਕੇ ਜਿੱਥੇ ਹੋਰਡਿੰਗ ਬੋਰਡ ਲਗਾਏ ਗਏ, ਉੱਥੇ ਹੀ ਸਮਾਗਮ ਰਚਾ ਕੇ ਸਿੱਖਾਂ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ। ਉਨ੍ਹਾਂ ਆਖਿਆ ਕਿ ਜਗਦੀਸ਼ ਟਾਈਟਲਰ ਨੇ ਦਿੱਲੀ ਵਿਖੇ ਹੋਏ ਸਿੱਖ ਕਤਲ-ਏ-ਆਮ ਵਿਚ ਭਾਗੀ ਹੁੰਦਿਆਂ ਬੇਦੋਸ਼ੇ ਸਿੱਖਾਂ ਨੂੰ ਮਰਵਾਇਆ। ਇਹ ਸਿੱਖ ਕੌਮ ਦੇ ਉਹ ਨਾਸੂਰ ਹਨ, ਜੋ ਕਦੇ ਭਰ ਨਹੀਂ ਸਕਦੇ। ਕਾਂਗਰਸ ਸਰਕਾਰ ਨੇ ਹਮੇਸ਼ਾ ਹੀ ਸਿੱਖਾਂ ਦੇ ਇਨ੍ਹਾਂ ਕਾਤਲ ਲੋਕਾਂ ਨੂੰ ਅਹੁਦੇਦਾਰੀਆਂ ਦੇ ਕੇ ਨਿਵਾਜਿਆ। ਹੁਣ ਪੰਜਾਬ ਵਿਚ ਕਾਂਗਰਸ ਸਰਕਾਰ ਹੁੰਦਿਆਂ ਇਕ ਵਾਰ ਫਿਰ ਸਿੱਖਾਂ ਦੇ ਕਾਤਲ ਲੋਕਾਂ ਦੇ ਜਨਮ ਦਿਨ ਮਨਾ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਤਾਰ-ਤਾਰ ਕੀਤੀਆਂ ਗਈਆਂ ਹਨ। ਅਜਿਹੇ ਵਰਤਾਰੇ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਕਿਹਾ ਕਿ ਇਸ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਤਾਂ ਜੋ ਅੱਗੇ ਤੋਂ ਕੋਈ ਅਜਿਹੀ ਹਿੰਮਤ ਨਾ ਕਰੇ। ■